Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-5, ਅੰਕ-7, ਅਗਸਤ 2015

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220

Registration No. 210836300




**ਨਰਭਿੰਦਰ**

ਭੁੱਖਮਾਰੀ ਦੀ ਜਦ 'ਚ ਹੈ,
ਜਾਂ ਦਿਆਰ ਦੇ ਸਾਏ 'ਚ ਹੈ,
ਹੁਣ ਅਹਿਲੇ ਹਿੰਦੋਸਤਾਨ,
ਤਲਵਾਰ ਦੇ ਸਾਏ 'ਚ ਹੈ।

ਇਹ ਲਾਈਨਾਂ ਇਕ ਹਿੰਦੀ ਉਰਦੂ ਕਵੀ ਨੇ ਬਹੁਤ ਪਹਿਲਾਂ ਲਿਖੀਆਂ ਸਨ। ਉਦੋਂ ਤੋਂ ਲੈ ਕੇ ਦੇਸ਼ 'ਚ ਭੁੱਖਮਰੀ ਦੀ ਸਮੱਸਿਆ ਜਿਉਂ ਦੀ ਤਿਉਂ ਚਲੀ ਆ ਰਹੀ ਹੈ। ਹਾਲਾਂਕਿ ਦੇਸ਼ 'ਚ ਹਰ ਸਾਲ 251 ਮਿਲੀਅਨ ਟਨ ਅਨਾਜ ਦੀ ਪੈਦਾਵਾਰ ਹੁੰਦੀ ਹੈ, ਪਰ ਭਾਰਤ ਵਿਚ ਹਰ ਪੰਜਵਾਂ ਵਿਅਕਤੀ ਭੁੱਖਾ ਹੈ। ਸੰਯੁਕਤ ਰਾਸ਼ਟਰ ਦੇ ਖੁਰਾਕ ਅਤੇ ਖੇਤੀ ਸੰਗਠਨ (ਐਫ. ਏ. ਓ.) ਵਲੋਂ ਮਈ ਦੇ ਆਖਰੀ ਹਫ਼ਤੇ ਜਿਹੜੀ ਰਿਪੋਰਟ ਜਾਰੀ ਕੀਤੀ ਹੈ ਉਸ ਵਿਚ ਹਰ ਚੌਥਾ ਕੁਪੋਸ਼ਤ ਵਿਅਕਤੀ ਭਾਰਤੀ ਹੈ। ਸੋ ਦੁਨੀਆ 'ਚ ਸਭ ਤੋਂ ਜ਼ਿਆਦਾ ਕੁਪੋਸ਼ਤ ਲੋਕ ਭਾਰਤ 'ਚ ਰਹਿੰਦੇ ਹਨ। ਇਹ ਰਿਪੋਰਟ ਜਿਸ ਦਾ ਨਾਂ ਗਲੋਬਲ ਹੰਗਰ ਇਨਡੈਕਸ 2014 ਹੈ ਅਤੇ ਜਿਹਨੂੰ ਦੋ ਗੈਰ ਸਰਕਾਰੀ ਸੰਗਠਨ -'ਵੇਲਟ ਹੰਗਰ ਹਿਲਫ' ਅਤੇ 'ਕਨਸਰਨਡ ਵਰਲਡ ਵਾਈਡ ਦੇ ਸਹਿਯੋਗ ਨਾਲ ਹਰ ਸਾਲ ਜਾਰੀ ਕੀਤਾ ਜਾਂਦਾ ਹੈ, ਵਿਚ ਦੱਸਿਆ ਗਿਆ ਹੈ ਕਿ ਦੁਨੀਆ 'ਚ 84 ਕਰੋੜ ਭੁੱਖਮਰੀ ਤੋਂ ਪੀੜਤ ਹਨ ਜਿਨ੍ਹਾਂ 'ਚੋਂ ਇਕ ਚੌਥਾਈ ਭਾਵ 21 ਕਰੋੜ ਭਾਰਤ ਵਿਚ ਰਹਿੰਦੇ ਹਨ। ਭਾਵ 'ਭੁੱਖਾ ਭਾਰਤ ਭੁੱਖਿਆਂ ਦਾ ਹੈ, ਸਾਈਨਿੰਗ ਇੰਡੀਆ ਮੋਦੀ ਦਾ।'

ਇਸੇ ਰਿਪੋਰਟ 'ਚ ਇਹ ਵੀ ਦੱਸਿਆ ਗਿਆ ਹੈ ਕਿ 76 ਉਭਰਦੀਆਂ ਹੋਈਆਂ ਅਰਥ ਵਿਵਸਥਾਵਾਂ (ਦੇਸ਼ਾਂ) 'ਚੋਂ ਭਾਰਤੀ ਅਰਥ ਵਿਵਸਥਾ ਦਾ ਨੰਬਰ 55 ਹੈ। ਇਹ ਰੈਕਿੰਵ ਵੀ ਗਲੋਬਲ ਹੰਗਰ ਇੰਡੈਕਸ ਵਲੋਂ ਤਿਆਰ ਕੀਤੀ ਹੈ। 2013 ਵਿਚ ਭਾਰਤ 63ਵੇਂ ਥਾਂ ਉਤੇ ਸੀ ਅਤੇ 2012 'ਚ 65 ਸਥਾਨ ਉਤੇ ਸਾਂ। ਵਿਸ਼ਵ ਭੁੱਖ ਸੂਚਕ ਅੰਕ ਦੀ ਲਿਸਟ ਵਿਚ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੇ ਵਰਗ 'ਚ ਰੱਖਿਆ ਗਿਆ ਹੈ। ਜਿਥੇ ਭੁੱਖਮਰੀ ਦਾ ਪੱਧਰ ਗੰਭੀਰ ਹਾਲਤ ਵਿਚ ਹੈ। ਇਨ੍ਹਾਂ ਵਿਚ ਮੁੱਖ ਹਨ ਯਗਾਂਡਾ, ਰਵਾਂਡਾ, ਬ੍ਰੂਡੀ ਵਰਗੇ ਉਪ ਸਹਾਰਾ ਦੇਸ਼ ਹਨ। ਸਹਾਰਾ ਰੇਗਿਸਤਾਨ ਦੇ ਅਫਰੀਕੀ ਮੁਲਕਾਂ ਤੋਂ ਬਾਹਰ ਕੁਝ ਹੀ ਦੇਸ਼ ਹਨ ਜਿਥੇ ਭੁਖਮਰੀ ਦੀ ਹਾਲਤ ਚਿੰਤਾਜਨਕ ਹੈ। ਵਿਕਾਸ ਦੇ ਮਾਮਲੇ ਨੇਪਾਲ ਅਤੇ ਚੀਨ ਤੋਂ ਤਾਂ ਪਿਛੇ ਹੈ ਹੀ। ਸ੍ਰੀਲੰਗਾ, ਇੰਡੋਨੇਸ਼ੀਆ, ਘਾਨਾ ਅਤੇ ਥਾਈਲੈਂਡ ਵਰਗੇ ਛੋਟੇ ਦੇਸ਼ ਵੀ ਭਾਰਤ ਦੇ ਮੁਕਾਬਲੇ ਕਿਤੇ ਚੰਗਾ ਪ੍ਰਦਰਸ਼ਨ ਕਰ ਰਹੇ ਹਨ। (International food paling reserch Institution) ਭਾਵ IFPRI ਜਿਹਨੂੰ ਇਫਪਰੀ ਕਿਹਾ ਜਾ ਸਕਦਾ ਹੈ, ਨੇ ਭਾਰਤ ਦੀ ਸਥਿਤੀ ਨੂੰ ਗੰਭੀਰ ਕਿਹਾ ਹੈ। ਹਾਲਾਂਕਿ ਨਵੀਂ ਸੰਘੀ ਸਰਕਾਰ ਦੇ ਮੁਖੀ ਮੋਦੀ ਆਰਥਿਕ ਅਮੀਰ ਦੀਆਂ ਟਾਹਰਾ ਲਾਉਣ 'ਚ ਸਭ ਨੂੰ ਮਾਤ ਪਾ ਰਿਹਾ ਹੈ। ਭੁਖਮਰੀ ਦੇ ਮਾਮਲੇ 'ਚ ਅਸੀਂ ਉਪ ਸਹਾਰਾ ਦੇਸ਼ਾਂ ਨਾਲ ਗਪੌੜ ਸੰਖੀ ਭਾਸ਼ਾ 'ਚ ਚੀਨ ਦੇ ਵਿਕਾਸ ਨਾਲ ਮੁਕਾਬਲਾ ਅਤੇ ਸੁਪਨੇ ਏਸ਼ੀਆ ਦੇ ਸਾਮਰਾਜੀ ਸ਼ੇਰ ਬਣਨ ਦੇ।

ਹਕੀਕਤ ਇਹ ਹੈ ਕਿ ਦੁਨੀਆ ਦੇ ਕੁੱਲ ਕੁਪੋਸ਼ਤ ਬੱਚਿਆਂ 'ਚੋਂ ਅੱਗੇ ਤਿੰਨ ਦੱਖਣੀ ਏਸ਼ੀਆਈ ਦੇਸ਼ਾਂ 'ਚ ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ 'ਚ ਰਹਿੰਦੇ ਹਨ। ਦੱਖਣੀ ਏਸ਼ੀਆਈ ਮੁਲਕਾਂ ਦੇ 50 ਫੀਸਦੀ ਤੋਂ ਜ਼ਿਆਦਾ ਬੱਚੇ ਅਫਰੀਕਾ ਦੇ 30 ਫੀਸਦੀ ਬੱਚਿਆਂ ਨਾਲੋਂ ਘੱਟ ਵਜ਼ਨ ਦੇ ਹਨ। ਹਾਲਾਂਕਿ ਅਫਰਕੀ ਦੇਸ਼ ਭਾਰਤ ਨਾਲੋਂ ਕਿਤੇ ਵਧੇਰੇ ਗਰੀਬ ਹਨ ਪਰ ਉਨ੍ਹਾਂ ਦੇ ਬੱਚਿਆਂ ਦੀ ਸਿਹਤ ਭਾਰਤ ਦੇ ਮੁਕਾਬਲੇ ਬਿਹਤਰ ਹੈ। ਗਲੋਬਲ ਹੰਗਰ ਇਨਡੈਕਸ ਵਿਸ਼ਵ ਭੁਖਮਰੀ ਦਾ ਅੰਕੜਾ ਸਾਰ ਵਿਚ ਤਿੰਨ ਪ੍ਰਮੁੱਖ ਸੰਕੇਤਕਾਂ- ਅਲਪੋਸ਼ਨ (Under Nortionment), ਘੱਟ ਵਜ਼ਨ (Underwelght) ਅਤੇ ਬਾਲ ਮੌਤ ਦੇ ਆਧਾਰ ਉਤੇ ਵੱਖ-ਵੱਖ ਦੇਸ਼ਾਂ ਦੀ ਰੈਕਿੰਗ ਤਹਿ ਕੀਤੀ ਜਾਂਦੀ। ਪਹਿਲੇ ਸੰਕੇਤ ਵਿਚ ਇਇ ਕਿ ਖੁਰਾਕ ਸਰੀਰ ਲਈ ਲੋੜੀਂਦੀਆਂ ਕਲੋਰੀਆ ਅਨੁਸਾਰ ਨਹੀਂ ਮਿਲ ਰਹੀ। ਦੂਸਰੇ ਸੰਕੇਤ ਵਿਚ 5 ਸਾਲ ਦੇ ਬੱਚਿਆਂ ਦਾ ਉਮਰ ਅਨੁਸਾਰ ਲੋੜੀਂਦਾ ਵਜ਼ਨ ਨਾ ਹੋਣਾ। ਤੀਸਰੇ 'ਚ ਇਸੇ ਵਰਗ ਦੇ ਬੱਚਿਆਂ ਵਿਚ ਮੌਤ ਦਰ। ਭਾਰਤ ਵਿਚ ਕੁੱਲ ਆਬਾਦੀ ਦਾ ਪੰਜਵਾਂ ਹਿੱਸਾ ਕੁਪੋਸ਼ਨ ਦਾ ਸ਼ਿਕਾਰ ਹੈ। ਦੇਸ਼ ਦੇ 5 ਸਾਲ ਦੀ ਉਮਰ ਵਾਲੇ 40 ਫੀਸਦੀ ਬੱਚੇ ਔਸਤਨ ਵਜ਼ਨ ਤੋਂ ਬਹੁਤ ਘੱਟ ਵਜ਼ਨ ਦੇ ਹਨ। ਬਾਲ ਮ੍ਰਿਤੂ ਦਰ ਅਜੇ ਵੀ 7 ਫੀਸਦੀ

(ਬਾਕੀ ਸਫ਼ਾ 29 'ਤੇ)



ਸਿੱਖਿਆ 'ਤੇ ਖਰਚ ਬਨਾਮ ਬੇਰੁਜ਼ਗਾਰੀ



ਯੂਨਾਨ-ਜਿਹੜੀ ਗੱਲ ਮੀਡੀਆ ਤੁਹਾਨੂੰ ਦੱਸ ਨਹੀਂ ਰਿਹਾ



ਭੌਂ-ਪ੍ਰਾਪਤੀ ਦੇ ਬੇਰਹਿਮ ਕਾਨੂੰਨ ਅਤੇ ਕਿਸਾਨਾਂ ਦੀ ਬੇਵਸੀ



ਅਮਰੀਕਾ ਅੰਦਰ ਦਰਦਨਾਉਂਦਾ ਨਸਲਵਾਦੀ ਮਾਰੂ ਦੈਂਤ

SUPER VISA INSURANCE

PUNJAB INSURANCE INC.

• Life Insurance • Mortgage Insurance
• Critical Illness Insurance • Disability Insurance
• RESP, RRSP


Sherjang Singh Rana
416.910.9000


Ravinder Singh Basra
416.845.6232

www.punjabinsurance.ca



# ਵਿਕਾਸ ਦੀਆਂ ਹਨੇਰੀਆਂ ਦਾ ਸੱਚ ਕੀ ਹੈ ?



ਗੁਰਚਰਨ ਨੂਰਪੁਰ

ਫਰਾਂਸ ਦੇ ਵਿਦਵਾਨ ਮਿਸ਼ੇਲ ਫੂਕੋ ਦਾ ਕਥਨ ਹੈ, 'ਜੋ ਕੁਝ ਅਸੀਂ ਬਣਨਾ ਚਾਹੁੰਦੇ ਸਾਂ ਅੱਜ ਉਹ ਨਹੀਂ ਹਾਂ, ਸਗੋਂ ਅਸੀਂ ਉਹ ਕੁਝ ਹਾਂ ਜੋ ਕੁਝ ਸਾਨੂੰ ਸਾਡੇ ਪਰਿਵਾਰਾਂ ਅਤੇ ਸਰਕਾਰਾਂ ਨੇ ਬਣਾ ਦਿੱਤਾ ਹੈ।' ਸ਼ਾਇਦ ਇਹੋ ਕਾਰਨ ਹੈ ਕਿ ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਲੋਕਾਂ ਦੇ ਰਹਿਣ-ਸਹਿਣ ਵਿਚ ਬਹੁਤ ਵੱਡੇ ਅੰਤਰ ਹਨ।

ਸਾਡੇ ਮੁਲਕ ਵਿਚ ਚੋਣਾਂ ਦੌਰਾਨ ਵਿਕਾਸ ਦਾ ਏਜੰਡਾ ਹਰ ਪਾਰਟੀ ਲਈ ਇਕ ਤਰ੍ਹਾਂ ਨਾਲ ਫੈਸ਼ਨ ਬਣ ਗਿਆ ਹੈ। ਹਰ ਪਾਰਟੀ ਇਹ ਦਾਅਵਾ ਕਰਦੀ ਹੈ ਕਿ ਸਾਡਾ ਇਕੋ-ਇਕ ਮਨੋਰਥ ਹੈ 'ਆਮ ਆਦਮੀ ਦਾ ਵਿਕਾਸ'। ਬਹੁਤ ਸਾਰੇ ਨੇਤਾ ਜੋ ਸੱਤਾ ਵਿਚ ਹੁੰਦੇ ਹਨ, ਉਹ ਆਪਣੇ ਅਖ਼ਬਾਰੀ ਬਿਆਨਾਂ ਵਿਚ ਅਕਸਰ ਕਹਿੰਦੇ ਹਨ ਸਾਡੀ ਸਰਕਾਰ ਨੇ ਵਿਕਾਸ ਦੇ ਕੰਮਾਂ ਦੀ ਹਨੇਰੀ ਲਿਆਂਦੀ ਹੈ। ਵਿਕਾਸ ਕੀ ਹੈ ? ਕੀ ਚੋਣਾਂ ਵਾਲੇ ਸਾਲ ਦੌਰਾਨ ਥਾਂ-ਥਾਂ ਨੀਂਹ ਪੱਥਰ ਰੱਖ ਦੇਣੇ, ਫਲਾਈ ਓਵਰ, ਖੁੱਲ੍ਹੀਆਂ ਟੋਲ ਪਲਾਜ਼ਿਆਂ ਵਾਲੀਆਂ ਸੜਕਾਂ, ਵੱਡੇ-ਵੱਡੇ ਖੇਡ ਸਟੇਡੀਅਮ, ਸਰਕਾਰੀ ਪ੍ਰੋਗਰਾਮਾਂ/ਜਸ਼ਨਾਂ 'ਤੇ ਕਰੋੜਾਂ ਰੁਪਏ ਵਹਾਉਣੇ, ਸਰਕਾਰੀ ਅਦਾਰੇ ਪ੍ਰਾਈਵੇਟ ਹੱਥਾਂ ਵਿਚ ਦੇ ਕੇ ਉਨ੍ਹਾਂ ਦੀ ਚਮਕ ਦਮਕ ਵਿਖਾਉਣੀ, ਨਿੱਜੀ ਸਿੱਖਿਆ ਅਦਾਰੇ ਅਤੇ ਵੱਡੇ ਮਾਲਜ਼ ਖੁੱਲ੍ਹ ਜਾਣੇ ਆਦਿ ਹੀ ਆਮ ਲੋਕਾਂ ਦਾ ਵਿਕਾਸ ਹੈ ? ਇਸ ਤਰ੍ਹਾਂ ਦੇ ਵਿਕਾਸ ਦੀ ਆੜ ਵਿਚ ਪੂੰਜੀਵਾਦੀ ਤਾਕਤਾਂ ਲੋਕਾਂ ਦੀਆਂ ਲੋੜਾਂ 'ਤੇ ਕਾਬਜ਼ ਹੁੰਦੀਆਂ ਹਨ, ਆਪਣੇ ਲਈ ਵੱਡੇ ਮੁਨਾਫ਼ੇ ਕਮਾਉਂਦੀਆਂ ਹਨ ਅਤੇ ਆਮ ਲੋਕ ਇਸ ਸਾਰੇ ਵਰਤਾਰੇ ਵਿਚ ਹੋਰ ਨਪੀੜੇ ਜਾਂਦੇ ਹਨ। ਜੇਕਰ ਅਜਿਹੀਆਂ ਤਰਜੀਹਾਂ ਹੀ ਵਿਕਾਸ ਦੀਆਂ ਤਰਜੀਹਾਂ ਹਨ ਤਾਂ ਕਹਿ ਸਕਦੇ ਹਾਂ ਕਿ ਇਹ ਵਿਕਾਸ ਨਹੀਂ ਬਲਕਿ ਉਸ ਦਿਸ਼ਾ ਵੱਲ ਵਧਣ ਦੀ ਪ੍ਰਕਿਰਿਆ ਹੈ ਜਿਸ ਵਿਚ ਕੋਈ ਵੀ ਸਮਾਜ ਅਜਿਹੇ ਮੋੜ 'ਤੇ ਆ ਖੜ੍ਹਦਾ ਹੈ ਜਿੱਥੇ ਅੱਗੇ ਖੂਹ ਹੁੰਦਾ ਹੈ ਤੇ ਪਿੱਛੇ ਖਾਤਾ। ਇੱਥੇ ਯੂਨਾਨ ਦੀ ਸੱਜਰੀ ਉਦਾਹਰਨ ਸਾਡੇ ਸਭ ਦੇ ਸਾਹਮਣੇ ਹੈ। ਅਸੀਂ ਭਾਰਤੀ ਲੋਕ ਸੁਪਨਿਆਂ ਦੇ ਸੌਦਾਗਰਾਂ ਦੇ ਰਹਿਮੋ-ਕਰਮ 'ਤੇ ਹਾਂ ਜੋ ਹਰ ਪੰਜ ਸਾਲ ਬਾਅਦ ਸਾਨੂੰ ਬੜੇ ਵੱਡੇ ਸੁਪਨੇ ਵੇਚਦੇ ਹਨ। 'ਅੱਛੇ ਦਿਨ' ਅਤੇ 'ਕਾਲੇ ਧਨ' ਦੇ ਬੋਰੇ ਬਾਹਰੋਂ ਮੰਗਵਾਉਣ ਅਤੇ ਹਰ ਨਾਗਰਿਕ ਦੇ ਖਾਤੇ ਭਰਨ ਵਰਗੇ ਸੁਪਨੇ ਜਨ ਸਾਧਾਰਨ ਨੂੰ ਭਰਮਾਉਣ ਵਿਚ ਬੜਾ ਵੱਡਾ ਰੋਲ ਅਦਾ ਕਰਦੇ ਹਨ। ਵਿਕਾਸ ਦੀ ਦਰ ਵਿਚ ਤੇਜ਼ੀ ਲਿਆਉਣ ਲਈ ਅਜਿਹਾ ਹੀ ਇਕ ਸੁਪਨਾ ਹੈ ਕਿ ਦੇਸ਼ ਦੇ ਸੌ ਸ਼ਹਿਰ 'ਸਮਾਰਟ ਸਿਟੀ' ਬਣਾਏ ਜਾਣਗੇ। ਦੇਸ਼ ਦੇ ਸ਼ਹਿਰ ਸਮਾਰਟ ਹੋਣ ਇਸ 'ਤੇ ਕਿਸੇ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ। ਪਰ ਕੁਝ ਕੁ ਸ਼ਹਿਰ ਹੀ ਕਿਉਂ ? ਜਦੋਂ ਸੌ ਸ਼ਹਿਰਾਂ 'ਤੇ ਸੈਂਕੜੇ ਕਰੋੜ ਖਰਚੇ ਜਾਣਗੇ ਤਾਂ ਕੀ ਬਾਕੀ ਸ਼ਹਿਰਾਂ ਦੇ ਵਿਕਾਸ ਵਿਚ ਖੜੋਤ ਨਹੀਂ ਆਵੇਗੀ ? ਕੀ ਇਹ ਅਸਾਵੇਂ ਵਿਕਾਸ ਨੂੰ ਹੋਰ ਅੱਗੇ ਵਧਾਉਣ ਦੀ ਪ੍ਰੀਕਿਰਿਆ ਨਹੀਂ ? ਆਮ ਮਨੁੱਖ ਨੂੰ ਇਹ ਸਭ ਕੁਝ ਵੇਖਣ ਨੂੰ ਵਿਕਾਸ ਲਗ ਸਕਦਾ ਹੈ ਪਰ ਹਕੀਕਤ ਕੁਝ ਹੋਰ ਹੀ ਹੁੰਦੀ ਹੈ। ਇਸ ਸਭ ਕੁਝ ਵਿਚ ਆਮ ਆਦਮੀ ਦਾ ਵਿਕਾਸ ਨਹੀਂ ਹੈ ਸਗੋਂ ਅਜਿਹੀਆਂ ਤਰਜੀਹਾਂ 'ਤੇ ਚੱਲ ਕੇ ਆਮ ਲੋਕਾਂ ਲਈ ਵਿਕਾਸ ਦਾ ਭੁਲੇਖਾ ਸਿਰਜਿਆ ਜਾਂਦਾ ਹੈ। ਜਿਵੇਂ ਵੱਡੇ ਇਸ਼ਤਿਹਾਰਾਂ, ਹੋਰਡਿੰਗ ਬੋਰਡਾਂ ਅਤੇ ਟੀ ਵੀ ਚੈਨਲਾਂ 'ਤੇ ਚਰਚਾ ਕਰਵਾ ਕੇ ਲੋਕ ਮਨਾਂ ਨੂੰ ਸੰਮੋਹਿਤ ਕੀਤਾ ਜਾਂਦਾ ਹੈ।

ਸਾਡੇ ਮੁਲਕ ਦੀ ਸਭ ਤੋਂ ਵੱਡੀ ਰਾਜਨੀਤਕ ਤ੍ਰਾਸਦੀ ਸ਼ਾਇਦ ਇਹ ਹੈ ਕਿ ਇੱਥੇ ਲੋਕ ਮੰਗਦੇ ਕੁਝ ਹੋਰ ਹਨ ਉਹਨਾਂ ਨੂੰ ਪੇਸ਼ ਕੁਝ ਹੋਰ ਕੀਤਾ ਜਾਂਦਾ ਹੈ। ਲੋਕਾਂ ਦੀਆਂ ਮੁਸ਼ਕਿਲਾਂ ਕੁਝ ਹੋਰ ਹਨ ਪਰ 'ਗੰਜਿਆਂ ਨੂੰ ਕੰਘੇ ਵੰਡਣ' ਦੇ ਮੁਹਾਵਰੇ ਅਨੁਸਾਰ ਲੋਕਾਂ ਹੱਥ ਛੁਣਛਣੇ ਕੋਈ ਹੋਰ ਫੜਾਏ ਜਾਂਦੇ ਹਨ। ਲੋਕਾਂ ਨੇ ਸ਼ਾਇਦ ਇਹ ਕਦੇ ਮੰਗ ਨਹੀਂ ਕੀਤੀ ਕਿ ਕਰੋੜਾਂ ਅਰਬਾਂ ਰੁਪਏ ਕਿਸੇ ਵੀ ਤਰ੍ਹਾਂ ਦੇ ਵਿਸ਼ਾਲ ਬੁੱਤ ਬਣਾਉਣ 'ਤੇ ਖਰਚੇ ਜਾਣ, ਲੋਕਾਂ ਦੀ ਬਹੁਗਿਣਤੀ ਨੇ ਸ਼ਾਇਦ ਇਹ ਕਦੇ ਨਹੀਂ ਮੰਗਿਆ ਕਿ ਹਰ ਸੂਬੇ ਵਿਚ ਦੋ ਜਾਂ ਤਿੰਨ-ਤਿੰਨ ਸਮਾਰਟ ਸਿਟੀ ਹੋਣ, ਇਨ੍ਹਾਂ ਤੋਂ ਬਗੈਰ ਅਸੀਂ ਬੜੀ ਮੁਸ਼ਕਿਲ ਵਿਚ ਹਾਂ। ਲੋਕ ਹਰ ਮਹਿਕਮੇ, ਜੋ ਉਨ੍ਹਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ, ਦੀ ਚੰਗੀ










ਕਾਰਗੁਜ਼ਾਰੀ ਲੋੜਦੇ ਹਨ ਪਰ ਇਸ ਦੇ ਉਲਟ ਉਨ੍ਹਾਂ ਨੂੰ ਕੁਝ ਛੋਟਾਂ ਦੇਣ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਲੋਕ ਕੰਮ ਮੰਗਦੇ ਹਨ ਪਰ ਉਨ੍ਹਾਂ ਨੂੰ ਇਕ ਰੁਪਏ ਕਿੱਲੋ ਕਣਕ ਦੇਣ ਦੀ ਖੈਰਾਤ ਪਾਈ ਜਾਂਦੀ ਹੈ। ਲੋਕ ਸ਼ਰਾਬ ਦੇ ਠੇਕੇ ਬੰਦ ਕਰਨ ਲਈ ਧਰਨੇ ਲਾਉਂਦੇ ਹਨ ਪਰ ਠੇਕੇ ਖੁੱਲ੍ਹਵਾਉਣ ਵਾਲਿਆਂ ਦੀ ਮਦਦ ਲਈ ਪੁਲਿਸ ਭੇਜੀ ਜਾਂਦੀ ਹੈ। ਨਾਲ ਹੀ ਸਰਕਾਰੀ ਖਜ਼ਾਨਿਆਂ 'ਚੋਂ ਪੈਸੇ ਨਾਲ ਪ੍ਰੋਗਰਾਮ ਕਰਵਾ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਲੋਕ ਰੁਜ਼ਗਾਰ ਮੰਗਦੇ ਹਨ ਪਰ ਰੁਜ਼ਗਾਰ ਦੀ ਬਜਾਏ ਉਨ੍ਹਾਂ ਨੂੰ ਕਰਜ਼ੇ ਦੇਣ ਦੀਆਂ ਸਕੀਮਾਂ ਪਾਸ ਹੁੰਦੀਆਂ ਹਨ। ਲੋਕ ਸਿੱਖਿਆ ਵਿਚ ਸੁਧਾਰ ਅਤੇ ਉੱਚੇਰੀ ਸਿੱਖਿਆ ਆਮ ਲੋਕਾਂ ਦੀ ਪਹੁੰਚ ਵਿਚ ਹੋਣ ਦੀ ਮੰਗ ਕਰਦੇ ਹਨ ਪਰ ਪੇਸ਼ਕਸ਼ ਉਨ੍ਹਾਂ ਨੂੰ ਹਰ ਜ਼ਿਲ੍ਹੇ ਵਿਚ ਇਕ-ਇਕ ਮਾਡਲ ਸਕੂਲ ਖੋਲ੍ਹਣ ਦੀ ਹੁੰਦੀ ਹੈ। ਪ੍ਰਦੂਸ਼ਣ ਅਤੇ ਜ਼ਹਿਰੀਲੇ ਪਦਾਰਥਾਂ ਦੀ ਵਰਤੋਂ ਕਰਕੇ ਪਾਣੀ ਪਲੀਤ ਹੋ ਗਿਆ ਹੈ ਜਿਸ ਦੀ ਸਵੱਛਤਾ ਲਈ ਲੋੜੀਂਦੇ ਸਖ਼ਤ ਕਦਮ ਚੁੱਕਣ ਦੀ ਲੋੜ ਹੈ ਪਰ ਅਜਿਹਾ ਕਰਨ ਦੀ ਬਜਾਏ ਲੋਕਾਂ ਨੂੰ ਵਾਟਰ ਫਿਲਟਰ ਦਾ ਪਾਣੀ ਮੁੱਲ ਵੇਚਿਆ ਜਾਂਦਾ ਹੈ। ਲੋੜ ਦਰਿਆਵਾਂ ਵਿਚ ਪੈਂਦੇ ਫੈਕਟਰੀਆਂ-ਕਾਰਖ਼ਾਨਿਆਂ ਦੇ ਗੰਦੇ ਪਾਣੀ ਨੂੰ ਰੋਕਣ ਦੀ ਹੁੰਦੀ ਹੈ ਪਰ ਦਿਖਾਵਾ ਇਹ ਕੀਤਾ ਜਾਂਦਾ ਹੈ ਕਿ ਇਸ ਸਾਲ ਦਰਿਆਵਾਂ ਨੂੰ ਸਾਫ਼ ਕਰਨ ਲਈ ਐਨੇ ਲੱਖ ਖਰਚੇ ਜਾ ਰਹੇ ਹਨ। ਦਰਅਸਲ ਵਿਕਾਸ ਦੀ ਇਹ ਉਹ ਤਰਜ਼ ਹੈ ਜਿਸ ਵਿਚੋਂ ਲੋਕ ਪੱਖੀ ਧੁਨਾਂ ਨਹੀਂ ਨਿਕਲਦੀਆਂ। ਇਹ ਸਭ ਕੁਝ ਨਿੱਜੀਕਰਨ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਅਤੇ ਲੋਕਾਂ ਨੂੰ ਪ੍ਰਚਾਅ ਕੇ ਰੱਖਣ ਦੀ ਉਹ ਪ੍ਰੀਕਿਰਿਆ ਹੈ ਜਿਸ ਵਿਚ ਆਮ ਲੋਕ ਬੜੀ ਤੇਜ਼ੀ ਨਾਲ ਹਾਸ਼ੀਏ 'ਤੇ ਧੱਕੇ ਜਾ ਰਹੇ ਹਨ।

ਇਸ ਬੇਢੰਗੇ ਵਿਕਾਸ ਨਾਲ ਜੋ ਸਮਾਜ ਦਾ ਨੁਕਸਾਨ ਹੋਇਆ ਹੈ, ਉਸ ਦੀ ਭਰਪਾਈ ਸ਼ਾਇਦ ਕਦੇ ਨਹੀਂ ਹੋ ਸਕਦੀ। ਵਿਕਾਸ ਦੀ ਇਸ ਹਨੇਰੀ ਵਿਚ ਬੜਾ ਕੁਝ ਗਵਾਚ ਗਿਆ ਹੈ, ਉਰਾਂਹ ਪਰਾਂਹ ਹੋ ਗਿਆ ਹੈ, ਬਿਖਰ ਗਿਆ ਹੈ, ਆਮ ਲੋਕ ਜੜਾਂ ਤੋਂ ਹਿਲ ਗਏ ਹਨ। ਆਮ ਬੰਦਾ ਜੋ ਹਰ ਰੋਜ਼ ਅਜਿਹੀਆਂ ਪ੍ਰਸਥਿਤੀਆਂ ਨੂੰ ਆਪਣੇ ਪਿੰਡੇ 'ਤੇ ਹੰਢਾਉਂਦਾ ਹੈ, ਡੌਰ-ਭੌਰ ਹੋਇਆ ਆਪਣੇ-ਆਪ ਨੂੰ ਸਵਾਲ ਕਰਦਾ ਹੈ ਕਿ ਇਹ ਵਿਕਾਸ ਦੀ ਹਨੇਰੀ ਕੀ ਬਲਾਅ ਹੋਈ ਭਲਾ? ਉਹਨੂੰ ਸਮਝ ਨਹੀਂ ਆਉਂਦੀ ਕਿ ਰੁਜ਼ਗਾਰ ਦਫ਼ਤਰ ਦੇ ਚੱਕਰ ਮਾਰਦਿਆਂ-ਮਾਰਦਿਆਂ ਉਹਦੀ ਨੌਕਰੀ ਲਈ ਲੋੜੀਂਦੀ ਉਮਰ ਕਿਵੇਂ ਲੰਘ ਗਈ? ਜਦ ਕਿ ਵਿਕਾਸ ਦੇ ਕੰਮਾਂ ਦੀ ਹਨੇਰੀ ਵਗ ਰਹੀ ਹੈ। ਜਦੋਂ ਤੇਜ਼ ਵੇਗ ਦੀਆਂ ਹਨੇਰੀਆਂ ਆਉਂਦੀਆਂ ਹਨ ਤਾਂ ਗਰੀਬਾਂ ਦੀਆਂ ਝੁੱਗੀਆਂ ਉੱਡ ਜਾਂਦੀਆਂ ਹਨ। ਕਈ ਕੱਚੇ ਘਰਾਂ ਦੀਆਂ ਛੱਤਾਂ ਵੀ ਉੱਡ ਜਾਂਦੀਆਂ ਹਨ। ਕਈ ਅਜਿਹੇ ਮਹਿਕਮੇ ਹਨ, ਜੋ ਵਿਕਾਸ ਦੀ ਹਨੇਰੀ ਵਿਚ ਛੱਤ ਵਿਹੂਣੇ ਹੋ ਗਏ ਹਨ। ਖੰਡ ਮਿੱਲਾਂ, ਬਿਜਲੀ ਬੋਰਡ, ਰੋਡਵੇਜ਼, ਨਹਿਰੀ ਵਿਭਾਗ ਆਦਿ ਕਈ ਮਹਿਕਮੇ ਹਨ ਜਿਨ੍ਹਾਂ 'ਚੋਂ ਢੱਠੇ ਮਕਾਨਾਂ ਵਾਂਗ ਬੰਦਿਆਂ ਨੂੰ ਬਾਹਰ ਤਾਂ ਕੱਢਿਆ ਜਾ ਸਕਦਾ ਹੈ ਪਰ ਇਨ੍ਹਾਂ ਦੇ ਅੰਦਰ ਕੋਈ ਨਹੀਂ ਜਾ ਸਕਦਾ। ਆਮ ਲੋਕ ਹੈਰਾਨ ਹੁੰਦੇ ਹਨ ਕਿ ਜਦੋਂ ਰੋਡਵੇਜ਼ ਵਰਗੇ ਮਹਿਕਮੇ ਵਿਚ ਭਰਤੀ ਨਹੀਂ ਹੋ ਸਕਦੀ ਇਹ ਸਰਕਾਰ ਨੂੰ ਘਾਟਾ ਪਾਉਣ ਵਾਲਾ ਮਹਿਕਮਾ ਬਣ ਗਿਆ ਹੈ ਤਾਂ ਪ੍ਰਾਈਵੇਟ ਕੰਪਨੀਆਂ ਦੀਆਂ ਬੱਸਾਂ ਸੜਕਾਂ 'ਤੇ ਕਿਵੇਂ ਹਨੇਰੀ ਵਾਂਗ ਸ਼ੂਕਦੀਆਂ ਹਨ?

ਗ਼ਲਤ ਨੀਤੀਆਂ ਦੀ ਬਦੌਲਤ ਛੋਟੇ ਕਿਸਾਨ ਜ਼ਮੀਨਾਂ ਤੋਂ ਵਿਰਵੇ ਹੋ ਗਏ ਹਨ। ਕਰਜ਼ਿਆਂ ਦੀ ਮਾਰ ਦੇ ਝੰਬੇ ਕਿਸਾਨ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਹਰ ਸੂਬੇ ਵਿਚ ਲੱਖਾਂ ਦੀ ਤਾਦਾਦ ਵਿਚ ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਹਨ। ਦੇਸ਼ ਦਾ ਕਾਨੂੰਨ ਇਹ ਕਹਿੰਦਾ ਹੈ- 'ਸਰਕਾਰਾਂ ਦਾ ਫ਼ਰਜ਼ ਬਣਦਾ ਹੈ, ਉਹ ਜਨਤਾ ਦੀਆਂ ਮੁੱਢਲੀਆਂ ਲੋੜਾਂ ਕੁੱਲੀ-ਗੁੱਲੀ-ਜੁੱਲੀ ਤੋਂ ਇਲਾਵਾ ਉਨ੍ਹਾਂ ਲਈ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ।' ਪਰ ਜਦੋਂ ਸਰਕਾਰ ਵਿਕਾਸ ਦੀ ਹਨੇਰੀ ਹੀ ਲੈ ਆਵੇ ਤਾਂ ਫਿਰ ਪਿੱਛੇ ਕੀ ਰਹਿ ਗਿਆ? ਬੇਰੁਜ਼ਗਾਰ ਫਿਰਦੇ ਨੌਜਵਾਨ ਮੁੰਡੇ-ਕੁੜੀਆਂ ਰੁਜ਼ਗਾਰ ਲਈ ਸੜਕਾਂ ਚੌਕਾਂ ਵਿਚ ਧਰਨੇ ਦਿੰਦੇ ਹਨ, ਟੈਂਕੀਆਂ 'ਤੇ ਚੜ੍ਹਦੇ ਹਨ, ਨਹਿਰਾਂ ਵਿਚ ਛਾਲਾਂ ਮਾਰ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਹਾਕਮ ਧਿਰ ਦੀ ਡਾਂਗ ਬਾਹਵਾਂ ਭੰਨੇਗੀ ਤਾਂ ਵੀ ਜਲੂਸ-ਜਲਸਿਆਂ ਵਿਚ ਜਾ ਕੇ ਰੁਜ਼ਗਾਰ ਦੀ ਮੰਗ ਕਰਦੇ ਹਨ। ਕਰਨ ਵੀ ਕਿਵੇਂ ਨਾ, ਭੁੱਖ ਨਾਲ ਮਰਨ ਨਾਲੋਂ ਤਾਂ ਇਸ ਤਰ੍ਹਾਂ ਮਰਨਾ ਬਿਹਤਰ ਹੈ। ਦੇਸ਼ ਦੀ ਜਵਾਨੀ ਧਰਨਿਆਂ ਮੁਜ਼ਾਹਰਿਆਂ ਨਾਲ ਆਪਣੇ ਹੱਕ ਮੰਗ ਰਹੀ ਹੈ, ਭੁੱਖ ਹੜਤਾਲਾਂ ਹੋ ਰਹੀਆਂ ਹਨ। ਗਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਨੇ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਨਸ਼ਿਆਂ ਦੀ ਅੱਗ ਨਾਲ ਸਾਡਾ ਸਮਾਜ ਇਕ ਤਰ੍ਹਾਂ ਨਾਲ ਬਲ ਰਿਹਾ ਹੈ। ਨੌਜਵਾਨ ਪੀੜ੍ਹੀ ਬੜੀ ਤੇਜ਼ੀ ਨਾਲ ਬਰਬਾਦ ਹੋ ਰਹੀ ਹੈ। ਸਮਾਜ ਵਿਚ ਲੁੱਟਮਾਰ, ਗੁੰਡਾਗਰਦੀ ਦੀਆਂ ਘਟਨਾਵਾਂ ਇਸ ਤਰ੍ਹਾਂ ਵਧ ਰਹੀਆਂ ਹਨ ਜਿਵੇਂ ਇਹ ਸਾਡੇ ਸਮਿਆਂ ਦਾ ਆਮ ਵਰਤਾਰਾ ਹੋ ਗਿਆ ਹੋਵੇ। ਸਮਾਜ ਵਿਚ ਲਗਾਤਾਰ ਵਾਪਰ ਰਹੀਆਂ ਘਿਨਾਉਣੀਆਂ ਘਟਨਾਵਾਂ ਨੂੰ ਸੁਣ ਕੇ ਨੌਜਵਾਨ ਬੱਚਿਆਂ ਖਾਸ ਕਰਕੇ ਲੜਕੀਆਂ ਦੇ ਮਾਪੇ ਉਨ੍ਹਾਂ ਨੂੰ ਬਾਹਰ ਭੇਜਣ ਤੋਂ ਡਰਦੇ ਹਨ। ਸਮਾਜ ਵਿਚ ਆਏ ਦਿਨ ਵਾਪਰ ਰਹੀਆਂ ਦਿਲ ਕੰਬਾਊ ਘਟਨਾਵਾਂ ਨੂੰ ਪੜ੍ਹ-ਦੇਖ ਕੇ ਆਮ ਲੋਕ ਚਿੰਤਤ ਹਨ ਕਿ ਇਸ ਦੇਸ਼ ਵਿਚ ਉਨ੍ਹਾਂ ਦੇ ਬੱਚਿਆਂ ਦੇ ਭਵਿੱਖ ਦਾ ਕੀ ਬਣੇਗਾ?

ਦੇਸ਼ ਦੇ ਕਰੋੜਾਂ ਲੋਕ, ਜੋ ਭੁੱਖ-ਨੰਗ ਗਰੀਬੀ ਦਾ ਜੀਵਨ ਜਿਊ ਰਹੇ ਹਨ, ਲਈ ਦੇਸ਼ ਦੇ ਹਾਕਮਾਂ ਕੋਲ ਕੋਈ ਪ੍ਰੋਗਰਾਮ ਨਹੀਂ ਹੈ। ਹਰ ਸਾਲ ਹੜ੍ਹਾਂ, ਭੁਚਾਲਾਂ ਵਰਗੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਦੇ ਇਹ ਲੋਕ ਕੀੜਿਆਂ ਮਕੌੜਿਆਂ ਵਾਂਗ ਮਰਦੇ ਹਨ। ਉੱਜੜਦੇ, ਵਸਦੇ ਤੇ ਫਿਰ ਉੱਜੜਦੇ ਹਨ। 67 ਸਾਲਾਂ ਤੋਂ ਇਨ੍ਹਾਂ ਦੀਆਂ ਜੀਵਨ ਹਾਲਤਾਂ ਸੁਧਾਰਨ ਦੇ ਨਾਂਅ 'ਤੇ ਰਾਜਨੀਤੀ ਹੁੰਦੀ ਆਈ ਹੈ। ਸਰਕਾਰਾਂ ਬਦਲਦੀਆਂ ਆਈਆਂ ਹਨ ਪਰ ਆਮ ਲੋਕਾਂ ਦੀ ਤਕਦੀਰ ਨਹੀਂ ਬਦਲੀ, ਸਗੋਂ ਆਮ ਲੋਕਾਂ ਦੇ ਵਿਕਾਸ ਕਰਨ ਦੇ ਨਾਅਰੇ ਲਾਉਣ ਵਾਲਿਆਂ ਨੇ ਆਪਣੀਆਂ ਜਾਇਦਾਦਾਂ ਦਾ ਬੇਤਹਾਸ਼ਾ ਵਿਕਾਸ ਕੀਤਾ ਹੈ। ਅਕਸਰ ਕਿਹਾ ਜਾਂਦਾ ਹੈ ਕਿ ਚੋਣਾਂ ਦੌਰਾਨ ਲੋਕ ਆਪਣੀ ਮਰਜ਼ੀ ਦੀ ਸਰਕਾਰ ਨਹੀਂ ਚੁਣਦੇ, ਗਰੀਬ-ਗੁਰਬੇ ਲੋਕ ਚੰਦ ਪੈਸਿਆਂ ਜਾਂ ਸ਼ਰਾਬ ਦੀ ਬੋਤਲ ਲਈ ਵਿਕ ਜਾਂਦੇ ਹਨ। ਕਸੂਰ ਲੋਕਾਂ ਦਾ ਨਹੀਂ ਬਲਕਿ ਫੂਕੋ ਦੇ ਉਪਰੋਕਤ ਕਥਨ ਅਨੁਸਾਰ ਉਨ੍ਹਾਂ ਤਾਕਤਾਂ ਦਾ ਹੈ, ਜੋ ਆਮ ਲੋਕਾਂ ਨੂੰ ਏਨੇ ਦੀਨ ਹੀਣ ਬਣਾ ਦਿੰਦੀਆਂ ਹਨ, ਕਿ ਵਿਚਾਰੇ ਰੋਟੀ ਤੋਂ ਅੱਗੇ ਕੁਝ ਵੀ ਦੇਖਣ ਦੇ ਅਸਮਰੱਥ ਹੋ ਗਏ ਹਨ। ਛੋਟੇ ਛੋਟੇ ਲਾਲਚਾਂ ਲਈ ਵਿਕਣ ਲਈ ਇਨ੍ਹਾਂ ਨੂੰ ਮਜਬੂਰ ਕਰ ਦਿੱਤਾ ਗਿਆ ਹੈ। ਦੇਸ਼ ਦੇ ਵਿਕਾਸ ਵਿਚ ਇਹ ਲੋਕ ਕਿਸੇ ਤਰ੍ਹਾਂ ਦੀ ਕੋਈ ਰੁਕਾਵਟ ਕਦੇ ਨਹੀਂ ਬਣੇ ਸਗੋਂ ਆਮ ਲੋਕਾਂ ਦੇ ਵਿਕਾਸ ਵਿਚ ਉਹ ਤਾਕਤਾਂ ਵੱਡੀ ਰੁਕਾਵਟ ਹਨ ਜੋ ਮੁਹਾਰਨੀ ਤਾਂ ਵਿਕਾਸ ਦੀ ਰਟਦੀਆਂ ਹਨ ਪਰ ਵਿਕਾਸ ਤੋਂ ਕਮਾਈਆਂ ਆਪਣੇ ਕੋੜਮੇ ਲਈ ਕਰਦੀਆਂ ਹਨ।

ਕੁਝ ਵੀ ਹੋਵੇ ਲੋਕਾਂ ਨੂੰ ਵਿਕਾਸ ਦੀਆਂ ਹਨੇਰੀਆਂ ਝੱਖੜਾਂ ਦੀ ਜ਼ਰੂਰਤ ਨਹੀਂ ਹੈ ਲੋਕ ਅਮਨ-ਚੈਨ ਚਾਹੁੰਦੇ ਹਨ, ਉਹ ਕੰਮ ਮੰਗਦੇ ਹਨ ਆਪਣੀ ਔਲਾਦ ਦਾ ਚੰਗੇਰਾ ਭਵਿੱਖ ਲੋੜਦੇ ਹਨ। ਉਹ ਨਹੀਂ ਚਾਹੁੰਦੇ ਕਿ ਉਹ ਸਰਕਾਰੀ ਦਫ਼ਤਰਾਂ ਵਿਚ ਜਾਣ ਅਤੇ ਉੱਥੇ ਉਨ੍ਹਾਂ ਦੀਆਂ ਜੇਬਾਂ ਕੱਟੀਆਂ ਜਾਂਦੀਆਂ ਰਹਿਣ। ਵਕਤੀ ਸਵਾਰਥਾਂ ਲਈ ਥਾਂ-ਥਾਂ ਰੱਖੇ ਨੀਂਹ ਪੱਥਰਾਂ ਨੂੰ ਭਾਵੇਂ ਵਿਕਾਸ ਦੀ ਹਨੇਰੀ ਕਹੀ ਜਾਓ ਜਾਂ ਕੁਝ ਹੋਰ ਪਰ ਕਿਸੇ ਖਿੱਤੇ ਦੇ ਵਿਕਾਸ ਨੂੰ ਓਨੀ ਦੇਰ ਵਿਕਾਸ ਨਹੀਂ ਕਿਹਾ ਜਾ ਸਕਦਾ, ਜਦੋਂ ਤਕ ਦੇਸ਼ ਦੇ ਹਰ ਪਰਿਵਾਰ ਦੀਆਂ ਜਿਊਣ ਹਾਲਤਾਂ ਵਿਚ ਸੁਧਾਰ ਨਾ ਹੋਵੇ।

# ਪ੍ਰਿੰਸੀਪਲ ਨੂੰ ਨਿਆਂ ਦਿਵਾਉਣ ਲਈ ਸੰਘਰਸ਼ ਜਾਰੀ, ਪ੍ਰਸ਼ਾਸਨ ਵਾਅਦੇ ਤੋਂ ਮੁੱਕਰਿਆ

ਪ੍ਰਿੰਸੀਪਲ ਦਲਜੀਤ ਸਿੰਘ ਦੀ ਕੁੱਟਮਾਰ ਕਰਨ ਵਾਲੇ ਗੁੰਡਿਆਂ ਨੂੰ ਗ੍ਰਿਫ਼ਤਾਰ ਕਰਾਉਣ ਅਤੇ ਉਸਦੀ ਨਜਾਇਜ਼ ਬਦਲੀ ਰੱਦ ਕਰਾਉਣ ਦੀਆਂ ਮੰਗਾਂ ਨੂੰ ਲੈ ਕੇ ਬਠਿੰਡਾ ਜ਼ਿਲ੍ਹੇ ਦੇ ਸਮੂਹ ਇਨਸਾਫ਼ਪਸੰਦ ਲੋਕਾਂ ਦਾ ਸੰਘਰਸ਼ ਜਾਰੀ ਹੈ। ਇਸ ਸਿਲਸਿਲੇ 'ਚ 16 ਜੂਨ ਨੂੰ ਐਕਸ਼ਨ ਕਮੇਟੀ ਦੇ ਕਨਵੀਨਰ ਦਰਸ਼ਨ ਸਿੰਘ ਬਾਜਾਖਾਨਾ ਦੀ ਅਗਵਾਈ ਹੇਠਲੇ ਵਫ਼ਦ ਅਤੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦਰਮਿਆਨ ਚੱਲੀ ਗੱਲਬਾਤ ਕਿਸੇ ਤਣ-ਪੱਤਣ ਨਾ ਲੱਗੀ। ਮਲੂਕਾ ਹੋਰ ਸਾਰੀਆਂ ਮੰਗਾਂ ਮੰਨਣ ਦੇ ਬਾਵਜੂਦ, ਪ੍ਰਿੰਸੀਪਲ ਦਲਜੀਤ ਸਿੰਘ ਨੂੰ ਮੁੜ ਪਹਿਲੇ ਸਕੂਲ 'ਚ ਨਾ ਲਿਆਉਣ 'ਤੇ ਬਜ਼ਿਦ ਸੀ। ਵਫ਼ਦ ਉਸਨੂੰ ਮੁੜ ਪਹਿਲੇ ਸਕੂਲ ਵਿਚ ਲਿਆ ਕੇ ਉਸਦਾ ਮਾਣ-ਸਨਮਾਨ ਬਹਾਲ ਕਰਨ ਲਈ ਡਟਿਆ ਰਿਹਾ। ਗੱਲਬਾਤ ਟੁੱਟਣ ਤੋਂ ਬਾਅਦ ਐਕਸ਼ਨ ਕਮੇਟੀ ਵੱਲੋਂ ਆਪਣੇ ਹੱਕੀ ਘੋਲ ਨੂੰ ਹੋਰ ਪ੍ਰਚੰਡ ਕਰਦੇ ਹੋਏ 11 ਜੂਨ ਨੂੰ ਬਠਿੰਡਾ ਵਿਖੇ ਵਿਸ਼ਾਲ ਰੋਸ-ਮੁਜ਼ਾਹਰਾ ਰੱਖਿਆ ਗਿਆ। ਇਸ ਮੁਜ਼ਾਹਰੇ ਦੀ ਤਿਆਰੀ ਮੁਹਿੰਮ ਦੌਰਾਨ ਲੋਕਾਂ ਨੂੰ ਲਾਮਬੰਦ ਕਰਨ ਲਈ ਪੂਰੇ ਚਾਰ ਦਿਨ ਭਗਤਾ ਭਾਈ ਕਾ ਵਿਚ ਘਰ-ਘਰ ਪਹੁੰਚ ਕਰਕੇ ਭਰਵੀਂ ਕਨਵੈਨਸ਼ਨ ਕੀਤੀ ਗਈ। ਭਾਈ ਰੂਪਾ ਅਤੇ ਕੋਠਾ ਗੁਰੂ ਵਿਖੇ ਕਈ-ਕਈ ਦਿਨ ਦੀ ਤਿਆਰੀ ਬਾਅਦ ਭਰਵੀਆਂ ਕਨਵੈਨਸ਼ਨਾਂ ਕੀਤੀਆਂ ਗਈਆਂ। ਕੈਬਨਿਟ ਮੰਤਰੀ ਜੱਦੀ ਪਿੰਡ ਦੇ ਘਰ-ਘਰ ਜਾ ਕੇ ਲੋਕਾਂ ਨੂੰ ਪ੍ਰਿੰਸੀਪਲ ਨਾਲ ਹੋ ਰਹੇ ਅਨਿਆਂ ਬਾਰੇ ਦੱਸਿਆ ਗਿਆ ਅਤੇ ਫਿਰ ਕਨਵੈਨਸ਼ਨ ਕੀਤੀ ਗਈ।

11 ਜੁਲਾਈ ਨੂੰ ਐਕਸ਼ਨ ਕਮੇਟੀ ਨੇ ਅਚਾਨਕ ਬਠਿੰਡਾ ਵਿਚ ਜ਼ਬਰਦਸਤ ਇਕੱਠ ਅਤੇ ਮੁਜ਼ਾਹਰਾ ਕਰਕੇ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ। ਜਿਸ ਦੇ ਦਬਾਅ ਹੇਠ ਪ੍ਰਸ਼ਾਸਨ ਨੂੰ ਪ੍ਰਿੰਸੀਪਲ ਦੀ ਬਦਲੀ ਦੁਬਾਰਾ ਭਗਤਾ ਨੇੜਲੇ ਕਿਸੇ ਪਿੰਡ ਵਿਚ ਕਰਨ, ਹਮਲੇ ਦੇ ਮੁਲਜ਼ਮਾਂ ਨੂੰ ਇਕ ਹਫ਼ਤੇ ਦੇ ਅੰਦਰ ਗ੍ਰਿਫ਼ਤਾਰ ਕਰਨ ਅਤੇ ਸੰਘਰਸ਼ਸ਼ੀਲ ਲੋਕਾਂ ਉਪਰ ਸਿਆਸੀ ਦਬਾਅ ਹੇਠ ਦਰਜ ਝੂਠੇ ਕੇਸ ਵਾਪਸ ਲੈਣ ਦੀਆਂ ਮੰਗਾਂ ਮੰਨਣ ਦਾ ਭਰੋਸਾ ਦਿਵਾਉਣਾ ਪਿਆ। ਪਰ ਆਪਣੇ ਕਿਰਦਾਰ ਅਨੁਸਾਰ ਪ੍ਰਸ਼ਾਸਨ ਅਗਲੇ ਦਿਨ ਹੀ ਮਲੂਕਾ ਦੇ ਇਸ਼ਾਰੇ 'ਤੇ ਇਸ ਵਾਅਦੇ ਤੋਂ ਮੁੱਕਰ ਗਿਆ। ਪ੍ਰਸ਼ਾਸਨ ਦੀ ਇਸ ਘਿਨਾਉਣੀ ਹਰਕਤ ਨੂੰ ਲੈ ਕੇ ਸੰਘਰਸ਼ਸ਼ੀਲ ਜਥੇਬੰਦੀਆਂ ਅਤੇ ਇਨਸਾਫ਼ਪਸੰਦ ਲੋਕਾਂ ਵਿਚ ਭਾਰੀ ਰੋਹ ਪੈਦਾ ਹੋ ਗਿਆ ਹੈ। ਐਕਸ਼ਨ ਕਮੇਟੀ ਨੇ ਫੌਰੀ ਮੀਟਿੰਗ ਕਰਕੇ ਇਸ ਵਾਅਦਾਖ਼ਿਲਾਫ਼ੀ ਦਾ ਨੋਟਿਸ ਲੈਂਦਿਆਂ ਦੁਬਾਰਾ ਸੰਘਰਸ਼ ਵਿੱਢਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਇਹ ਮਹਿਜ਼ ਇਕ ਅਧਿਆਪਕ ਦੀ ਬਦਲੀ ਦਾ ਸਵਾਲ ਨਹੀਂ ਸਗੋਂ ਭ੍ਰਿਸ਼ਟ ਰਾਜਤੰਤਰ ਦੇ ਦਸਤੂਰ ਨੂੰ ਵੰਗਾਰਕੇ ਈਮਾਨਦਾਰੀ ਨਾਲ ਕੰਮ ਕਰਨ ਵਾਲੇ ਮੁਲਾਜ਼ਮਾਂ ਦੇ ਸਵੈਮਾਣ ਦੀ ਰਾਖੀ ਅਤੇ ਲੋਕ ਹਿੱਤਾਂ ਦਾ ਸਵਾਲ ਹੈ। ਪਹਿਲਾਂ ਵੀ ਅਣਗਿਣਤ ਘੋਲਾਂ ਵਿਚ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੀ ਅਗਵਾਈ ਹੇਠ ਲੋਕਾਂ ਦੀ ਜਥੇਬੰਦ ਤਾਕਤ ਨੇ ਪੁਲਿਸ-ਗੁੰਡਾ-ਅਕਾਲੀ ਗੱਠਜੋੜ ਦਾ ਗ਼ਰੂਰ ਤੋੜਿਆ ਹੈ ਅਤੇ ਇਸ ਸੰਘਰਸ਼ 'ਚ ਵੀ ਲੋਕ ਏਕਤਾ ਦੀ ਜਿੱਤ ਹੋਵੇਗੀ ਅਤੇ ਲੋਕ ਦੁਸ਼ਮਣ ਤਾਕਤਾਂ ਦੇ ਮਨਸੂਬਿਆਂ ਨੂੰ ਮੂੰਹ ਦੀ ਖਾਣੀ ਪਵੇਗੀ।

## ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਤਰਕਸ਼ੀਲ ਸੁਸਾਇਟੀ ਪੰਜਾਬ ਰਜਿ. ਐਲਾਨ ਕਰਦੀ ਹੈ ਕਿ ਪੰਜ ਲੱਖ ਰੁਪਏ ਦਾ ਇਨਾਮ ਦੁਨੀਆ ਦੇ ਕਿਸੇ ਅਜਿਹੇ ਵਿਅਕਤੀ ਨੂੰ ਦੇਣ ਲਈ ਤਿਆਰ ਹੈ, ਜਿਹੜਾ ਧੋਖਾ-ਰਹਿਤ ਹਾਲਤਾਂ ਵਿੱਚ, ਕੋਈ ਚਮਤਕਾਰੀ ਜਾਂ ਅਲੌਕਿਕ ਸ਼ਕਤੀ ਦਾ ਵਿਖਾਵਾ ਕਰ ਸਕਦਾ ਹੋਵੇ। ਇਹ ਪੇਸ਼ਕਸ਼ ਸੁਸਾਇਟੀ ਨੂੰ ਪਹਿਲਾ ਇਨਾਮ ਜੇਤੂ ਮਿਲਣ ਤੱਕ ਖੁੱਲ੍ਹੀ ਹੋਵੇਗੀ। ਦੇਵ-ਪੁਰਸ਼, ਯੋਗੀ ਗੁਰੂ ਸਵਾਮੀ ਅਤੇ ਹੋਰ ਦੂਸਰੇ ਹੇਠ ਲਿਖੇ ਵਿੱਚੋਂ ਕਿਸੇ ਇੱਕ ਦਾ ਵਿਖਾਵਾ ਕਰਕੇ ਜਿੱਤ ਸਕਦੇ ਹਨ:

1. ਜਿਹੜਾ ਸੀਲਬੰਦ ਕਰੰਸੀ ਨੋਟ ਦੀ ਲੜੀ ਨੰਬਰ ਪੜ੍ਹ ਸਕਦਾ ਹੋਵੇ 2. ਜਿਹੜਾ ਕਿਸੇ ਕਰੰਸੀ ਨੋਟ ਦੀ ਠੀਕ ਨਕਲ ਪੈਦਾ ਕਰ ਸਕਦਾ ਹੋਵੇ, 3. ਜਿਹੜਾ ਬਲਦੀ ਹੋਈ ਅੱਗ 'ਤੇ ਅੱਧੇ ਮਿੰਟ ਲਈ ਬਿਨਾਂ ਜਲੇ ਨੰਗੇ ਪੈਰੀਂ ਖੜ੍ਹ ਸਕਦਾ ਹੋਵੇ, 4. ਅਜਿਹੀ ਵਸਤੂ ਜੋ ਅਸੀਂ ਮੰਗੀਏ, ਹਵਾ ਵਿੱਚੋਂ ਪੇਸ਼ ਕਰ ਸਕਦਾ ਹੋਵੇ, 5. ਮਨੋਵਿਗਿਆਨਕ ਸ਼ਕਤੀ ਨਾਲ ਕਿਸੇ ਵਸਤੂ ਨੂੰ ਹਿਲਾ ਦੇਵੇ ਜਾਂ ਮੋੜ ਦੇਵੇ। 6. ਟੈਲੀਪੈਥੀ ਰਾਹੀਂ ਕਿਸੇ ਦੂਸਰੇ ਵਿਅਕਤੀ ਦੇ ਵਿਚਾਰ ਪੜ੍ਹ ਕੇ ਦੱਸ ਸਕਦਾ ਹੋਵੇ, 7. ਪ੍ਰਮਾਤਮਾ ਜਾਂ ਦੈਵੀ-ਸ਼ਕਤੀ ਦੁਆਰਾ, ਗੰਗਾ ਜਲ ਨਾਲ ਜਾਂ ਪਵਿੱਤਰ ਰਾਖ ਨਾਲ ਆਪਣੇ ਸਰੀਰ ਦੇ ਅੰਗ ਨੂੰ ਇੱਕ ਇੰਚ ਵਧਾ ਸਕੇ, 8. ਜਿਹੜਾ ਯੌਗਿਕ ਸ਼ਕਤੀ ਨਾਲ ਹਵਾ ਵਿੱਚ ਉੱਡ ਸਕੇ, 9. ਯੌਗਿਕ ਸ਼ਕਤੀ ਨਾਲ ਪੰਜ ਮਿੰਟ ਲਈ ਆਪਣੀ ਨਬਜ਼ ਰੋਕ ਸਕੇ, 10. ਪਾਣੀ ਉਤੇ ਪੈਦਲ ਤੁਰ ਸਕੇ, 11 ਆਪਣਾ ਸਰੀਰ ਇੱਕ ਥਾਂ ਛੱਡ ਕੇ ਦੂਸਰੀ ਥਾਂ ਜਾ ਹਾਜ਼ਰ ਹੋਵੇ, 12. ਯੌਗਿਕ ਸ਼ਕਤੀ ਨਾਲ 30 ਮਿੰਟ ਲਈ ਸਾਹ ਕ੍ਰਿਆ ਰੋਕ ਸਕੇ, 13. ਭਗਤੀ ਜਾਂ ਇਲਾਹੀ ਸ਼ਕਤੀ ਰਾਹੀਂ ਗਿਆਨ ਹਾਸਲ ਕਰ ਸਕੇ ਅਤੇ ਰਚਨਾਤਮਕ ਬੁੱਧੀ ਦਾ ਵਿਕਾਸ ਕਰੇ, 14. ਪੁਨਰ-ਜਨਮ ਦੇ ਤੌਰ 'ਤੇ ਕੋਈ ਅਨੋਖੀ ਭਾਸ਼ਾ ਬੋਲ ਸਕੇ, 15. ਅਜਿਹੀ ਆਤਮਾ ਜਾਂ ਪ੍ਰੇਤ ਨੂੰ ਹਾਜ਼ਰ ਕਰੇ ਜਿਸਦੀ ਫੋਟੋ ਖਿੱਚੀ ਜਾ ਸਕਦੀ ਹੋਵੇ, 16. ਫੋਟੋ ਖਿੱਚ ਲੈਣ ਪਿੱਛੋਂ ਆਤਮਾ ਜਾਂ ਪ੍ਰੇਤ ਫੋਟੋ ਤੋਂ ਅਲੋਪ ਹੋ ਸਕੇ, 17. ਜ਼ਿੰਦਰਾ ਲੱਗੇ ਕਮਰੇ ਵਿੱਚੋਂ ਅਲੌਕਿਕ ਸ਼ਕਤੀ ਨਾਲ ਬਾਹਰ ਨਿਕਲ ਸਕੇ, 18. ਕਿਸੇ ਵਸਤੂ ਦਾ ਭਾਰ ਵਧਾ ਸਕੇ, 19 ਛੁਪੀ ਜਾਂ ਛੁਪਾਈ ਹੋਈ ਵਸਤੂ ਲੱਭ ਸਕੇ, 20 ਪਾਣੀ ਨੂੰ ਸ਼ਰਾਬ ਜਾਂ ਪੈਟਰੋਲ ਵਿੱਚ ਬਦਲ ਸਕੇ, 21 ਸ਼ਰਾਬ ਨੂੰ ਖ਼ੂਨ ਜਾਂ ਪੈਟਰੋਲ ਵਿੱਚ ਬਦਲ ਸਕੇ, 22. ਘਰਾਂ ਵਿੱਚ ਇੱਟਾਂ-ਰੋੜੇ ਅਤੇ ਖ਼ੂਨ ਦੇ ਛਿੱਟੇ ਆਦਿ ਡਿੱਗਣ ਜਾਂ ਕੱਪੜਿਆਂ ਨੂੰ ਅੱਗ ਲੱਗਣ ਪਿੱਛੇ ਕਿਸੇ ਗੈਬੀ ਸ਼ਕਤੀ ਦਾ ਹੱਥ ਸਿੱਧ ਕਰੇ, 23. ਕੋਈ ਜੋਤਿਸ਼ੀ ਦਾ ਹੱਥ-ਚਿੱਤਰਾਂ ਦਾ ਦਸ ਜਨਮ-ਪੱਤਰੀਆਂ ਨੂੰ ਵੇਖ ਕੇ ਆਦਮੀਆਂ ਅਤੇ ਔਰਤਾਂ ਦੀ ਵੱਖ-ਵੱਖ ਗਿਣਤੀ, ਮਰਿਆਂ ਅਤੇ ਜਿਉਂਦਿਆਂ ਦੀ ਗਿਣਤੀ ਦੱਸ ਸਕਣ ਜਾਂ ਜਨਮ ਦਾ ਠੀਕ ਸਮਾਂ ਤੇ ਸਥਾਨ ਸਮੇਤ ਅਖਸ਼ਾਸ਼ਾਂ ਤੇ ਰੇਖਾਸ਼ਾਂ ਦੇ ਦੱਸ ਸਕਣ। ਇਸ ਵਿੱਚ 5 ਪ੍ਰਤੀਸ਼ਤ ਗਲਤੀ ਮੁਆਫ ਹੋਵੇਗੀ।

### ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

1. ਜਿਹੜਾ ਆਦਮੀ ਸਾਡੀ ਇਸ ਚੁਣੌਤੀ ਨੂੰ ਕਬੂਲ ਕਰਦਾ ਹੈ, ਬੇਸ਼ੱਕ ਉਹ ਇਨਾਮ ਜਿੱਤਣਾ ਚਾਹੁੰਦਾ ਹੈ ਜਾਂ ਨਹੀਂ, ਉਸਨੂੰ ਸਾਡੇ ਕੋਲ ਜਾਂ ਸਾਡੇ ਵੱਲੋਂ ਨਾਮਜ਼ਦ ਕੀਤੇ ਹੋਏ ਆਦਮੀ ਕੋਲ ਪੰਜ ਹਜ਼ਾਰ ਰੁਪਏ ਬਤੌਰ ਜ਼ਮਾਨਤ ਜਮ੍ਹਾਂ ਕਰਵਾਉਣੇ ਪੈਣਗੇ। ਇਹ ਰਕਮ ਜਿੱਤਣ ਦੀ ਹਾਲਤ ਵਿੱਚ ਵਾਪਸ ਕਰ ਦਿੱਤੇ ਜਾਣਗੇ; 2. ਕਿਸੇ ਆਦਮੀ ਦੀ ਚੁਣੌਤੀ ਉਸੇ ਹਾਲਾਤ ਵਿੱਚ ਹੀ ਸਵੀਕਾਰ ਕੀਤੀ ਜਾਵੇਗੀ ਜਦੋਂ ਉਹ ਜ਼ਮਾਨਤ ਦੇ ਪੈਸੇ ਜਮ੍ਹਾ ਕਰਵਾ ਦੇਵੇਗਾ। ਜੇ ਉਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ, ਉਸ ਨਾਲ ਕਿਸੇ ਕਿਸਮ ਦਾ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ; 3. ਜਮਾਨਤ ਜਮ੍ਹਾ ਕਰਵਾਉਣ ਤੋਂ ਬਾਅਦ ਕਿਸੇ ਵਿਅਕਤੀ ਦੇ ਚਮਤਕਾਰ ਨੂੰ ਪਹਿਲਾਂ ਸਾਡੇ ਵੱਲੋਂ ਨਾਮਜ਼ਦ ਕੀਤਾ ਹੋਇਆ ਵਿਅਕਤੀ ਲੋਕਾਂ ਦੀ ਹਾਜ਼ਰੀ ਵਿੱਚ ਕਿਸੇ ਨੀਯਤ ਦਿਨ ਤੇ ਪਰਖੇਗਾ; 4. ਜੇਕਰ ਚੁਣੌਤੀ ਦੇਣਵਾਲਾ ਆਦਮੀ ਪਰਖ ਦਾ ਸਾਹਮਣਾ ਨਹੀਂ ਕਰ ਸਕਦਾ ਜਾਂ ਮੁੱਢਲੀ ਪਰਖ ਵਿੱਚ ਹੀ ਅਸਫਲ ਹੋ ਜਾਂਦਾ ਹੈ ਤਾਂ ਉਸਦੀ ਜ਼ਮਾਨਤ ਜ਼ਬਤ ਹੋ ਜਾਵੇਗੀ; 5. ਜੇਕਰ ਆਦਮੀ ਮੁੱਢਲੀ ਪਰਖ ਵਿੱਚ ਜਿੱਤ ਜਾਂਦਾ ਹੈ ਤਾਂ ਆਖਰੀ ਪਰਖ ਸੂਬਾ ਕਮੇਟੀ ਦੁਆਰਾ ਲੋਕਾਂ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ, 6. ਜੇਕਰ ਕੋਈ ਆਦਮੀ ਆਖਰੀ ਪਰਖ ਵਿੱਚ ਵੀ ਜਿੱਤ ਜਾਂਦਾ ਹੈ ਤਾਂ ਉਸਨੂੰ ਪੰਜ ਲੱਖ ਰੁਪਏ ਦਾ ਇਨਾਮ, ਸਮੇਤ ਜਮਾਨਤ ਦੇ ਦਿੱਤਾ ਜਾਵੇਗਾ, 7. ਸਾਰੀਆਂ ਪਰਖਾਂ, ਧੋਖਾ ਨਾ ਹੋਣ ਵਾਲੀਆਂ ਹਾਲਤਾਂ ਵਿੱਚ ਸਾਡੇ ਵੱਲੋਂ ਨਾਮਜ਼ਦ ਜਾਂ ਸਾਡੀ ਸੂਬਾ ਕਮੇਟੀ ਵੱਲੋਂ ਪੂਰਨ ਤਸੱਲੀ ਤੱਕ ਕੀਤੀਆਂ ਜਾਣਗੀਆਂ।

ਮਾਸਟਰ ਭਜਨ ਸਿੰਘ : 403-455-4220, ਪ੍ਰੋ: ਗੋਪਾਲ ਕਾਉਂਕੇ : 403-970-3588

13 ਅਗਸਤ 1962
ਜਨਮ ਦਿਨ ’ਤੇ ਵਿਸ਼ੇਸ਼

# ਕਿਊਬਾ ਦੇ ਕਰਾਂਤੀਕਾਰੀ ਆਗੂ ਫੀਦਲ ਕਾਸਤਰੋ ਦੀ ਜੀਵਨੀ ਅਤੇ ਗੁਰੀਲਾ ਯੁੱਧ



**ਮਾਸਟਰ ਭਜਨ ਸਿੰਘ**

ਕਿਊਬਾ ਅਤੇ ਫੀਦਲ ਕਾਸਤਰੋ ਅੱਜ ਸੰਸਾਰ ਵਿਚ ਇਕ ਵਾਰੀ ਫਿਰ ਪੂਰੀ ਚਰਚਾ ਵਿਚ ਹਨ। ਸੰਸਾਰ ਭਰ ਦੇ ਲੋਕਾਂ ਲਈ ਇਹ ਸਵਾਲ ਹਮੇਸ਼ਾ ਬਣਿਆ ਰਿਹਾ ਹੈ ਕਿ ਆਖਰਕਾਰ ਫੀਦਲ ਕਾਸਤਰੋ ਕੌਣ ਹੈ? ਜਿਸ ਨੇ ਪੂੰਜੀਪਤੀਆਂ ਅਤੇ ਅਮਰੀਕੀ ਸਾਮਰਾਜੀਆਂ ਦੀ ਨੀਂਦ ਹਰਾਮ ਕਰੀ ਰੱਖੀ ਹੈ। ਅਮਰੀਕੀ ਹਾਕਮਾਂ ਨੇ ਇਸ ਨੂੰ ਕਤਲ ਕਰਾਉਣ ਦੀਆਂ ਕਿੰਨੀ ਵਾਰੀ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਕਿਊਬਾ ਅਤੇ ਅਮਰੀਕਾ ਵਿਚ ਹੋਏ ਤਾਜ਼ੇ ਸਮਝੌਤੇ ਨੇ ਸੰਸਾਰ ਭਰ ’ਚ ਇਕ ਵਾਰੀ ਫਿਰ ਸਰਗਰਮ ਬਹਿਸ ਛੇੜ ਦਿੱਤੀ ਹੈ। ਸਿੱਟੇ ਕੀ ਨਿਕਲਦੇ ਹਨ ਇਹ ਸੰਸਾਰ ਨੇ ਦੇਖਣੇ ਹਨ? ਕੀ ਅਮਰੀਕਾ ਆਪਣੀ ਕੂਟਨੀਤੀ ’ਚ ਕਾਮਯਾਬ ਹੋਵੇਗਾ ਜਾਂ ਕਿਊਬਾ ਦਾ ਫੀਦਲ ਕਾਸਤਰੋ ਦਾ ਉਸਾਰਿਆ ਸਮਾਜਵਾਦੀ ਪ੍ਰਬੰਧ ਇਸ ਵਿਚੋਂ ਬਚਕੇ ਨਿਕਲ ਜਾਂਦਾ ਹੈ?

ਕੋਲੰਬਸ, ਜਿਸ ਨੇ ਧਰਤੀ ਦਾ ਇਹ ਟੁਕੜਾ 1492 ਵਿਚ ਲੱਭਿਆ ਸੀ। ਕਿਊਬਾ 1600 ਟਾਪੂਆਂ ਦੀ ਧਰਤੀ ਹੈ। ਇਸ ਦਾ ਕੁੱਲ ਰਕਬਾ 115,000 ਮੁਰੱਬਾ ਕਿਲੋਮੀਟਰ ਹੈ। ਪੂਰਬ ਤੋਂ ਪੱਛਮ ਤੱਕ ਲੰਬਾਈ 1200 ਮੀਲ ਤੇ ਚੌੜਾਈ ਸਿਰਫ਼ 40 ਤੋਂ 60 ਕਿਲੋਮੀਟਰ ਹੈ। ਅਮਰੀਕਾ ਤੋਂ ਸਿਰਫ਼ 90 ਕਿਲੋਮੀਟਰ ਦੀ ਦੂਰੀ ’ਤੇ ਹੈ। ਕਾਫ਼ੀ ਇਲਾਕਾ ਪਹਾੜੀ ਹੈ? ਜਲਵਾਯੂ ਦੇ ਲਿਹਾਜ਼ ਨਾਲ ਗਰਮ ਤਰ ਹੈ। ਕਿਊਬਾ ਦੀ ਰਾਜਧਾਨੀ ਹਵਾਨਾ ਨੂੰ ਪੁਰਾਣੇ ਸਮਿਆਂ ਵਿਚ “ਲਾਤੀਨੀ ਅਮਰੀਕਾ ਦਾ ਪੈਰਸ” ਕਿਹਾ ਜਾਂਦਾ ਸੀ। ਕਰਾਂਤੀ ਤੋਂ ਪਹਿਲਾਂ ਅਮਰੀਕਾ ਲਈ ਖੇਡ ਦਾ ਮੈਦਾਨ ਸਮਝਿਆ ਜਾਂਦਾ ਸੀ। ਕਿਊਬਾ ਵਰਤਮਾਨ ਕੌਮ, ਸਪੇਨੀ ਪਰਵਾਸੀਆਂ ਅਤੇ ਆਦਿ ਵਾਸੀ ਇੰਡੀਅਨਜ਼ ਦਾ ਸਾਂਝਾ ਦੇਸ਼ ਹੈ। ਜਿਹੜੇ 15ਵੀਂ ਸਦੀ ’ਚ ਇਥੇ ਆ ਕੇ ਵਸੇ। ਇਸ ਦੀ ਆਬਾਦੀ ਲਗਭਗ 1 ਕਰੋੜ 20 ਲੱਖ ਹੈ। ਕਿਊਬਾ ਦੀ ਧਰਤੀ ਉਪਜਾਊ ਅਤੇ ਗੰਨੇ ਦੀ ਕਾਸ਼ਤ ਲਈ ਵਿਸ਼ੇਸ਼ ਹੈ।

ਫੀਦਲ ਕਾਸਤਰੋ ਇਕ ਗਰੀਬ ਕਿਸਾਨ ਏਂਜਲ ਕਾਸਤਰੋ ਦਾ ਪੁੱਤਰ ਜੋ ਵੀਹਵੀਂ ਸਦੀ ਦੇ ਸ਼ੁਰੂ ’ਚ ਸਪੇਨ ਤੋਂ ਕਿਊਬਾ ਵਾਪਸ ਆਇਆ। ਸਖਤ ਮਿਹਨਤ ਕਾਰਨ ਉਹ ਤਕੜਾ ਜ਼ਿੰਮੀਦਾਰ ਬਣ ਗਿਆ। 1926 ਵਿਚ ਜਨਮਿਆ ਫੀਦਲ ਬਚਪਨ ਵਿਚ ਹੀ ਬਗਾਵਤੀ ਪਰਵਿਰਤੀ ਵਾਲਾ ਸੀ। ਖੇਡਾਂ ਦੇ ਨਾਲ ਉਹ ਪਿਤਾ ਦੇ ਕੰਮ ਵਿਚ ਹੱਥ ਵਟਾਉਂਦਾ। ਕੁਝ ਵਕਤ ਬੀਤਣ ਤੇ ਉਹ ਵਿਕਾਸ ਕਰਦਾ ਪਿਤਾ ਦੀ ਪੂੰਜੀਵਾਦੀ ਸੋਚ ਨੂੰ ਨਫ਼ਰਤ ਕਰਨ ਲੱਗ ਪਿਆ ਸੀ। ਅੱਜ ਫੀਦਲ ਕਾਸਤਰੋ ਵੀਹਵੀਂ ਅਤੇ ਇੱਕੀਵੀਂ ਸਦੀ ਦੀ ਮਹਾਨ ਪ੍ਰਤਿਭਾਸ਼ਾਲੀ ਕੌਮਾਂਤਰੀ ਇਨਕਲਾਬੀ ਸ਼ਖਸੀਅਤ ਬਣ ਚੁੱਕਾ ਹੈ। ਲੰਮੀ ਉਮਰ ਕਾਰਨ ਉਸਨੂੰ ਸਮਕਾਲੀ ਘਟਨਾਵਾਂ ਨੂੰ ਪ੍ਰਭਾਵਿਤ ਕਰਨ ਦਾ ਕੌਮਾਂਤਰੀ ਪੱਧਰ ’ਤੇ ਮੌਕਾ ਮਿਲਿਆ ਜੋ ਮਨੁੱਖੀ ਇਤਿਹਾਸ ਵਿਚ ਬੜੇ ਗੌਰਵ ਨਾਲ ਸੁਨਹਿਰੀ ਅੱਖਰਾਂ ’ਚ ਦਰਜ ਹੋਵੇਗਾ।

ਸਕੂਲੀ ਪੜ੍ਹਾਈ ਹਵਾਨਾ (ਕਿਊਬਾ ਦੀ ਰਾਜਧਾਨੀ) ਤੋਂ ਕਰਨ ਉਪਰੰਤ 1945 ’ਚ ਲਾਅ ਦੀ ਪੜ੍ਹਾਈ ਕਰਨ ਲਈ ਯੂਨੀਵਰਸਿਟੀ ’ਚ ਦਾਖ਼ਲਾ ਲਿਆ। 1946 ਪਹਿਲੇ ਸਾਲ ’ਚ ਪਹਿਲੀ ਤਕਰੀਰ ਨੇ, ਜੋ ਸਪੇਨੀ ਹਾਕਮਾਂ ਵਲੋਂ 75 ਸਾਲ ਪਹਿਲਾਂ ਆਜ਼ਾਦੀ ਲਈ ਲੜ ਰਹੇ ਯੋਧਿਆਂ ਨੂੰ ਕਤਲ ਕਰਨ ਬਾਰੇ ਸੀ ਜੋ ਫੀਦਲ ਦੇ ਰਾਜਸੀ ਦ੍ਰਿਸ਼ ਦੀ ਸ਼ੁਰੂਆਤ ਸੀ। 20 ਜਨਵਰੀ 1947 ਨੂੰ 34 ਰਾਜਸੀ ਸੰਗੀ ਸਾਥੀਆਂ ਨਾਲ ਵਿਚਾਰ ਵਟਾਂਦਰੇ ਉਪਰੰਤ ਐਲਾਨਨਾਮਾ ਜਾਰੀ ਕੀਤਾ, ਜੋ ਰਾਸ਼ਟਰਪਤੀ ਗਰਾਓ ਦੇ ਦੁਬਾਰਾ ਚੋਣ ਲੜਨ ਵਿਰੁੱਧ ਸੀ। ਇਸ ਦੀ ਸ਼ਬਦਾਵਲੀ ਬੜੀ ਸਪਸ਼ਟ, ਦਲੇਰੀ ਭਰੀ ਅਤੇ ਕਾਬਲੇ ਤਾਰੀਫ਼ ਸੀ। ਉਨ੍ਹਾਂ ਲਿਖਿਆ ਕਿ “ਰਾਸ਼ਟਰਪਤੀ ਦੀ ਦੁਬਾਰਾ ਚੋਣ ਲੜਨ ਵਿਰੁੱਧ ਚੱਲੇ ਸੰਘਰਸ਼ ਵਿਚ ਜੇ ਜਾਨ ਦੀ ਕੁਰਬਾਨੀ ਦੇਣੀ ਪਈ ਤਾਂ ਕੋਈ ਪ੍ਰਵਾਹ ਨਹੀਂ। ਜਲਾਲਤ ਭਰੀ ਜ਼ਿੰਦਗੀ ਜਿਊਣ ਨਾਲੋਂ ਮਰਨਾ ਕਿਤੇ ਬਿਹਤਰ ਹੈ।” ਰਾਜਨੀਤੀ ਵਿਚ ਖੁੱਭਣ ਕਾਰਨ ਲਾਅ ਦੀ ਪੜ੍ਹਾਈ ’ਚ ਧਿਆਨ ਨਾ ਦੇ ਸਕਿਆ। ਰਾਜਸੀ ਆਗੂਆਂ ਦੇ ਕਤਲਾਂ, ਵੱਧ ਰਹੀ ਗੁੰਡਾਗਰਦੀ ਦੇ ਜਥੇਬੰਦ ਵਿਰੋਧ ਕਾਰਨ ਫੀਦਲ ਦੀ ਜਾਨ ਨੂੰ ਖ਼ਤਰਾ ਸੀ। ਪ੍ਰੰਤੂ ਫੀਦਲ ਨੂੰ ਲੱਗਦਾ ਸੀ ਕਿ ਹਾਰ ਮੰਨ ਲੈਣਾ, ਡਰ ਜਾਣਾ ਕਰਾਂਤੀਕਾਰੀ ਦਾ ਕੰਮ ਨਹੀਂ ਹੁੰਦਾ। ਪ੍ਰਸਥਿਤੀਆਂ ਨੇ ਫੀਦਲ ਨੂੰ ਹਥਿਆਰਾਂ ਦੀ ਲੋੜ ਦਾ ਅਨੁਭਵ ਕਰਵਾ ਦਿੱਤਾ। ਅਗਵਾਈ ਕਰਨ ਕਾਰਨ ਕਈ ਵਾਰੀ ਫੀਦਲ ਨੂੰ ਝੂਠੇ ਕੇਸ ਪਾ ਕੇ ਜੇਲ੍ਹਾਂ ’ਚ ਸੁੱਟਿਆ ਗਿਆ। 21 ਸਾਲ ਦੀ ਉਮਰ ’ਚ ਫੀਦਲ ਕਾਸਤਰੋ ਦਾ ਵਿਆਹ ਫਿਲਾਸਫੀ ਦੀ ਵਿਦਿਆਰਥਣ ਮਿਰਤਾ ਡਿਆਜ਼ ਬਲਾਰਟ ਨਾਲ ਹੋਇਆ, ਜੋ ਉਸਦੇ ਪੁਰਾਣੇ ਮਿੱਤਰ ਦੀ ਭੈਣ ਸੀ। ਹਨੀਮੂਨ ਲਈ ਉਹ ਅਮਰੀਕਾ ਚਲੇ ਗਏ। ਫੀਦਲ ਨੇ ਪਹਿਲੀ ਵਾਰੀ ਨਿਊਯਾਰਕ ਤੋਂ ਕਾਰਲ ਮਾਰਕਸ/ਏਂਗਲਜ ਦੀਆਂ ਪੁਸਤਕਾਂ ਖਰੀਦੀਆਂ।

1949-50 ਦੇ ਸਾਲ ਫੀਦਲ ਕਾਸਤਰੋ ਦੇ ਬੌਧਿਕ ਤੇ ਰਾਜਨੀਤਕ ਵਿਕਾਸ ਦੇ ਵਰ੍ਹੇ ਸਨ। ਅਜੇ ਤੱਕ ਫੀਦਲ ਕਮਿਊਨਿਸਟ ਲਹਿਰ ਦੇ ਪ੍ਰਭਾਵ ਹੇਠ ਨਹੀਂ ਸੀ, ਪ੍ਰੰਤੂ ਉਹ ਦੇਸ਼ ਭਗਤੀ ਦੇ ਜਜ਼ਬੇ ਹੇਠ ਅਤੇ ਅਮਰੀਕੀ ਸਾਮਰਾਜ ਦਾ ਵਿਰੋਧੀ ਸੀ। ਸਤੰਬਰ 1949 ਨੂੰ ਫੀਦਲ ਦੇ ਘਰ ਪੁੱਤਰ ਫੀਦਲੀਟੋ ਦਾ ਜਨਮ ਹੋਇਆ। 1950 ਫੀਦਲ ਨੇ ਲਾਅ ਦੀਆਂ ਤਿੰਨ ਡਿਗਰੀਆਂ ਮੁਕੰਮਲ ਕਰ ਲਈਆਂ। ਅਖ਼ਬਾਰਾਂ ’ਚ ਲਗਾਤਾਰ ਲੇਖ ਲਿਖਣ, ਰੇਡੀਓ, ਪ੍ਰੈਸ ਰਾਹੀਂ ਸਰਗਰਮੀ ਕਾਰਨ ਪ੍ਰਦਰਸ਼ਨਾਂ ਤੋਂ ਪਹਿਲਾਂ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ। ਅੱਠ ਸਾਲ ਪਹਿਲਾਂ ਗੱਦੀਓਂ ਲਾਹੇ ਅਮਰੀਕਨ ਪਿੱਠੂ ਨੂੰ ਇਕ ਵਾਰ ਫਿਰ ਫੌਜ ਦੇ ਜਰਨੈਲਾਂ ਦੀਆਂ ਸਹਾਇਤਾ ਨਾਲ 10 ਮਾਰਚ 1952 ਨੂੰ ਫੁਲਜੈਸੀਓ ਬਾਤਿਸਤਾ ਨੂੰ ਰਾਸ਼ਟਰਪਤੀ ਭਵਨ ’ਚ ਗੱਦੀ ’ਤੇ ਬਿਠਾ ਦਿੱਤਾ। ਇਸ ਘਟਨਾ ’ਤੇ ਫੀਦਲ ਨੇ ਆਗੂ ਛਿਬਾਸ ਦੀ ਮਜ਼ਾਰ ਉਤੇ ਆਰਥੋਡੌਕਸ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ “ਜੇ ਬਤਿਸਤਾ ਨੇ ਤਾਕਤ ਦੇ ਜ਼ੋਰ ਨਾਲ ਸ਼ਕਤੀ ਖੋਹੀ ਹੈ, ਤਾਂ ਇਸ ਨੂੰ ਤਾਕਤ ਨਾਲ ਹੀ ਲਾਹਿਆ ਜਾ ਸਕਦਾ ਹੈ।” ਉਥੇ ਫੀਦਲ ਦਾ ਬਿਆਨ ਵੀ ਵੰਡਿਆ ਗਿਆ, ਜਿਸ ਵਿਚ ਲਿਖਿਆ ਹੋਇਆ ਸੀ, “ਦੁਨੀਆ ਵਿਚ ਉਨ੍ਹਾਂ ਲੋਕਾਂ ਦੇ ਦ੍ਰਿਸ਼ ਤੋਂ ਹੋਰ ਕੋਈ ਵੱਧ ਕੜਵਾ ਦ੍ਰਿਸ਼ ਨਹੀਂ ਸੀ, ਜਿਹੜੇ ਆਜ਼ਾਦ ਸੁੱਤੇ ਹੋਣ ’ਤੇ ਸਵੇਰੇ ਜਾਗਣ ਵੇਲੇ ਗੁਲਾਮੀ ਵਿਚ ਜਕੜੇ ਹੋਏ।” ਅਤੇ “ਜ਼ੁਲਮ ਦੇ ਵਿਰੁੱਧ ਲੜਨ ਵਿਚ ਕਿੰਨੀ ਖੁਸ਼ੀ ਮਿਲਦੀ ਹੈ।” ਕਾਸਤਰੋ ਨੇ ਕਿਊਬਾ ਦੇ ਕੌਮੀ ਗੀਤ ਦੀਆਂ ਸਤਰਾਂ ਨਾਲ ਆਪਣੇ ਬਿਆਨ ਨੂੰ ਖ਼ਤਮ ਕੀਤਾ,” ਜ਼ੰਜੀਰਾਂ ਵਿਚ ਜਕੜੇ ਹੋਏ ਰਹਿਣਾ ਸ਼ਰਮ ਤੇ ਹੱਤਕ ਵਿਚ ਡੁੱਬਣ ਦੇ ਬਰਾਬਰ ਹੈ। ਮਾਤਭੂਮੀ ਲਈ ਮਰਨਾ ਹੀ ਅਸਲ ਜੀਵਨ ਹੈ।”

ਤਾਨਾਸ਼ਾਹੀ ਦੇ ਵਿਰੁੱਧ ਲੜਨ ਲਈ ਸਥਾਪਿਤ ਅਤੇ ਰਵਾਇਤੀ ਰਾਜਸੀ ਪਾਰਟੀਆਂ ਵਿਚੋਂ ਕੋਈ ਤਿਆਰ ਨਹੀਂ ਸੀ। ਆਮ ਲੋਕ ਇਸ ਨੂੰ ‘ਰੱਬ ਦਾ ਭਾਣਾ’ ਮੰਨ ਕੇ ਘਰਾਂ ਅਤੇ ਦਫ਼ਤਰਾਂ ਵਿਚ ਬੈਠੇ ਭਲੇ ਵੇਲੇ ਦੀ ਉਡੀਕ ’ਚ ਸਨ। ਇਨ੍ਹਾਂ ਨਿਰਾਸ਼ ਕਰਨ ਵਾਲੇ ਹਾਲਾਤਾਂ ’ਚ ਫੀਦਲ ਚੈਨ ਨਾਂਲ ਬੈਠਣ ਵਾਲਾ ਨਹੀਂ ਸੀ। ਜਥੇਬੰਦਕ ਢਾਂਚੇ ਦੀ ਅਣਹੋਂਦ ਕਾਰਨ, ਲੋਕਾਂ ’ਚ ਹੌਸਲਾ ਭਰਨਾ, ਉਨ੍ਹਾਂ ਦੀ ਨਿਰਾਸ਼ਾ ਨੂੰ ਆਸ਼ਾ ’ਚ ਬਦਲਣਾ ਪੂਰੀ ਦ੍ਰਿੜਤਾ, ਕੁਰਬਾਨੀ, ਸੂਝ-ਬੂਝ ਵਾਲਾ ਅਤੇ ਜ਼ੋਖ਼ਮ ਭਰਿਆ ਕਾਰਜ ਸੀ। ਕਮਿਊਨਿਸਟ ਪਾਰਟੀ ਨੂੰ ਰਵਾਇਤੀ ਅਤੇ ਟਰੇਡ ਯੂਨੀਅਨ ਦੇ ਘੇਰੇ ਵਿਚ ਕੰਮ ਕਰਨ ਦਾ ਤਜਰਬਾ ਤਾਂ ਸੀ ਪਰ ਖਾੜਕੂ ਸੰਘਰਸ਼ ਲੜਨ ਦਾ ਨਾ ਤਜਰਬਾ ਸੀ ਤੇ ਨਾ ਹੀ ਸਾਹਸ। ਫੀਦਲ ਨੇ ਅਜੇ ਤੱਕ ਮਾਰਕਸਵਾਦ ਅਤੇ ਰੂਸ ਤੇ ਚੀਨ ਦੇ ਇਨਕਲਾਬਾਂ ਦਾ ਵੀ ਡੂੰਘਾ ਅਧਿਐਨ ਨਹੀਂ ਕੀਤਾ ਸੀ।

ਵਰਕਰਾਂ ਦੀ ਇਕ ਗੁਪਤ ਮੀਟਿੰਗ ਨੂੰ ਸੰਬੋਧਨ ਕਰਦਿਆਂ ਫੀਦਲ ਨੇ ਕਿਹਾ, “ਜਿਹੜਾ ਵੀ ਸਾਡੇ ਅੰਦੋਲਨ ਵਿਚ ਸ਼ਾਮਲ ਹੁੰਦਾ ਹੈ, ਉਹ ਇਕ ਸਾਧਾਰਨ ਸਿਪਾਹੀ ਵਾਂਗ ਹੋਵੇਗਾ। ਆਰਥੋਡੌਕਸ ਪਾਰਟੀ ਵਿਚਲੇ ਕਿਸੇ ਵੀ ਅਹੁਦੇ ਦਾ ਇਥੇ ਕੋਈ ਮਹੱਤਵ ਨਹੀਂ ਹੋਵੇਗਾ। ਸਾਡੀ ਲੜਾਈ ਕੋਈ ਸੌਖੀ ਨਹੀਂ ਹੋਵੇਗੀ ਤੇ ਸਾਡਾ ਰਾਹ ਬਿਖੜਾ ਤੇ ਲੰਮਾ ਹੋਵੇਗਾ। ਅਸੀਂ ਰਾਜ ਪ੍ਰਬੰਧ ਖਿਲਾਫ਼ ਹਥਿਆਰ ਚੁੱਕਣ ਲੱਗੇ ਹਾਂ।”


ਹੱਲੇ ਦੀ ਤਾਰੀਖ਼ 26 ਜੁਲਾਈ 1953 ਦਿਨ ਐਤਵਾਰ ਈਸਾਈ ਤਿਉਹਾਰ ਦੀ ਫੌਜੀਆਂ ਨੂੰ ਛੁੱਟੀ ਕਾਰਨ ਰੱਖੀ ਗਈ। ਮੇਲੇ ਦੀ ਖੁਸ਼ੀ ’ਚ ਨਸ਼ੇ ਦੇ ਭੰਨੇ ਫੌਜੀਆਂ ਤੇ ਤਕੜੇ 4.45 ਤੇ ਫੌਜੀ ਵਰਦੀਆਂ ’ਚ ਸਾਧਾਰਨ ਹਥਿਆਰਾਂ ਤੇ ਸਿਰਫ਼ ਇਕ ਮਸ਼ੀਨਗੰਨ ਨਾਲ ਹਮਲਾ ਕੀਤਾ ਜਾਵੇਗਾ। ਮਨਕਾਡਾ 135 ਅਤੇ ਬਿਆਮੋ 130 ਗੁਰੀਲੇ ਹਮਲਾ ਕਰਨਗੇ। ਫੌਜ (ਸਰਕਾਰੀ) ਪਾਸ ਆਧੁਨਿਕ ਹਥਿਆਰ ਸਨ। ਟਾਕਰੇ ਦੀ ਲੜਾਈ ’ਚ ਦੋਹਾਂ ਧਿਰਾਂ ਦੇ ਕਾਫ਼ੀ ਬੰਦੇ ਮਾਰੇ ਗਏ। ਬਾਤਿਸਦਾ ਦੀ ਸਰਕਾਰ ਨੇ ਐਮਰਜੈਂਸੀ ਦਾ ਐਲਾਨ ਕਰ ਦਿੱਤਾ। ਫੌਜ ਨੂੰ ਹਰ ਵਿਰੋਧੀ ਨੂੰ ਕਤਲ ਕਰਨ ਦੇ ਆਦੇਸ਼ ਦੇ ਦਿੱਤੇ। ਬਹੁਤ ਸਾਰੇ ਬਾਗੀ ਨੌਜਵਾਨਾਂ ਦਾ ਕਤਲ ਕਰ ਦਿੱਤਾ ਗਿਆ। ਇਕ ਸੁਹਿਰਦ ਫੌਜੀ ਅਫ਼ਸਰ ਦੀ ਸਿਆਣਪ ਕਾਰਨ ਫੀਦਲ ਕਤਲ ਹੋਣੋਂ ਬਚ ਗਿਆ। ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ’ਚ ਫੀਦਲ ਨੂੰ ਹੋਰ ਕੈਦੀਆਂ ਨਾਲੋਂ ਵੱਖ ਰੱਖਿਆ ਗਿਆ। ਬਾਤਿਸਤਾ ਸਰਕਾਰ ਦੀ ਤਾਨਾਸ਼ਾਹੀ ਤੋਂ ਬਹੁਤ ਸਾਰੇ ਅਤੇ ਫੌਜੀ ਅਫਸਰ ਵੀ ਆਮ ਜਨਤਾ ਵਾਂਗ ਤੰਗ ਸਨ। ਫੀਦਲ ਤੋਂ ਬਿਨਾਂ ਬਾਕੀਆਂ ਨੂੰ 13 ਸਾਲ ਅਤੇ 10 ਸਾਲ ਦੀਆਂ ਸਜ਼ਾਵਾਂ, ਦੋਵੇਂ ਬਾਗੀ ਔਰਤਾਂ ਮੈਲਬਾ ਅਤੇ ਹੇਅਡੀ ਨੂੰ 7-7 ਮਹੀਨੇ ਔਰਤਾਂ ਵਾਲੀ ਜੇਲ੍ਹ ਨਜ਼ਰਬੰਦ ਰੱਖਣ ਦਾ ਹੁਕਮ ਦਿੱਤਾ ਗਿਆ। 13 ਅਕਤੂਬਰ ਨੂੰ ਫੀਦਲ ਤੋਂ ਬਿਨਾਂ 26 ਜਣਿਆਂ ਨੂੰ ਜਹਾਜ਼ ਰਾਹੀਂ ਕਿਊਬਾ ਦੇ ਟਾਪੂ Isle of Pines ਦੀ ਜੇਲ੍ਹ ’ਚ ਅਤੇ ਔਰਤਾਂ ਨੂੰ ਹਵਾਨਾ ਜੇਲ੍ਹ ਭੇਜ ਦਿੱਤਾ। ਫੀਦਲ ਨੂੰ ਹਸਪਤਾਲ ਵੱਖਰੇ ਕਮਰੇ ’ਚ ਗੁਪਤ ਅਦਾਲਤ ਲਗਾ ਕੇ 15 ਸਾਲ ਦੀ ਸਜ਼ਾ ਸੁਣਾਈ ਗਈ। 17 ਅਕਤੂਬਰ ਨੂੰ ਫੀਦਲ ਨੂੰ ਵੀ ਪਾਈਨਜ਼ ਟਾਪੂ ਜੇਲ੍ਹ ਭੇਜ ਦਿੱਤਾ। ਜੇਲ੍ਹ ’ਚ ਫੀਦਲ ਨੂੰ ਬਹੁਤ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਲੋਕਾਂ ਦੇ ਭਾਰੀ ਦਬਾਅ ਕਾਰਨ ਸਾਰੇ ਬਾਗੀਆਂ ਨੂੰ 2 ਸਾਲ ਤੋਂ ਵੀ ਘੱਟ ਕੈਦ ਕੱਟਕੇ ਰਿਹਾਅ ਕਰਨਾ ਪਿਆ। ਜੇਲ੍ਹ ਤੋਂ ਬਾਹਰ ਆਉਣ ਸਾਰ ਫੀਦਲ ਨੇ ਕਿਊਬਾ ਛੱਡ ਮੈਕਸੀਕੋ ਜਾਣ ਦਾ ਫੈਸਲਾ ਲਿਆ। ਜਾਣ ਤੋਂ ਪਹਿਲਾਂ ਸੰਦੇਸ਼ ਅਖ਼ਬਾਰ ’ਚ ਭੇਜਿਆ ਅਤੇ 2,50,000 ਕਾਪੀਆਂ ਵੰਡਣ ਦਾ ਪ੍ਰਬੰਧ ਕਰ ਲਿਆ ਜਿਸ ਵਿਚ ਮੁੜ ਹਥਿਆਰਬੰਦ ਸੰਘਰਸ਼ ਦੀ ਤਿਆਰੀ ਦੀ ਤਲਾਸ਼ ਸੀ। ਅਰਜਨਟਾਈਨਾ ਦਾ ਚੀ ਗਵੇਰਾ ਵੀ ਕਿਊਬਾ ਅਤੇ ਅਮਰੀਕਾ ਤੋਂ ਵੀ ਬਹੁਤ ਸਾਥੀ ਪਹੁੰਚ ਗਏ। ਸੰਘਰਸ਼ ਲਈ ਹਥਿਆਰਾਂ, ਪੈਸੇ ਅਤੇ ਟਰੇਨਿੰਗ ਦੀ ਸਕੀਮ ਬਣ ਗਈ। 17,000 ਡਾਲਰ ਵਿਚ ਗਰਾਨਾਮਾ ਬੇੜੀ ਖਰੀਦ ਕੇ 25 ਬੰਦਿਆਂ ਵਾਲੀ ਬੇੜੀ ’ਚ 81 ਗੁਰੀਲੇ ਕਿਊਬਾ ਨੂੰ ਰਵਾਨਾ ਹੋ ਗਏ। 1200 ਮੀਲ ਦਾ ਸਫ਼ਰ, ਰਸਤੇ ’ਚ ਮੌਸਮ ਦੀ ਖਰਾਬੀ, ਘੱਟ ਭੋਜਨ, ਪਾਣੀ ਦੀ ਕਮੀ ਬੇੜੀ ਦੇ ਇਕ ਇੰਜਨ ਦੀ ਖਰਾਬੀ ਆਦਿ ਸਮੱਸਿਆਵਾਂ ਗੁਰੀਲਿਆਂ ਦੇ ਸਿਦਕ ਨੂੰ ਡੁਲਾ ਨਾ ਸਕੀਆਂ। ਅੱਗੇ ਬਤਿਸਤਾ ਦੀ 40,000 ਫੌਜ ਪਿਛੇ ਸਮੁੰਦਰ ਹਮਲੇ ’ਚ 21 ਗੁਰੀਲੇ ਮਾਰੇ ਗਏ। 16 ਭੱਜ ਕੇ ਬਚੇ ਅਤੇ ਖਿੰਡ-ਪੁੰਡ ਗਏ। ਫੀਦਲ, ਚੀ ਗਵੇਰਾ ਅਤੇ ਰਾਊਲ ਕਾਸਤਰੋ ਬਚ ਕੇ ਨਿਕਲ ਗਏ। ਮੁੜ ਸੰਭਲ ਕੇ ਚੌਕੀ ’ਤੇ ਹਮਲਾ ਕਰਕੇ ਦੋ ਬੰਦੇ ਮਾਰ ਦਿੱਤੇ, ਤਿੰਨ ਜ਼ਖ਼ਮੀ ਅਤੇ ਤਿੰਨ ਗ੍ਰਿਫ਼ਤਾਰ ਕਰ ਲਏ। ਕਾਫ਼ੀ ਹਥਿਆਰ ਲੁੱਟ ਲਏ। ਇਸ ਪਹਿਲੀ ਜਿੱਤ ਨੇ ਉਨ੍ਹਾਂ ਨੂੰ ਵੱਡੀ ਲੜਾਈ ਲਈ ਤਿਆਰ ਕਰ ਦਿੱਤਾ। ਸਰਕਾਰ ਵਲੋਂ ਭੇਜੇ ਮੁਖਬਰਾਂ ਦੀ ਪਹਿਚਾਣ ਕੀਤੀ ਗਈ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਫੀਦਲ ਨੂੰ ਖਤਮ ਕਰਨ ਲਈ ਬਤਿਸਤਾ ਦੀ ਸਰਕਾਰ ਨੇ 10,000 ਫੌਜੀ ਹੋਰ ਭੇਜੇ ਪ੍ਰੰਤੂ 1000 ਫੌਜੀ ਮਾਰੇ ਗਏ। 400 ਜ਼ਖ਼ਮੀ ਹੋ ਗਏ। ਗੁਰੀਲਿਆਂ ਦੇ ਹੱਥ 500 ਆਧੁਨਿਕ ਹਥਿਆਰ ਅਤੇ ਦੋ ਟੈਂਕ ਵੀ ਲੱਗ ਗਏ। ਫੌਜ ਨੇ ਹਾਰ ਮੰਨ ਲਈ ਬਤਿਸਤਾ ਪਰਿਵਾਰ ਅਤੇ ਸਹਾਇਕਾਂ ਸਮੇਤ ਜਾਨ ਬਚਾ ਕੇ ਡੋਮੀਨੀਕਨ ਲੋਕ ਰਾਜ ਭੱਜ ਗਿਆ ਤੇ ਜਰਨੈਲ ਕਰਤੀਲੇ ਨੂੰ ਫੌਜ ਦਾ ਮੁੱਖ ਜਰਨੈਲ ਥਾਪ ਗਿਆ। ਫੀਦਲ ਵਲੋਂ ਕਰਤੀਲੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇੰਝ ਫੀਦਲ ਕਾਸਤਰੋ ਵਲੋਂ ਦੋ ਸਾਲਾਂ ਦੇ ਗੁਰੀਲਾ ਯੁੱਧ ਨਾਲ ਅਮਰੀਕਾ ਦੇ ਪਿੱਠੂ ਤਾਨਾਸ਼ਾਹ ਬਤਿਸਤਾ ਦੇ ਰਾਜ ਨੂੰ ਜੜ੍ਹੋਂ ਪੁੱਟ ਕੇ ਸੁੱਟ ਦਿੱਤਾ। ਉਸੇ ਸਮੇਂ ਨੂੰ ਫੀਦਲ ਨੇ ਇਨਕਲਾਬ ਦੀ ਜਿੱਤ ਦੀ ਖੁਸ਼ੀ ’ਚ ਪਹਿਲਾ ਭਾਸ਼ਣ ਦਿੰਦਿਆਂ ਆਖਿਆ, “ਹੁਣ ਇਨਕਲਾਬ ਸ਼ੁਰੂ ਹੁੰਦਾ ਹੈ, ਇਹ ਸੌਖਾ ਕੰਮ ਨਹੀਂ ਹੋਵੇਗਾ। ਇਨਕਲਾਬ ਖਤਰਿਆਂ ਭਰਿਆ ਤੇ ਬੜਾ ਔਖਾ ਹੋਵੇਗਾ। ਇਸ ਵਾਰ ਅਸਲ ਕ੍ਰਾਂਤੀ ਆਵੇਗੀ.....ਲੋਕਾਂ ਨੇ ਜੰਗ ਜਿੱਤ ਲਈ ਹੈ।”

**ਹਵਾਲੇ**

**ਧੰਨਵਾਦ ਸਹਿਤ : ਫੀਦਲ ਕਾਸਤਰੋ (ਸੰਖੇਪ ਜੀਵਨੀ) ਹਰਭਜਨ ਸਿੰਘ ਹੁੰਦਲ ਪ੍ਰਕਾਸ਼ਕ ਨਵੀਂ ਦੁਨੀਆ ਪਬਲੀਕੇਸ਼ਨਜ਼**
403-455-4220



# ਸਿੱਖਿਆ 'ਤੇ ਖਰਚ ਬਨਾਮ ਬੇਰੁਜ਼ਗਾਰੀ



ਡਾ. ਅਜੀਤਪਾਲ ਸਿੰਘ ਐਮ. ਡੀ.

**ਛਤੀਸਗੜ੍ਹ 'ਚ ਥੋਕ 'ਚ ਕਾਲਜ ਤੇ ਯੂਨੀਵਰਸਿਟੀਆਂ ਤਾਂ ਹਨ ਪਰ ਉਥੇ ਗੁਣਵੰਣਤਾ ਤੇ ਰੁਜ਼ਗਾਰ ਮੁਖੀ ਸਿੱਖਿਆ ਦੀ ਘਾਟ ਹੈ ਅਤੇ ਵਿਦਿਆਰਥੀਆਂ ਕੋਲ ਸਿਵਾਏ ਕਾਗਜ਼ੀ ਡਿਗਰੀਆਂ ਦੇ ਕੁਝ ਵੀ ਨਹੀਂ ਹੈ। ਰੁਜ਼ਗਾਰ ਦਫ਼ਤਰ ਦੇ ਅੰਕੜਿਆਂ ਮੁਤਾਬਕ ਸਾਲ 2009 'ਚ ਕਰੀਬ ਸਾਢੇ 13 ਲੱਖ ਬੇਰੁਜ਼ਗਾਰਾਂ ਦੀ ਰਜਿਸਟ੍ਰੇਸ਼ਨ ਸੀ ਪਰ ਸਾਲ 2014 ਦੇ ਆਉਂਦੇ ਆਉਂਦੇ ਇਹ ਅੰਕੜੇ 19 ਲੱਖ 44 ਹਜ਼ਾਰ ਤੱਕ ਜਾ ਪਹੁੰਚਿਆ।**



ਹਰ ਸਾਲ ਸਿੱਖਿਆ ਦੇ ਨਾਂ 'ਤੇ ਕਰੋੜਾਂ ਰੁਪਏ ਖਰਚ ਕਰਨ ਦੇ ਬਾਵਜੂਦ ਵੀ ਗੁਣ ਵੰਣਤਾ ਪੂਰਨ ਸਿੱਖਿਆ ਮੁਹੱਈਆ ਕਰਨ ਦੇ ਮਾਮਲੇ 'ਚ ਛਤੀਸਗੜ੍ਹ ਸੂਬਾ ਦੂਜੇ ਸੂਬਿਆਂ ਦੇ ਮੁਕਾਬਲੇ ਬਹੁਤ ਪਿਛੇ ਹੈ। ਸੂਬੇ ਦਾ ਨੌਜਵਾਨ ਅੱਜ ਨੌਕਰੀ ਲਈ ਆਪਣੀਆਂ ਡਿਗਰੀਆਂ ਤਾਂ ਲੈ ਜਾਂਦਾ ਹੈ ਪਰ ਆਪਣੀ ਯੋਗਤਾ ਸਾਬਤ ਕਰਨ ਤੋਂ ਪਿਛੇ ਰਹਿ ਜਾਂਦਾ ਹੈ। ਆਲਮ ਇਹ ਹੈ ਕਿ ਹਰ ਸਾਲ ਦੋ ਲੱਖ ਤੋਂ ਵੱਧ ਬੇਰੁਜ਼ਗਾਰ ਸੂਬੇ 'ਚ ਵਧ ਰਹੇ ਹਨ। ਇਹ ਸਥਿਤੀ ਉਦੋਂ ਹੈ ਜਦ ਸੂਬੇ 'ਚ ਉਚ ਸਿੱਖਿਆ ਲਈ ਸੈਂਕੜੇ ਕਰੋੜ ਰੁਪਏ ਖਰਚ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਪਿਛਲੇ ਪੰਜ ਸਾਲਾਂ ਵਿਚ ਸੂਬੇ ਦੇ ਉਚ ਸਿੱਖਿਆ ਬਜਟ 'ਚ ਵਾਧਾ ਹੋਇਆ ਹੈ। ਸਾਲ 2009-10 'ਚ ਜਿਥੇ ਉਚ ਸਿੱਖਿਆ ਲਈ 264 ਕਰੋੜ ਦਾ ਬਜਟ ਸੀ ਉਥੇ 2013-14 'ਚ 611 ਕਰੋੜ ਤੱਕ ਪਹੁੰਚ ਗਿਆ। ਫਿਰ ਵੀ ਸਿੱਖਿਆ ਦੇ ਪੱਧਰ 'ਚ ਸੁਧਾਰ ਬਾਰੇ ਸਿੱਖਿਆ ਵਿਭਾਗ ਪਿਛੇ ਹੀ ਰਿਹਾ। ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪ੍ਰੋਫੈਸਰਾਂ ਤੇ ਸਹਾਇਕ ਸਟਾਫ਼ ਦੀ ਭਰਤੀ ਦੇ ਮਾਮਲੇ 'ਚ ਦੇਰੀ ਹੋਣੀ ਵੀ ਇਸ ਦਾ ਵੱਡਾ ਕਾਰਨ ਹੈ। ਬਜਟ 'ਚ ਰਾਸ਼ੀ ਦੀ ਵਿਵਸਥਾ ਕੀਤੀ ਗਈ ਪਰ ਉਸ ਨੂੰ ਖਰਚ ਕਰਨ ਲਈ ਨਾ ਤਾਂ ਕੋਈ ਯੋਜਨਾ ਬਣੀ ਤੇ ਨਾ ਹੀ ਉਸ ਦੇ ਖਰਚ ਦਾ ਕੋਈ ਹਿਸਾਬ ਕਿਤਾਬ ਰੱਖਿਆ ਗਿਆ। ਇਨ੍ਹਾਂ ਸਾਰੇ ਕਾਰਨਾਂ ਕਰਕੇ ਵਿਦਿਆਰਥੀਆਂ ਦੀ ਸਿੱਖਿਆ ਤੇ ਉਨ੍ਹਾਂ ਦੇ ਰੁਜ਼ਗਾਰ ਹਾਸਲ ਕਰਨ ਦੇ ਰਾਹ 'ਚ ਜੋ ਅੜਿੱਕੇ ਪੈਦਾ ਹੋਏ ਹਨ ਕੀ ਉਸ ਦੇ ਲਈ ਇਹ ਸਰਕਾਰਾਂ ਜ਼ਿੰਮੇਵਾਰ ਨਹੀਂ ਹਨ? ਛਤੀਸਗੜ੍ਹ 'ਚ ਥੋਕ 'ਚ ਕਾਲਜ ਤੇ ਯੂਨੀਵਰਸਿਟੀਆਂ ਤਾਂ ਹਨ ਪਰ ਉਥੇ ਗੁਣਵੰਣਤਾ ਤੇ ਰੁਜ਼ਗਾਰ ਮੁਖੀ ਸਿੱਖਿਆ ਦੀ ਘਾਟ ਹੈ ਅਤੇ ਵਿਦਿਆਰਥੀਆਂ ਕੋਲ ਸਿਵਾਏ ਕਾਗਜ਼ੀ ਡਿਗਰੀਆਂ ਦੇ ਕੁਝ ਵੀ ਨਹੀਂ ਹੈ। ਰੁਜ਼ਗਾਰ ਦਫ਼ਤਰ ਦੇ ਅੰਕੜਿਆਂ ਮੁਤਾਬਕ ਸਾਲ 2009 'ਚ ਕਰੀਬ ਸਾਢੇ 13 ਲੱਖ ਬੇਰੁਜ਼ਗਾਰਾਂ ਦੀ ਰਜਿਸਟੇਸ਼ਨ ਸੀ ਪਰ ਸਾਲ 2014 ਦੇ ਆਉਂਦੇ ਆਉਂਦੇ ਇਹ ਅੰਕੜੇ 19 ਲੱਖ 44 ਹਜ਼ਾਰ ਤੱਕ ਜਾ ਪਹੁੰਚਿਆ। ਪਿਛਲੇ 5 ਸਾਲਾਂ 'ਚ ਹੀ ਸੂਬੇ 'ਚ ਕਰੀਬ 6 ਲੱਖ ਬੇਰੁਜ਼ਗਾਰ ਵਧੇ ਹਨ ਅਤੇ ਇਨ੍ਹਾਂ 'ਚੋਂ ਡੇਢ ਲੱਖ ਦੇ ਆਸ ਪਾਸ ਡਿਗਰੀ ਹੋਲਡਰ ਹਨ। ਇਹ ਅੰਕੜੇ ਸਰਕਾਰੀ ਹਨ, ਬੇਰੁਜ਼ਗਾਰੀ ਦੀ ਅਸਲੀ ਹਾਲਤ ਤਾਂ ਇਸ ਤੋਂ ਵੀ ਕਿਤੇ ਵੱਧ ਭਿਆਨਕ ਹੈ। ਸੂਬੇ 'ਚ ਕੁਲ 17 ਯੂਨੀਵਰਸਿਟੀਆਂ ਹਨ ਜਿਥੋਂ ਹਰ ਸਾਲ ਲੱਖ ਵਿਦਿਆਰਥੀ ਡਿਗਰੀ ਤੇ ਡਿਪਲੋਮਾ ਲੈ ਕੇ ਨਿਕਲਦੇ ਹਨ। ਇਨ੍ਹਾਂ ਸਾਰੀਆਂ ਯੂਨੀਵਰਸਿਟੀਆਂ 'ਚੋਂ ਕਰੀਬ 5 ਲੱਖ ਵਿਦਿਆਰਥੀ ਵੱਖ-ਵੱਖ ਇਮਤਿਹਾਨ ਦਿੰਦੇ ਹਨ ਤੇ ਡੇਢ ਲੱਖ ਡਿਗਰੀ ਹੋਲਡਰ ਹੁੰਦੇ ਹਨ। ਪਰ ਇਨ੍ਹਾਂ 'ਚੋਂ ਬਹੁਤੇ ਵਿਦਿਆਰਥੀਆਂ ਨੂੰ ਨੌਕਰੀ ਨਹੀਂ ਮਿਲਦੀ। ਰੁਜ਼ਗਾਰ ਵਿਭਾਗ ਦੇ ਅੰਕੜੇ ਇਹੀ ਦੱਸਦੇ ਹਨ ਕਿ ਪਿਛਲੇ ਪੰਜ ਸਾਲਾਂ 'ਚ ਹਰ ਸਾਲ ਕਰੀਬ ਦੋ ਲੱਖ ਵਿਦਿਆਰਥੀਆਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾਈ ਹੈ ਤੇ ਇਨ੍ਹਾਂ 'ਚ ਸਿਰਫ਼ 10 ਫੀਸਦੀ ਨੂੰ ਹੀ ਰੁਜ਼ਗਾਰ ਮਿਲ ਸਕਿਆ ਹੈ। ਅਜਿਹੇ 'ਚ ਸਾਫ਼ ਹੈ ਕਿ ਯੂਨੀਵਰਸਿਟੀਆਂ ਸਿਰਫ਼ ਕਿਤਾਬੀ ਗਿਆਨ ਹੀ ਵਿਦਿਆਰਥੀਆਂ ਨੂੰ ਵੰਡ ਕੇ ਬੁੱਤਾ ਸਾਰ ਰਹੀਆਂ ਹਨ। ਰਾਜ 'ਚ 17 ਯੂਨੀਵਰਸਿਟੀਆਂ ਦੇ ਤਹਿਤ 410 ਕਾਲਜਾਂ 'ਚ ਵਿਦਿਆਰਥੀ-ਵਿਦਿਆਰਥਣਾਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਪਰ ਇਨ੍ਹਾਂ ਵਲੋਂ ਦਿੱਤੀ ਗਈ ਸਿੱਖਿਆ ਕਿੰਨੀ ਕਾਰਗਰ ਹੈ ਜਾਂ ਇਨ੍ਹਾਂ ਦੇ ਸਾਧਨ ਤੇ ਸਿੱਖਿਆ ਪ੍ਰਣਾਲੀ ਕਿਹੋ ਜਿਹੀ ਹੈ ਉਸ ਦੀ ਪੋਲ ਨੈਸ਼ਨਲ ਅਸੈਸਮੈਂਟ 'ਤੇ ਇਕ੍ਰੀਡੇਸ਼ਨ ਕਾਊਂਸਿਲ (ਨੈਕ) ਨੇ ਖੋਹਲ ਦਿੱਤੀ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ 17 ਵਿਚੋਂ ਸਿਰਫ਼ ਦੋ ਯੂਨੀਵਰਸਿਟੀਆਂ ਨੂੰ ਹੀ ਨੈਕ ਨੇ ਦਰਜਾ ਦਿੱਤਾ ਹੈ। ਸਾਰੇ 410 ਨਿੱਜੀ ਤੇ ਜਨਤਕ (ਸਰਕਾਰੀ) ਕਾਲਜਾਂ ਵਿਚੋਂ ਸਿਰਫ਼ 33 ਕਾਲਜਾਂ ਨੂੰ ਹੀ ਨੈਕ ਦਾ ਦਰਜਾ ਮਿਲਿਆ ਹੈ। ਉਸ ਤੋਂ ਵੱਡੀ ਹੈਰਾਨੀ ਇਹ ਹੈ ਕਿ ਪੂਰੇ ਸੂਬੇ 'ਚ ਸਿਰਫ਼ ਦੁਰਗ ਦੇ ਇਕ ਨਿੱਜੀ ਵੀ.ਆਈ.ਟੀ. ਕਾਲਜ ਨੂੰ ਹੀ ਨੈਕ ਨੇ 'ਏ' ਸ਼੍ਰੇਣੀ 'ਚ ਰੱਖਿਆ ਗਿਆ ਹੈ। ਹੋਰ ਸਰਕਾਰੀ ਕਾਲਜਾਂ ਦਾ ਤਾਂ ਬਹੁਤ ਹੀ ਬੁਰਾ ਹਾਲ ਹੈ। ਅਜਿਹੇ 'ਚ ਨੈਕ ਦੀ ਗ੍ਰੇਡਿੰਗ ਵਾਲੇ ਕਾਲਜਾਂ ਵਿਚ ਵੀ ਸਿੱਖਿਆ ਦੇ ਪੱਧਰ ਨੂੰ ਲੈ ਕੇ ਸਵਾਲ ਖੜ੍ਹੇ ਹੁੰਦੇ ਹਨ। ਸਭ ਤੋਂ ਵੱਡਾ ਸਵਾਲ ਇਹ ਹੈ ਕਿ 377 ਕਾਲਜਾਂ ਨੇ ਨੈਕ ਨੂੰ ਆਪਣੇ ਮੁਲਅੰਕਣ ਲਈ ਸੱਦਿਆ ਹੀ ਨਹੀਂ ਹੈ। ਆਖਰ ਇਸ ਦਾ ਕਾਰਨ ਹੈ ਕੀ? ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਇਕ ਪਾਸੇ ਕਾਲਜਾਂ ਦੇ ਸੰਚਾਲਕ ਤੇ ਸਰਕਾਰ ਉਚ ਸਿੱਖਿਆ ਦਾ ਮਜ਼ਾਕ ਬਣਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ ਉਥੇ ਦੂਜੇ ਪਾਸੇ ਗਰੀਬੀ ਤੋਂ ਪੀੜਤ ਸਮਾਜ ਦਾ ਦੱਬਿਆ ਕੁਚਿਆ ਵਰਗ ਇਸ ਕਾਰਨ ਕਰਕੇ ਸਿੱਖਿਆ ਤੇ ਰੁਜ਼ਗਾਰ ਹਾਸਲ ਕਰਨ ਤੋਂ ਵਾਂਝਾ ਹੋ ਰਿਹਾ ਹੈ। ਜਿਥੇ ਸਰਕਾਰ ਵਲੋਂ ਅਣਪੜ੍ਹਤਾ ਨੂੰ ਖਤਮ ਕਰਕੇ ਸਾਰੇ ਵਿਦਿਆਰਥੀਆਂ ਨੂੰ ਉਚ ਸਿੱਖਿਆ ਯਕੀਨੀ ਬਣਾਉਣ ਦੀਆਂ ਗੱਲਾਂ ਕਹੀਆਂ ਜਾ ਰਹੀਆਂ ਹਨ, ਉਥੇ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲੇ ਨੇ ਕੌਮੀ ਉਚ ਸਿੱਖਿਆ ਮੁਹਿੰਮ (ਰੂਸਾ) ਦੇ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਪਹਿਲੀ ਜਮਾਤ 'ਚ ਪੜ੍ਹਨ ਵਾਲੇ 100 ਬੱਚਿਆਂ ਵਿਚੋਂ ਸਿਰਫ਼ 13 ਬੱਚੇ ਹੀ ਕਾਲਜ ਪਹੁੰਚਦੇ ਹਨ ਤੇ ਬਾਕੀ ਸਹੀ ਸਿੱਖਿਆ ਨਾ ਮਿਲ ਸਕਣ ਕਰਕੇ ਸਕੂਲਾਂ 'ਚ ਹੀ ਫੇਲ੍ਹ ਹੋ ਜਾਂਦੇ ਹਨ ਜਾਂ ਫਿਰ ਕਾਲਜਾਂ 'ਚ ਪਹੁੰਚਦੇ ਪਹੁੰਚਦੇ ਹੀ ਸਕੂਲ ਛੱਡ ਜਾਂਦੇ ਹਨ। ਅਜਿਹੇ ਸਮੇਂ ਇਨ੍ਹਾਂ ਵਿਦਿਆਰਥੀਆਂ ਕੋਲ ਨਾ ਕੋਈ ਵਿਸ਼ੇਸ਼ ਕੁਸ਼ਲਤਾ ਜਾਂ ਯੋਗਤਾ ਹੁੰਦੀ ਹੈ ਤੇ ਨਾ ਹੀ ਉਨ੍ਹਾਂ ਦੀ ਏਨੀ ਪਹੁੰਚ ਹੁੰਦੀ ਹੈ ਕਿ ਉਨ੍ਹਾਂ ਨੂੰ ਮਨਚਾਹੀ ਨੌਕਰੀ ਮਿਲ ਜਾਵੇ। ਇਸ ਲਈ ਉਹ ਵੀ ਹੋਰਾਂ ਵਾਂਗੂੰ ਬੇਰੁਜ਼ਗਾਰਾਂ ਦੀ ਸ਼੍ਰੇਣੀ 'ਚ ਸ਼ਾਮਲ ਹੋ ਜਾਂਦੇ ਹਨ। ਜਿਥੇ ਸਿੱਖਿਆ ਦੀ ਗੁਣਵੰਣਤਾ ਹੀ ਸਭ ਤੋਂ ਹੇਠਲੇ ਪੱਧਰ ਨੂੰ ਛੂਹ ਰਹੀ ਹੋਵੇ ਉਥੇ ਸਿਰਫ਼ ਲਿਪਾਪੋਚੀ ਕਰਕੇ ਇਕ ਸਮੇਂ ਵਿਕਸਿਤ, ਸਿੱਖਿਅਤ ਤੇ ਸਵੈ ਘੋਸ਼ਿਤ (ਸਵੈ ਨਿਰਭਰ) ਸਮਾਜ ਦੀ ਕਲਪਨਾ ਕਰਨ ਦੀ ਮੂਰਖਤਾ ਹੋਵੇਗੀ। ਅੱਜ ਕੱਲ੍ਹ ਜੋ ਸਥਿਤੀ ਪੈਦਾ ਹੋ ਰਹੀ ਹੈ ਉਹ ਦੇਸ਼ ਤੇ ਸਮਾਜ ਨੂੰ ਇਕ ਵੱਡੇ ਸੰਕਟ ਵੱਲ ਲੈ ਜਾ ਰਹੀ ਹੈ। ਇਸ ਵਿਰਾਟ ਸਮੱਸਿਆ ਤੋਂ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਧਿਆਨ ਲਾਂਭੇ ਕਰਕੇ ਉਨ੍ਹਾਂ ਨੂੰ ਧਰਮ, ਜਾਤੀਵਾਦ ਤੇ ਵਿਅਕਤੀਵਾਦ ਵੱਲ ਧੱਕਿਆ ਜਾ ਰਿਹਾ ਹੈ। ਆਤਮ ਕੇਂਦਰਿਤ ਸੋਚ ਅਤੇ ਇਕ ਦੂਜੇ ਦੀ ਦੇਖਾਦੇਖੀ 'ਚ ਨੌਜਵਾਨ ਆਪਣੇ ਰਾਹ ਤੋਂ ਭਟਕ ਗਿਆ ਹੈ। ਇਸ ਲਾਲਚੀ ਪੂੰਜੀਵਾਦੀ ਨਿਜ਼ਾਮ ਵਲੋਂ ਬਣਾਏ ਹੋਏ ਚਮਕਦਾਰ-ਝਿਲਮਿਲਾਉਂਦੇ ਧੋਖੇ ਦੀ ਚਾਦਰ ਦੇ ਪਿਛੇ ਜਦ ਉਹ ਗਰੀਬੀ, ਭੁਖਮਰੀ, ਬੇਰੁਜ਼ਗਾਰੀ ਤੇ ਅਨਪੜ੍ਹਤਾ ਨਾਲ ਸੜਦੇ ਸਮਾਜ ਨੂੰ ਵੇਖਦਾ ਤਾਂ ਹੈ ਪਰ ਉਸ ਨੂੰ ਕੋਈ ਰਾਹ ਨਹੀਂ ਸੁਝਦਾ। ਦੇਸ਼ ਦੇ ਇਤਿਹਾਸ ਨੂੰ ਸੁਨਹਿਰੀ ਬਣਾਉਣ ਵਾਲੇ ਜਿਸ ਇਨਕਲਾਬੀ ਰਾਹ ਨੂੰ ਅਨੇਕਾਂ ਅਮਰ ਸ਼ਹੀਦਾਂ ਨੇ ਚੁਣਿਆ ਸੀ ਉਹ ਰਾਹ ਦਾ ਨਾਮੋਨਿਸ਼ਾਨ ਮਿਟਾਉਣ ਲਈ ਸਾਮਰਾਜਪ੍ਰਸਤ, ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨ 'ਚ ਹਾਕਮ ਜਮਾਤ ਜੁਟੀ ਹੋਈ ਹੈ। ਸਹੀ ਸਿੱਖਿਆ ਦੀ ਘਾਟ ਕਾਰਨ ਉਪਜੀ ਬੇਰੁਜ਼ਗਾਰੀ ਦੀ ਇਹ ਸਮੱਸਿਆ ਸਿਰਫ਼ ਨੌਜਵਾਨਾਂ ਤੇ ਵਿਦਿਆਰਥੀਆਂ ਦੀ ਹੀ ਨਹੀਂ ਹੈ। ਇਹ ਸਮੱਸਿਆ ਉਨ੍ਹਾਂ ਮਾਪਿਆਂ ਦੀ ਵੀ ਹੈ ਜਿਨ੍ਹਾਂ ਦੀਆਂ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਬੱਚਿਆਂ ਨੂੰ ਸਹੀ ਸਿੱਖਿਆ ਤੇ ਰੁਜ਼ਗਾਰ ਨਹੀਂ ਮਿਲ ਰਿਹਾ। ਅਜਿਹੀ ਹਾਲਤ 'ਚ ਇਹ ਜ਼ਰੂਰੀ ਹੈ ਕਿ ਸਿੱਖਿਆ ਦੇ ਪੱਧਰ ਨੂੰ ਉਚਾ ਚੁੱਕਣ ਤੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਖਤਮ ਕਰਨ ਲਈ ਇਕ ਬਝਵੇਂ ਤੇ ਇਕਜੁਟ ਯਤਨ ਕੀਤੇ ਜਾਣ। ਸਾਡੀ ਦਬੀ ਹੋਈ ਆਵਾਜ਼ ਨੂੰ ਗੂੰਗੇ ਬੋਲੇ ਹਾਕਮਾਂ ਤੱਕ ਜ਼ੋਰਦਾਰ ਢੰਗ ਨਾਲ ਪਹੁੰਚਾਇਆ ਾਵੇ। ਇਹ ਕੰਮ ਦੇਸ਼ ਦੇ ਜੋਸ਼ੀਲੇ ਨੌਜਵਾਨਾਂ ਤੋਂ ਬੇਹਤਰ ਕੋਈ ਨਹੀਂ ਕਰ ਸਕਦਾ। ਆਪਣੀ ਇਨਕਲਾਬੀ ਸੋਚ ਨੂੰ ਹਕੀਕਤ 'ਚ ਬਦਲ ਕੇ, ਸਿਧਾਂਤਾਂ ਤੇ ਪਹਿਰਾ ਦੇ ਕੇ, ਅਨੁਸ਼ਾਸਤ ਤਰੀਕੇ ਨਾਲ ਇਕ ਅੰਦੋਲਨ ਦੀ ਸ਼ੁਰੂਆਤ ਕੀਤੀ ਜਾਣੀ ਬਣਦੀ ਹੈ ਤਾਂ ਕਿ ਇਸ ਦੀ ਚਿੰਗਾੜੀ ਆਉਣ ਵਾਲੀਆਂ ਪੀੜ੍ਹੀਆਂ ਦੇ ਦਿਲਾਂ 'ਚ ਵੀ ਜਗਦੀ ਰਹੇ ਅਤੇ ਉਹ ਸਾਰੇ ਆਪਣੇ ਜਮਹੂਰੀ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਦੇ ਰਹਿਣ।



**ਬੀਬੀ ਵਾਲਾ ਰੋਡ, ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ, ਬਠਿੰਡਾ**
98156-29301

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਸੁਆਲ ਸੰਵਾਦ

# ਵਿਆਪਮ ਦੀ ਮੰਡੀ ਵਿੱਚ ਸਰਕਾਰ ਦਾ ਮਨਮੋਹਨ-ਮੋਦੀ ਖ਼ਾਸਾ



ਦਲਜੀਤ ਅਮੀ




ਮੱਧਿਆ ਪ੍ਰਦੇਸ਼ ਵਿੱਚ ਵਿਆਪਮ ਘਪਲੇ ਦੀਆਂ ਖ਼ਬਰਾਂ ਅਖ਼ਬਾਰਾਂ ਅਤੇ ਟੈਲੀਵਿਜ਼ਨਾਂ ਉੱਤੇ ਲਗਾਤਾਰ ਚੱਲ ਰਹੀਆਂ ਹਨ। ਇਹ ਹੋ ਸਕਦਾ ਹੈ ਕਿ ਇਸ ਲੇਖ ਦੇ ਪਾਠਕਾਂ ਦੇ ਹੱਥਾਂ ਤੱਕ ਪਹੁੰਚਣ ਤੱਕ ਕੋਈ ਹੋਰ ਖ਼ਬਰ ਅਹਿਮ ਹੋ ਚੁੱਕੀ ਹੋਵੇ ਅਤੇ ਵਿਆਪਮ ਦੀ 'ਅਹਿਮੀਅਤ' ਘਟ ਗਈ ਹੋਵੇ। 'ਮੁੱਲ ਦੀਆਂ ਖ਼ਬਰਾਂ' ਦੇ ਦੌਰ ਵਿੱਚ ਵਿਆਪਮ ਘਪਲੇਨੂੰ ਪੱਤਰਕਾਰੀ ਦਾ ਧਿਆਨ ਖਿੱਚਣ ਲਈ ਵੱਡੀ ਕੀਮਤ ਤਾਰਨੀ ਪਈ ਹੈ। ਜਦੋਂ ਵਿਆਪਮ ਕਾਰੋਬਾਰ ਸੀ ਤਾਂ ਇਹ ਲੋਕਾਂ ਨੂੰ ਜ਼ਿੰਦਗੀ ਦੇ ਬਿਹਤਰ ਮੌਕਿਆਂ ਤੋਂ ਮਹਿਰੂਮ ਕਰ ਰਿਹਾ ਸੀ ਅਤੇ ਜਦੋਂ ਘਪਲੇ ਵਜੋਂ ਬੇਪਰਦ ਹੋਇਆ ਹੈ ਤਾਂ ਇਸ ਦਾ ਖ਼ੂੰਖ਼ਾਰ ਰੂਪ ਸਾਹਮਣੇ ਹੈ। ਤਕਰੀਬਨ ਛੇ ਸਾਲਾਂ ਦੌਰਾਨ ਇਸ ਵਿਆਪਮ ਨਾਲ ਕਾਰੋਬਾਰ ਵਜੋਂ ਜਾਂ ਇਸ ਦੀ ਘਪਲੇ ਵਜੋਂ ਸ਼ਨਾਖ਼ਤ ਕਰਨ ਨਾਲ ਕਈ ਜੀਆਂ ਦੀਆਂ ਮੌਤਾਂ ਹੋਈਆਂ ਹਨ।ਮੀਡੀਆ ਵਿੱਚ ਇਨ੍ਹਾਂ ਮੌਤਾਂ ਦੀ ਗਿਣਤੀ ਪੱਚੀ ਤੋਂ ਚਾਲੀ ਤੱਕ ਦੱਸੀ ਜਾ ਰਹੀ ਹੈ।ਇਨ੍ਹਾਂ ਸਾਰੀਆਂ ਮੌਤਾਂ ਨੂੰ ਸਿਧਾਂਤਕ ਅਤੇ ਤਕਨੀਕੀ ਪੱਖੋਂ ਕੁਦਰਤੀ ਮੌਤ ਵਜੋਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਇਹ ਜਿਊਂਦੇ ਹੋ ਸਕਦੇ ਸਨ। ਇਨ੍ਹਾਂ ਵਿੱਚੋਂ ਦਸ ਸੜਕ 'ਹਾਦਸਿਆਂ' ਵਿੱਚ ਮਾਰੇ ਗਏ। ਪੰਜ 'ਖ਼ੁਦਕੁਸ਼ੀਆਂ' ਕਰ ਗਏ। ਦੋ ਦਿਲ ਦੇ 'ਦੌਰੇ'ਅਤੇ ਇੱਕ ਦਿਮਾਗ ਦੀ ਨਸ 'ਫਟਣ' ਕਾਰਨ ਪੂਰੇ ਹੋ ਗਏ। ਕੁਝ ਸ਼ਰਾਬ ਨਾਲ ਹੋਈਆਂ ਬੀਮਾਰੀਆਂ ਕਾਰਨ, ਦਵਾਈਆਂ ਦੇ ਉਲਟ ਅਸਰ ਅਤੇ ਸ਼ੱਕੀ ਹਾਲਾਤਵਿੱਚ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਲੰਘੇ ਸ਼ਨੀ-ਐਤਵਾਰ (4-5 ਜੁਲਾਈ) ਨੂੰ ਦੋ ਮੌਤਾਂ ਹੋਣ ਕਾਰਨ ਇਹ ਮਸਲਾ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੋ ਗਿਆ। ਪੱਤਰਕਾਰ ਅਕਸ਼ੇ ਸਿੰਘ ਅਤੇ ਜੱਬਲਪੁਰ ਮੈਡੀਕਲ ਕਾਲਜ ਦੇ ਡੀਨ ਡਾ. ਅਰੁਨ ਸ਼ਰਮਾ ਦੀਆਂ ਮੌਤਾਂ ਸ਼ੱਕੀ ਹਾਲਾਤ ਵਿੱਚ ਹੋਈਆਂ ਸਨ। ਡਾ. ਅਰੁਨ ਸ਼ਰਮਾ ਤੋਂ ਪਹਿਲਾਂ ਡਾ. ਡੀ. ਕੇ. ਸਾਕਾਲੇ ਕਾਲਜ ਦੇ ਡੀਨ ਸਨ ਜਿਨ੍ਹਾਂ ਦੀ ਇੱਕ ਸਾਲ ਪਹਿਲਾਂ ਸ਼ੱਕੀ ਹਾਲਾਤ ਵਿੱਚ ਮੌਤ ਹੋਈ ਸੀ। ਅਖ਼ਬਾਰਾਂ ਮੁਤਾਬਕ ਡਾ. ਅਰੁਨ ਸ਼ਰਮਾ ਨੇ ਪਿਛਲੇ ਦਿਨੀਂ ਵਿਆਪਮ ਘਪਲੇ ਨਾਲ ਜੁੜੇ ਦੋ ਸੌ ਦਸਤਾਵੇਜ਼ ਸਪੈਸ਼ਲ ਟਾਸਕ ਫੋਰਸ (ਐੱਸ.ਟੀ.ਐੱਫ.) ਦੇ ਹਵਾਲੇ ਕੀਤੇ ਸਨ। ਦੂਜੇ ਪਾਸੇ ਪੱਤਰਕਾਰ ਅਕਸ਼ੇ ਸਿੰਘ ਇਸੇ ਘਪਲੇ ਨਾਲ ਜੁੜੀ ਮੌਤ ਬਾਰੇ ਖੋਜ ਕਰ ਰਹੇ ਸਨ ਅਤੇ ਇੱਕ ਮਕਤੂਲਾ ਦੇ ਮਾਪਿਆਂ ਨਾਲ ਮੁਲਾਕਾਤ ਕਰ ਕੇ ਹਟੇ ਸਨ। ਡਾ. ਅਰੁਨ ਸ਼ਰਮਾ ਦੀ ਲਾਸ਼ ਦਿੱਲੀ ਦੇ ਇੱਕ ਹੋਟਲ ਵਿੱਚੋਂ ਮਿਲੀ ਅਤੇ ਅਕਸ਼ੇ ਨੂੰ ਭੇਦਭਰੀ ਬੀਮਾਰੀ ਕਾਰਨ ਮੂੰਹ ਵਿੱਚੋਂ ਝੱਗਨਿਕਲਦਿਆਂ ਹਸਪਤਾਲ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦੀ ਮੌਤ ਮੱਧਿਆ ਪ੍ਰਦੇਸ਼ ਦੇ ਝੱਬੂਆ ਜ਼ਿਲ੍ਹੇ ਵਿੱਚ ਮੇਘਾਨਗਰ ਵਿੱਚ ਹੋਈ।

ਮੱਧਿਆ ਪ੍ਰਦੇਸ਼ ਪ੍ਰੋਫ਼ੈਸ਼ਨਲ ਐਗਜਾਮੀਨੇਸ਼ਨ ਬੋਰਡ ਨੂੰ ਹਿੰਦੀ ਵਿੱਚ ਛੋਟਾ ਨਾਲ ਵਿਆਪਮ ਮਿਲਿਆ ਹੈ ਇਸ ਦਾ ਕੰਮ ਦਾਖ਼ਲੇ ਅਤੇ ਭਰਤੀ ਨਾਲ ਜੁੜੇ ਇਮਤਿਹਾਨ ਲੈਣਾ ਹੈ। ਵਿਆਪਮ ਘਪਲਾ 2009 ਵਿੱਚ ਬੇਪਰਦ ਹੋਇਆ ਅਤੇ ਉਸ ਤੋਂ ਬਾਅਦ ਅਦਾਲਤੀ ਕਾਰਵਾਈਆਂ, ਜਾਂਚਾਂ ਅਤੇ ਖੋਜਾਂ ਦਾ ਦੌਰ ਜਾਰੀ ਹੈ। ਇਸ ਘਪਲੇ ਦੇ ਇਲਜ਼ਾਮ ਦੇ ਘੇਰੇ ਵਿੱਚ ਸਿਆਸਤਦਾਨ, ਇੰਤਜ਼ਾਮੀਆ ਅਤੇ ਕਾਰੋਬਾਰੀਆਂ ਦਾ ਵੱਡਾ ਪੂਰ ਆਉਂਦਾ ਹੈ। ਦੋਸ਼ੀਆਂ ਅਤੇ ਨੁਕਸਾਨ ਦਾ ਅੰਦਾਜ਼ਾ ਸ਼ਾਇਦ ਕਦੇ ਨਾ ਲੱਗੇ ਅਤੇ ਸ਼ਾਇਦ ਕਦੇ ਕਿਸੇ ਨੂੰ ਕਸੂਰਵਾਰ ਨਾ ਦਿੱਤਾ ਜਾਵੇ ਪਰ ਕੁਝ ਤੱਥ ਸਰਬ ਪ੍ਰਵਾਨਤ ਹੋ ਗਏ ਹਨ। ਇਹ ਘਪਲਾ ਹੋਇਆ ਹੈ ਅਤੇ ਇਸ ਨੂੰ ਇੰਜ਼ਾਮ ਦੇਣ ਦੇ ਤਰੀਕੇ ਜਾਂਚ ਏਜੰਸੀਆਂ ਤੋਂ ਲੈ ਕੇ ਆਵਾਮ ਦੀ ਜਾਣਕਾਰੀ ਵਿੱਚ ਆ ਚੁੱਕੇ ਹਨ। ਇਨ੍ਹਾਂ ਤਰੀਕਿਆਂ ਵਿੱਚ ਹੀ ਇਸ ਘਪਲੇ ਦਾ ਖ਼ਾਸਾ ਲੁਕਿਆ ਹੋਇਆ ਹੈ। ਪਹਿਲੇ ਤਰੀਕੇ ਤਹਿਤ ਇਮਤਿਹਾਨ ਵੇਲੇ ਕਈ ਉਮੀਦਵਾਰਾਂ ਦੀ ਥਾਂ ਹੁਸ਼ਿਆਰ ਵਿਦਿਆਰਥੀ ਬੈਠਦੇ ਸਨ। ਦੂਜਾ ਤਰੀਕਾ ਇਹ ਸੀ ਕਿ ਪਿਛਲੇ ਸਾਲਾਂ ਦੇ ਹੁਸ਼ਿਆਰ ਵਿਦਿਆਰਥੀ ਦੁਬਾਰਾ ਇਮਤਿਹਾਨ ਦਿੰਦੇ ਸਨ ਅਤੇ ਆਪਣੇ ਅਗਲੇ-ਪਿਛਲੇ ਉਮੀਦਵਾਰਾਂ ਨੂੰ ਨਕਲ ਕਰਵਾਉਂਦੇ ਸਨ। ਤੀਜਾ ਤਰੀਕਾ ਇਹ ਸੀ ਕਿ ਉਮੀਦਵਾਰ ਕਿਸੇ ਸੁਆਲ ਦਾ ਜੁਆਬ ਦੇਣ ਦੀ ਥਾਂ ਖਾਲੀ ਸ਼ੀਟ ਵਾਪਸ ਫੜਾ ਦਿੰਦੇ ਸਨ। ਇਨ੍ਹਾਂ ਖਾਲੀ ਸ਼ੀਟਾਂ ਉੱਤੇ ਜ਼ਿਆਦਾ ਨੰਬਰ ਭਰ ਦਿੱਤੇ ਜਾਂਦੇ ਸਨ। ਬਾਅਦ ਵਿੱਚ ਸੂਚਨਾ ਦੇ ਅਧਿਕਾਰ ਤਹਿਤ ਇਹ ਸ਼ੀਟਾਂ ਦੇਖਣ ਦੀ ਮੰਗ ਕੀਤੀ ਜਾਂਦੀ ਸੀ ਅਤੇ ਭਰੇ ਨੰਬਰਾਂ ਮੁਤਾਬਕ ਜੁਆਬੀ ਨਿਸ਼ਾਨੀਆਂ ਲਗਾ ਦਿੱਤੀਆਂ ਜਾਂਦੀਆਂ ਸਨ। ਇਸ ਨਾਲ ਘਪਲੇ ਦਾ ਸਬੂਤ ਮਿਟ ਜਾਂਦਾ ਸੀ। ਇਸ ਕਾਰੋਬਾਰ ਵਿੱਚ ਵੱਡੀਆਂ-ਵੱਡੀਆਂ ਰਕਮਾਂ ਦੀਆਂ ਜੇਬਾਂ ਬਦਲਦੀਆਂ ਸਨ।




ਇਨ੍ਹਾਂ ਤਰੀਕਿਆਂ ਨਾਲ ਤੈਅ ਹੋ ਜਾਂਦਾ ਹੈ ਕਿ ਇਹ ਘਪਲਾ ਕਿਸੇ ਲਾਲਚੀ ਬੰਦੇ ਜਾਂ ਬੇਈਮਾਨ ਅਫ਼ਸਰ ਜਾਂ ਅਮੀਰ ਮਾਪਿਆਂ ਦੇ ਖ਼ਾਤੇ ਨਹੀਂ ਪਾਇਆ ਜਾ ਸਕਦਾ। ਇਹ ਸਾਰੇ ਤੱਤ ਅਤੇ ਤਬਕੇ ਘਪਲੇ ਦਾ ਹਿੱਸਾ ਹਨ ਪਰ ਇਹ ਪੂਰੇ ਇਮਤਿਹਾਨ ਦੇ ਢਾਂਚੇ ਨੂੰ ਮੁਨਾਫ਼ਾਮੁਖੀ ਮੋੜਾ ਦੇਣ ਦਾ ਮਸਲਾ ਹੈ। ਇਸ ਵਿੱਚ ਉੱਪਰ ਤੋਂ ਹੇਠਾਂ ਤੱਕ ਸਿਆਸਤਦਾਨ, ਇੰਤਜ਼ਾਮੀਆ, ਕਾਰੋਬਾਰੀ, ਕਾਲਾਬਾਜ਼ਾਰੀ, ਵਿਦਿਆਰਥੀ ਅਤੇ ਮਾਪੇ ਸ਼ਾਮਿਲ ਹਨ। ਇਸ ਨਾਲ ਸਿਆਸੀ, ਪ੍ਰਬੰਧਕੀ, ਸਮਾਜਿਕ ਅਤੇ ਸਿਧਾਂਤਕ ਤੰਦਾਂ ਜੁੜੀਆਂ ਹੋਈਆਂ ਹਨ ਜੋ ਸਮੁੱਚੇ ਨਿਜ਼ਾਮ ਦੇ ਖ਼ਾਸੇ ਦੀ ਨੁਮਾਇੰਦਗੀ ਕਰਦੀਆਂ ਹਨ। ਮੌਜੂਦਾ ਨਿਜ਼ਾਮ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਨਾਮ ਉੱਤੇ ਭ੍ਰਿਸ਼ਟਾਚਾਰੀਆਂ ਨੂੰ ਸਜ਼ਾ ਦੇ ਸਕਦਾ ਹੈ ਅਤੇ ਕੁਝ ਕਸੂਰਵਾਰ ਪਤਵੰਤਿਆਂ ਦੀ ਬਲੀ ਲੈ ਸਕਦਾ ਹੈ। ਇਸ ਮਾਮਲੇ ਵਿੱਚ ਸਾਬਕਾ ਸਿੱਖਿਆ ਮੰਤਰੀ ਲਕਸ਼ਮੀਕਾਂਤ ਸ਼ਰਮਾ ਤੋਂ ਲੈਕੇ ਵਿਆਪਮ ਦਾ ਇੰਤਜ਼ਾਮੀਆ, ਅਫ਼ਸਰਸ਼ਾਹੀ ਅਤੇ ਦਲਾਲਾਂ ਦੀ ਵੱਡੀ ਗਿਣਤੀ ਖ਼ਿਲਾਫ਼ਕਾਰਵਾਈ ਹੋਈ ਹੈ। ਘਪਲੇ ਦੇ ਦੋਵੇਂ ਪਾਸੇ ਇਲਜ਼ਾਮਾਂ ਵਿੱਚ ਘਿਰੇ ਲੋਕਾਂ ਨੂੰ ਕਾਰਵਾਈ ਅਤੇ ਜਾਂਚ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਰਿਸ਼ਵਤਖ਼ੋਰਾਂ ਖ਼ਿਲਾਫ਼ ਕਾਰਵਾਈ ਹੈ ਤਾਂ ਇਸ ਘਪਲੇ ਰਾਹੀਂ ਨੌਕਰੀਆਂ ਲੈਣ/ਦਵਾਉਣ ਅਤੇ ਦਾਖ਼ਲੇ ਲੈਣ/ਕਰਵਾਉਣ ਵਾਲਿਆਂ ਨੂੰ ਵੀ ਜਾਂਚ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਇਲਜ਼ਾਮ ਦਾ ਘੇਰਾ ਮੁੱਖ ਮੰਤਰੀ ਸ਼ਿਵਰਾਜ ਪਾਟਿਲ ਅਤੇ ਗਵਰਨਰ ਰਾਮ ਨਰੇਸ਼ ਯਾਦਵ ਤੱਕ ਫੈਲਿਆ ਹੋਇਆ ਹੈ। ਰਾਮ ਨਰੇਸ਼ ਯਾਦਵ ਦਾ ਪੁੱਤਰ ਸ਼ੈਲੇਸ਼ ਇਸ ਘਪਲੇ ਵਿੱਚ ਮੁਲਜ਼ਮ ਸੀ ਅਤੇ ਉਸ ਦੀ ਮੌਤ ਭੇਦਭਰੇ ਹਾਲਾਤ ਵਿੱਚ ਹੋਈ ਸੀ। ਇਸੇ ਤਰ੍ਹਾਂ ਗਵਰਨਰ ਦੇ ਵਿਸ਼ੇਸ਼ ਅਫ਼ਸਰ ਧਨਰਾਜ ਯਾਦਵ ਦੀ ਇਸੇ ਘਪਲੇ ਵਿੱਚ ਗ੍ਰਿਫ਼ਤਾਰੀ ਹੋਈ ਸੀ। ਗਵਰਨਰ ਨੇ ਸੰਵਿਧਾਨਕ ਅਖ਼ਤਿਆਰ ਤਹਿਤ ਆਪਣੇ ਖ਼ਿਲਾਫ਼ ਜਾਂਚ ਨਾ ਕਰਨ ਲਈ ਮੱਧ ਪ੍ਰਦੇਸ਼ ਦੀ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਖ਼ਿਲਾਫ਼ ਕਾਰਵਾਈ ਰੋਕ ਦਿੱਤੀ ਗਈ ਹੈ ਅਤੇ ਜਾਂਚ ਜਾਰੀ ਹੈ। ਉਹ ਸਤੰਬਰ 2016 ਵਿੱਚ ਗਵਰਨਰ ਵਜੋਂ ਸੇਵਾਮੁਕਤ ਹੋਣ ਵਾਲੇ ਹਨ ਅਤੇ ਸਪੈਸ਼ਲ ਇੰਨਵੈਸਟੀਗੇਟਿੰਗ ਟੀਮ ਮੁਤਾਬਕ ਉਨ੍ਹਾਂ ਖ਼ਿਲਾਫ਼ ਸੇਵਾਮੁਕਤ ਹੋਣ ਤੋਂ ਬਾਅਦ ਕਾਰਵਾਈ ਹੋਵੇਗੀ। ਸੰਵਿਧਾਨ ਦੀ ਅਖ਼ਤਿਆਰੀ ਵਾੜ ਅੰਦਰ ਬੈਠੇ ਗਵਰਨਰ ਭਾਵੇਂ ਬਚ ਜਾਣ ਪਰ ਇਸ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਗਵਰਨਰ ਦੇ ਅਹੁਦੇ ਲਈ ਇਖ਼ਲਾਕੀ ਸੁਆਲਾਂ ਦੀ ਕੋਈ ਅਹਿਮੀਅਤ ਨਹੀਂ ਹੈ। ਦੂਜਾ ਪਾਸਾ ਇਹ ਹੈ ਕਿ ਵਿਆਪਮ ਦੀ ਘਪਲੇ ਵਜੋਂ ਮਾਰ ਮੁਲਕ ਦੇ ਸੰਵਿਧਾਨਕ ਅਹੁਦਿਆਂ ਤੱਕ ਹੈ ਜਿਨ੍ਹਾਂ ਦੀਆਂ ਅਖ਼ਤਿਆਰੀ ਰਿਆਇਤਾਂ ਨੂੰ ਹੁਣ ਜਮਹੂਰੀਅਤ ਦਾ ਹਿੱਸਾ ਨਹੀਂ ਮੰਨਿਆ ਜਾ ਸਕਦਾ।

ਜੇ ਯੋਗਾ ਦਿਵਸ ਦੀ ਸਰਕਾਰੀ ਮਸ਼ਕਵਿੱਚ ਸ਼ਮੂਲੀਅਤ ਨਾਕਰਨ ਕਾਰਨ ਉਪ ਰਾਸ਼ਟਰਪਤੀ ਹਮੀਦ ਅੰਸਾਰੀ ਕਿਸੇ ਰਾਸ਼ਟਰ ਸਵੈਮ ਸੇਵਕ ਸੰਘ ਦੇ ਆਗੂ ਮਾਧਵਨ ਦੇ ਸੁਆਲਾਂ ਦੇ ਘੇਰੇ ਵਿੱਚ ਆਉਂਦੇ ਹਨ ਤਾਂ ਮੱਧ ਪ੍ਰਦੇਸ਼ ਦਾ ਗਵਰਨਰ ਇਖ਼ਲਾਕੀ ਜਾਂ ਮੁਲਕਪ੍ਰਸਤੀ ਦੇ ਸੁਆਲਾਂ ਵਿੱਚ ਸ਼ੁਮਾਰ ਕਿਉਂ ਨਹੀਂ ਹੁੰਦਾ? ਜਦੋਂ ਨਰਿੰਦਰ ਮੋਦੀ ਆਜ਼ਾਦੀ ਦਿਵਸ ਮੌਕੇ ਤਤਕਾਲੀ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਦੀ ਤਕਰੀਰ ਨੂੰ ਨਿਸ਼ਾਨਾ ਬਣਾ ਸਕਦੇ ਹਨ ਤਾਂ ਮੱਧ ਪ੍ਰਦੇਸ਼ ਦੇ ਗਵਰਨਰ ਨਜ਼ਰਅੰਦਾਜ਼ ਕਿਵੇਂ ਹੋ ਜਾਂਦੇ ਹਨ? ਜੇ ਚੋਣਾਂ ਤੋਂ ਬਾਅਦ ਭਾਜਪਾ ਦੇ ਗਵਰਨਰ ਲਗਾਉਣ ਲਈ ਪੁਰਾਣੇ ਗਵਰਨਰ ਹਟਾਉਣ ਦੀ ਮਸ਼ਕ ਹੋ ਸਕਦੀ ਹੈ ਤਾਂ ਰਾਮ ਨਰੇਸ਼ ਯਾਦਵ ਨਾਲ ਸਾਂਝ ਦਾ ਸੁਆਲ ਤਾਂ ਪੁੱਛਿਆ ਹੀ ਜਾਣਾ ਚਾਹੀਦਾ ਹੈ? ਇਹ ਸੁਆਲ ਅਹਿਮ ਜਾਪ ਸਕਦੇ ਹਨ ਪਰ ਵਿਆਪਮ ਦਾ ਖ਼ਾਸਾ ਇਨ੍ਹਾਂ ਨੂੰ ਬੇਮਾਅਨਾ ਕਰ ਦਿੰਦਾ ਹੈ।ਭ੍ਰਿਸ਼ਟਾਚਾਰ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਗੱਠਜੋੜ ਦੀਆਂ ਮਜਬੂਰੀਆਂ ਕਰਾਰ ਦਿੱਤਾ ਜਾਂਦਾ ਸੀ ਪਰ ਨਰਿੰਦਰ ਮੋਦੀ ਦੇ ਦੌਰ ਵਿੱਚ ਸ਼ਾਨਦਾਰਬਹੁਮਤ ਦੀ ਸਰਪ੍ਰਸਤੀ ਵਿੱਚ ਮੂੰਹਜ਼ੋਰ ਹੋ ਜਾਂਦਾ ਹੈ।

ਵਿਆਪਮ ਘਪਲਾ ਵਿੱਤੀ ਪਾੜੇ ਨੂੰ ਵਧਾਉਣ ਅਤੇ ਪੱਕਾ ਕਰਨ ਦੀ ਮਸ਼ਕ ਹੈ



ਜੋ ਮਨਮੋਹਨ-ਮੋਦੀ ਦੀ ਖੁੱਲ੍ਹੀ ਮੰਡੀ ਵਾਲੀ ਸੇਧ ਨਾਲ ਮੇਲ ਖਾਂਦੀ ਹੈ। ਦਾਖ਼ਲਿਆਂ ਅਤੇ ਨੌਕਰੀਆਂ ਤੋਂ ਮਹਿਰੂਮ ਕੌਣ ਹੋ ਰਿਹਾ ਹੈ? ਲਿਆਕਤ ਦੇ ਬਾਵਜੂਦ ਗ਼ਰੀਬ ਤਬਕਾ। ਰਿਸ਼ਵਤ ਦੇ ਕੌਣ ਰਿਹਾ ਹੈ? ਅਮੀਰ ਪਤਵੰਤਾ। ਰਿਸ਼ਵਤ ਦੇ ਕੌਣ ਰਿਹਾ ਹੈ? ਅਮੀਰ ਪਤਵੰਤਾ। ਅਮੀਰਾਂ ਦੀ ਇਸ ਖੇਡ ਵਿੱਚ ਸਮੁੱਚਾ ਨਿਜ਼ਾਮ ਸ਼ਾਮਿਲ ਹੈ ਤਾਂ ਸਮੱਸਿਆ ਕੀ ਹੈ? ਜਦੋਂ ਸਰਕਾਰ ਵਿਉਂਤਬੰਦ ਢੰਗ ਨਾਲ ਨਿੱਜੀ ਕਾਰੋਬਾਰੀਆਂ ਨੂੰ ਰਿਆਇਤਾਂ ਅਤੇ ਛੋਟਾਂ ਦੇ ਕੇ ਸਰਕਾਰੀ ਅਦਾਰਿਆਂ ਨੂੰ ਨਜ਼ਰਅੰਦਾਜ਼ ਕਰਦੀ ਹੈ ਤਾਂ ਵਿਆਪਮ ਨੂੰ ਇਸੇ ਸਰਕਾਰੀ ਸਨਅਤ ਦਾ ਹਿੱਸਾ ਕਿਉਂ ਨਹੀਂ ਮੰਨਿਆ ਜਾ ਸਕਦਾ? ਨਿਵੇਸ਼ਕਾਰਾਂ ਨੂੰ ਜਦੋਂ ਕਾਨੂੰਨੀ ਘੇਰੇ ਵਿੱਚ ਪ੍ਰਵਾਨਗੀਆਂ ਨਹੀਂ ਮਿਲਦੀਆਂ ਤਾਂ ਕਾਨੂੰਨੀ ਸੋਧਾਂ ਦੇ ਵਾਅਦੇ ਪ੍ਰਧਾਨ ਮੰਤਰੀ ਕੌਮਾਂਤਰੀ ਮੰਚਾਂ ਉੱਤੇ ਕਰਦੇ ਹਨ। ਜੇ ਆਪਣੇ ਬੱਚਿਆਂ ਨੂੰ ਦਾਖ਼ਲੇ ਜਾਂ ਨੌਕਰੀਆਂ ਦਵਾਉਣ ਲਈ ਅਮੀਰ ਕਾਨੂੰਨੀ ਘੇਰੇ ਨੂੰ ਮੋਕਲਾ ਕਰਦੇ ਹਨ ਤਾਂ ਇਹ ਵੱਖਰੀ ਗੱਲ ਕਿਵੇਂ ਹੋਈ? ਜਦੋਂ ਸਿਆਸਤਦਾਨ ਮੰਤਰੀਆਂ ਵਜੋਂ ਆਪਣੇ ਨਿੱਜੀ ਕਾਰੋਬਾਰ ਵਧਾਉਂਦੇ ਹਨ ਪਰ ਉਨ੍ਹਾਂ ਦੇ ਸਰਕਾਰੀ ਮਹਿਕਮੇ ਘਾਟੇ ਵਿੱਚ ਜਾਂਦੇ ਹਨ ਤਾਂ ਇਹ ਵਿਆਪਮ ਦੀ ਕੜੀ ਕਿਉਂ ਨਹੀਂ ਹੁੰਦਾ? ਨਿੱਜੀ ਨਿਵੇਸ਼ ਅਤੇ ਸਰਕਾਰੀ ਅਹੁਦੇ ਦਾ ਮਨਮੋਹਨ-ਮੋਦੀ ਰਿਸ਼ਤਾ ਨੌਕਰੀਆਂ ਅਤੇ ਦਾਖ਼ਲਿਆਂ ਦੇ ਮਾਮਲੇ ਵਿੱਚ ਵੱਖ ਕਿਉਂ ਹੋ ਸਕਦਾ ਹੈ? ਜੇ ਕੋਈ ਰਜਤ ਗੁਪਤਾ ਨਾਮ ਦਾ ਕੌਮਾਂਤਰੀ ਵਿੱਤੀ ਅਪਰਾਧੀ ਸਰਕਾਰੀ ਸਰਪ੍ਰਸਤੀ ਹੇਠ ਰਿਆਇਤਾਂ ਅਤੇ ਛੋਟਾਂ ਲੈ ਕੇ ਮੈਡੀਕਲ ਸਿੱਖਿਆ ਦੇ ਕਾਨੂੰਨੀ ਪੱਖੋਂ ਗ਼ੈਰ-ਪ੍ਰਵਾਨਤ ਅਦਾਰੇ ਖੋਲ ਸਕਦਾ ਹੈ ਤਾਂ ਕੋਈ ਪਤਵੰਤਾ ਰਿਸ਼ਵਤ ਦੇ ਕੇ ਆਪਣਾ ਨਾਲਾਇਕਾਂ ਨੂੰ ਲਾਇਕ ਕਿਉਂ ਨਹੀਂ ਬਣਾ ਸਕਦਾ? ਇਨ੍ਹਾਂ ਸੁਆਲਾਂ ਦੀ ਫਿਹਰਿਸਤ ਬਹੁਤ ਲੰਮੀ ਹੋ ਸਕਦੀ ਹੈ। ਵਿਆਪਮ ਘਪਲੇ ਦੇ ਖ਼ਾਸੇ ਦਾ ਮੌਜੂਦਾ ਨਿਜ਼ਾਮ ਨਾਲ ਮੇਲ ਖਾਣਾ ਅਹਿਮ ਸੁਆਲ ਹੈ। ਵਿਆਪਮ ਦੀਆਂ ਜੜ੍ਹਾਂ ਏਨੀਆਂ ਡੂੰਘੀਆਂ ਹਨ ਕਿ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਜਾਂ ਸਰਕਾਰੀ ਮਸ਼ਕ ਇਸ ਉੱਤੇ ਪਰਦਾ ਪਾਉਣ ਵਿੱਚ ਨਾਕਾਮਯਾਬ ਰਹੀ ਹੈ।

ਸਰਕਾਰੀ ਅਦਾਰਿਆਂ ਅਤੇ ਸਰਕਾਰ ਲਈ ਵਿਆਪਮ 'ਸੱਪ ਦੇ ਮੂੰਹ ਵਿੱਚ ਕਿਰਲੀ' ਹੈ ਜਿਸ ਨੂੰ ਛੱਡਣ ਨਾਲ ਮੋਦੀ-ਤਾਕਤ ਦਾ ਤਲਿੱਸਮ ਟੁੱਟਦਾ ਹੈ ਅਤੇ ਨਿਗਲ ਜਾਣ ਨਾਲ 'ਵਿਕਾਸ' ਦਾ ਕਿਲ੍ਹਾ ਢਹਿੰਦਾ ਹੈ ਸਰਕਾਰ ਲਈ ਵਿਆਪਮ ਬਾਰੇ ਫ਼ੈਸਲਾ ਅਡਾਨੀ ਅਤੇ ਓਬਾਮਾ ਨੂੰ ਮੁਖ਼ਾਤਬ ਹੋ ਕੇ ਕੀਤਾ ਜਾ ਸਕਦਾ ਹੈ। ਜੇ ਡਾ. ਮਨਮੋਹਨ ਸਿੰਘ ਹਰ ਮੌਕੇ ਓਬਾਮਾ ਨਾਲ ਭਾਰਤ ਦੇ ਪਿਆਰ ਦਾ ਇਜ਼ਹਾਰ ਕਰਦੇ ਰਹੇ ਹਨ ਤਾਂ ਮੋਦੀ ਦਾ ਚੋਣ ਰੱਥ ਅਡਾਨੀ ਦੇ ਜਹਾਜ਼ ਵਿੱਚ ਸਵਾਰ ਹੋ ਕੇ ਦਿੱਲੀ ਪਹੁੰਚਿਆ ਹੈ। ਜੇ ਡਾ. ਮਨਮੋਹਨ ਸਿੰਘ ਕਦੇ ਰਤਨ ਟਾਟਾ ਦੀ ਨਿੱਜੀ ਜ਼ਿੰਦਗੀ ਦਾ ਸਤਿਕਾਰ ਕਰਨਾ ਨਹੀਂ ਭੁੱਲੇ ਤਾਂ ਮੋਦੀ ਨੇ ਓਬਾਮਾ ਨੂੰ ਨਾਮ ਨਾਲ ਬੁਲਾ ਕੇ ਭਾਰਤ ਦਾ ਮਾਣ ਵਧਾਇਆ ਹੈ। ਇਸ ਦੌਰ ਵਿੱਚ ਖੁੱਲ੍ਹੀ ਮੰਡੀ ਦੇ ਆਪਹੁਦਰੇਪਣ ਨੂੰ ਸਰਕਾਰੀ ਸਰਪ੍ਰਸਤੀ ਵਿੱਚ ਲਿਆਉਣ ਲਈ ਕੌਮਾਂਤਰੀ ਅਦਾਰਿਆਂ ਤੋਂ ਲੈ ਕੇ ਮੁਕਾਮੀ ਕਾਰੋਬਾਰੀਆਂ ਦਾ ਵੱਡਾ ਗੱਠਜੋੜ ਹੈ। ਜੇ ਇਸ ਗੱਠਜੋੜ ਨੂੰ ਵਿਆਪਮ ਦਾ ਸਰਕਾਰੀ ਰੂਪ ਮੰਨ ਲਿਆ ਜਾਵੇ ਤਾਂ ਮੱਧ ਪ੍ਰਦੇਸ਼ ਵਾਲੇ ਵਿਆਪਮ ਦੇ ਨਕਸ਼ ਜ਼ਿਆਦਾ ਉਘੜ ਆਉਂਦੇ ਹਨ। ਸਰਕਾਰ ਨੇ ਸਿੱਖਿਆ ਦੇ ਹਰ ਖੇਤਰ ਵਿੱਚ ਪਰਵਾਸੀਆਂ ਅਤੇ ਅਖ਼ਤਿਆਰੀ ਖ਼ਾਤਿਆਂ ਵਿੱਚ ਦਾਖ਼ਲੇ ਵੇਚਣ ਦਾ ਰੁਝਾਨ ਸ਼ੁਰੂ ਕੀਤਾ ਹੈ ਅਤੇ ਵਿਆਪਮ ਦਾ ਇਸ ਨੂੰ ਖੁੱਲ੍ਹੀ ਮੰਡੀ ਵਿੱਚ ਬੋਲੀ ਲਗਾਉਣ ਵਾਲੀ ਖਿੜਕੀ ਹੈ। ਜੇ ਮੁਲਕਾਂ ਵਿੱਚ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਲਾਗੂ ਕਰਵਾਉਣ ਲਈ ਤਾਨਾਸ਼ਾਹੀ, ਜੰਗ ਅਤੇ ਜਮਹੂਰੀਅਤ ਦਾ ਸਹਾਰਾ ਲਿਆ ਜਾ ਸਕਦਾ ਹੈ ਤਾਂ ਵਿਆਪਮ ਨੂੰ ਬੇਪਰਦ ਕਰਨ ਵਾਲੇ ਇਖ਼ਲਾਕੀ ਨਿਜ਼ਾਮ ਨੂੰ ਸੜਕ ਹਾਦਸਾ ਕਿਉਂ ਨਹੀਂ ਮਿਲ ਸਕਦਾ? ਕੌਮਾਂਤਰੀ ਪੱਧਰ ਉੱਤੇ ਖੁੱਲ੍ਹੀ ਮੰਡੀ ਦਾ ਵਿਰੋਧ ਕਰਵਾਉਣ ਵਾਲੇ ਅਤਿਵਾਦੀ, ਦੇਸ਼ਧਰੋਹੀ, ਗ਼ੈਰ-ਜਮਹੂਰੀ ਅਤੇ ਗ਼ੈਰ-ਮਨੁੱਖੀ ਕਰਾਰ ਦਿੱਤੇ ਗਏ ਹਨ। ਉਨ੍ਹਾਂ ਦਾ ਖ਼ੂਨ ਜ਼ਖ਼ਮਾਂ ਰਾਹੀਂ ਵਗਿਆ ਹੈ ਅਤੇ ਬੁੜ੍ਹਾਂ ਰਾਹੀਂ ਸੁੱਕਿਆ ਹੈ। ਵਿਆਮਪ ਉੱਤੇ ਸੁਆਲ ਕਰਨ ਵਾਲਿਆਂ ਨੂੰ ਟਕਰੇ ਸੜਕ ਹਾਦਸੇ, ਉਨ੍ਹਾਂ ਦੇ ਮੂੰਹਾਂ ਵਿੱਚੋਂ ਨਿਕਲਦੀ ਜ਼ਹਿਰੀਲੀ ਝੱਗ, ਜਵਾਨ ਉਮਰੇ ਪਏ ਦਿਲ ਦੇ ਦੌਰੇ ਅਤੇ ਫਟੀਆਂ ਦਿਮਾਗ਼ ਦੀਆਂ ਨਸਾਂ ਜਾਂ ਹੱਡਾਂ ਵਿੱਚ ਰਚ ਗਈ ਮਨਾਮੂੰਹੀ ਸ਼ਰਾਬ ਮੌਤ ਨੂੰ ਕੁਦਰਤੀ ਨਹੀਂ ਬਣਾ ਦਿੰਦੀ। ਇਹ ਆਵਾਮ ਦੀ ਗ਼ੈਰ-ਮਨੁੱਖੀ ਕਾਨੂੰਨੀ ਘੇਰਾਬੰਦੀ ਖ਼ਿਲਾਫ਼ਇਖ਼ਲਾਕੀ ਲੜਾਈ ਹੈ। ਇਸ ਲੜਾਈ ਵਿੱਚ ਖ਼ੂਨ ਡਰੋਨਾਂ ਦੀ ਮਾਰ ਨਾਲ ਵਹਿੰਦਾ ਹੈ ਤਾਂ ਨੀਤੀਆਂ ਦੀ ਮਾਰ ਨਾਲ ਸੁੱਕਦਾ ਹੈ।




# ਚੜ੍ਹਦੀ ਕਲਾ 'ਚ ਛਪੀ ਵਿਚਾਰ-ਚਰਚਾ ਅਤੇ ਵਿਵਾਦਪੂਰਨ ਮੁੱਦਿਆਂ ਬਾਰੇ ਮੇਰਾ ਪੱਖ

**ਬੂਟਾ ਸਿੰਘ (ਨਵਾਂਸ਼ਹਿਰ)**

ਮੇਰੀ ਕੈਨੇਡਾ ਫੇਰੀ ਸਮੇਂ ਪਿਛਲੇ ਮਈ ਮਹੀਨੇ ਸਰੀ ਸ਼ਹਿਰ ਵਿਖੇ ਕੁਝ ਸੀਨੀਅਰ ਪੱਤਰਕਾਰਾਂ ਨਾਲ ਇਕ ਸੰਖੇਪ ਵਿਚਾਰ-ਚਰਚਾ ਹੋਈ ਸੀ। ਇਸ ਬਾਰੇ ਚੜ੍ਹਦੀਕਲਾ ਵਿਚ ਛਪੀ ਰਿਪੋਰਟ ਨਾਲ ਕੁਝ ਗ਼ਲਤਫਹਿਮੀਆਂ ਪੈਦਾ ਹੋ ਗਈਆਂ। ਕੁਝ ਸੱਜਣਾਂ ਨੇ ਇਸ ਤੋਂ ਆਪ ਹੀ ਇਹ ਸਿੱਟਾ ਕੱਢ ਲਿਆ ਕਿ ਮੈਂ ਉਸ ਵਿਚਾਰ-ਚਰਚਾ ਵਿਚ ਖ਼ਾਲਸਤਾਨੀ ਲਹਿਰ ਵਲੋਂ 80ਵਿਆਂ ਦੌਰਾਨ ਤੇ 90ਵਿਆਂ ਦੇ ਸ਼ੁਰੂ ਦੇ ਸਾਲਾਂ ਵਿਚ ਕੀਤੀ ਕਤਲੋਗ਼ਾਰਤ ਨੂੰ ਜਾਇਜ਼ ਠਹਿਰਾਇਆ ਸੀ ਅਤੇ ਇਸ ਮਨੋਰਥ ਲਈ ਜਮਹੂਰੀ ਅਧਿਕਾਰ ਸਭਾ ਦਾ ਨਾਂ ਵਰਤਿਆ ਸੀ। ਇਥੇ ਮੈਂ ਆਪਣਾ ਪੱਖ ਪੇਸ਼ ਕਰ ਰਿਹਾ ਹਾਂ।

ਕੈਨੇਡਾ ਮੈਂ ਜਮਹੂਰੀ ਅਧਿਕਾਰ ਸਭਾ ਦੇ ਨੁਮਾਇੰਦੇ ਵਜੋਂ ਨਹੀਂ ਗਿਆ ਸੀ। ਉਥੇ ਮੈਂ ਜੋ ਵਿਚਾਰ ਪੇਸ਼ ਕੀਤੇ ਉਹ ਇਕ ਲੇਖਕ ਅਤੇ ਕਾਰਕੁੰਨ ਵਜੋਂ ਮੇਰੀ ਨਿੱਜੀ ਵਿਚਾਰ ਸਨ। ਕੁਝ ਅਖ਼ਬਾਰੀ ਰਿਪੋਰਟਾਂ ਅਤੇ ਪ੍ਰੋਗਰਾਮਾਂ ਵਿਚ ਜਮਹੂਰੀ ਅਧਿਕਾਰ ਸਭਾ ਵਿਚ ਮੇਰੇ ਜਥੇਬੰਦਕ ਅਹੁਦੇ ਦਾ ਜ਼ਿਕਰ ਆ ਜਾਣ ਦਾ ਮੈਨੂੰ ਅਫ਼ਸੋਸ ਹੈ। ਜਮਹੂਰੀ ਅਧਿਕਾਰ ਸਭਾ ਦਾ ਨਾਂ ਵਰਤਕੇ ਆਪਣੇ ਨਿੱਜੀ ਵਿਚਾਰ ਪੇਸ਼ ਕਰਨਾ ਮੇਰਾ ਉਦੇਸ਼ ਨਹੀਂ ਸੀ। ਕਿਸੇ ਵੀ ਰੂਪ 'ਚ ਇਸ ਤਰ੍ਹਾਂ ਦੇ ਜ਼ਿਕਰ ਤੋਂ ਲਾਜ਼ਮੀ ਹੀ ਗੁਰੇਜ਼ ਕੀਤਾ ਜਾਣਾ ਚਾਹੀਦਾ ਸੀ।

ਚੜ੍ਹਦੀ ਕਲਾ ਵਿਚ ਸ੍ਰੀ ਗੁਰਪ੍ਰੀਤ ਸਿੰਘ ਸਹੋਤਾ ਵਲੋਂ ਇਸ ਚਰਚਾ ਦੀ ਜੋ ਰਿਪੋਰਟ ਦਿੱਤੀ ਗਈ ਹੈ ਉਸ ਵਿੱਚੋਂ ਉਭਰਦੇ ਕੁਝ ਮੁੱਖ ਨੁਕਤੇ ਮੇਰੇ ਵਲੋਂ ਆਪਣੇ ਖ਼ਿਆਲਾਤ ਸਪਸ਼ਟ ਕੀਤੇ ਜਾਣ ਦੀ ਮੰਗ ਕਰਦੇ ਹਨ ਤਾਂ ਜੋ ਭੁਲੇਖੇ ਦੂਰ ਹੋ ਸਕਣ। ਪਹਿਲਾ, ਖ਼ਾਲਸਤਾਨ ਲਹਿਰ ਵਲੋਂ ਆਪਣੇ ਤੋਂ ਵੱਖਰੇ ਧਾਰਮਿਕ ਅਕੀਦੇ ਵਾਲੇ ਫਿਰਕਿਆਂ, ਵੱਖਰੇ ਸਿਆਸੀ ਵਿਚਾਰਾਂ ਵਾਲੇ ਬੁੱਧੀਜੀਵੀਆਂ, ਸਿਆਸੀ ਆਗੂਆਂ ਅਤੇ ਆਮ ਲੋਕਾਂ ਦੇ ਲਗਾਤਾਰ ਅੰਨੇਵਾਹ ਕਤਲਾਂ ਦਾ ਸਵਾਲ ਹੈ। ਮੇਰਾ ਸਪਸ਼ਟ ਮੰਨਣਾ ਹੈ ਕਿ ਪੰਜਾਬ ਵਿਚ ਧਾਰਮਿਕ ਅਤੇ ਸਿਆਸੀ ਵਿਚਾਰਾਂ ਦੇ ਅਧਾਰ 'ਤੇ ਕਤਲੋਗ਼ਾਰਤ ਪੂਰਾ ਇਕ ਦਹਾਕਾ ਇਸ ਕਰਕੇ ਜਾਰੀ ਰਹੀ ਕਿਉਂਕਿ ਖ਼ਾਲਿਸਤਾਨੀ ਤਹਿਰੀਕ ਦੀ ਲੀਡਰਸ਼ਿਪ ਉਨ੍ਹਾਂ ਸਾਰਿਆਂ ਨੂੰ ਖ਼ਾਲਿਸਤਾਨ ਬਣਾਉਣ ਦੇ ਆਪਣੇ ਰਾਜਸੀ ਏਜੰਡੇ ਦੇ ਰਾਹ 'ਚ ਮੁੱਖ ਰੋੜਾ ਸਮਝਦੀ ਸੀ। ਇਹ ਉਨ੍ਹਾਂ ਨੂੰ ਵਿਚਾਰਧਾਰਕ-ਸਿਆਸੀ ਸੰਵਾਦ ਨਾਲ ਜਿੱਤਣ ਦੀ ਥਾਂ ਗੋਲੀਆਂ ਨਾਲ ਖ਼ਾਮੋਸ਼ ਕਰਨ 'ਚ ਵਿਸ਼ਵਾਸ ਰੱਖਦੀ ਸੀ। ਇਹ ਉਨ੍ਹਾਂ ਦੀ ਪੂਰੀ ਤਰ੍ਹਾਂ ਸੁਚੇਤ ਨੀਤੀ ਸੀ। ਇਸ ਖ਼ਾਲਸਤਾਨੀ ਦਹਿਸ਼ਤੀ ਨੀਤੀ ਨੂੰ ਪੰਜਾਬ ਦੇ ਕਿਸੇ ਜਮਹੂਰੀਅਤਪਸੰਦ ਨੇ ਕਦੇ ਪ੍ਰਵਾਨ ਨਹੀਂ ਕੀਤਾ। ਮੈਂ ਇਸ ਨੀਤੀ ਦਾ ਸਖ਼ਤ ਵਿਰੋਧੀ ਰਿਹਾ ਹਾਂ, ਓਦੋਂ ਵੀ ਅਤੇ ਅੱਜ ਵੀ। ਐਪਰ ਜਿਨ੍ਹਾਂ "ਕਮਿਊਨਿਸਟਾਂ" ਨੇ ਸਟੇਟ ਦੀ ਖ਼ਾਲਸਤਾਨੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਨ ਤੋਂ ਪਿੱਛੋਂ ਫ਼ਰਜ਼ੀ ਮੁਕਾਬਲਿਆਂ ਵਿਚ ਮਾਰਨ ਦੀ ਫਾਸ਼ੀਵਾਦੀ ਨੀਤੀ ਦੀ ਹਮਾਇਤ ਕੀਤੀ ਅਤੇ ਪੁਲਿਸ ਤੇ ਹੋਰ ਗ਼ੈਰਕਾਨੂੰਨੀ ਗਰੋਹਾਂ ਵਲੋਂ ਢਾਹੀ ਹਕੂਮਤੀ ਦਹਿਸ਼ਤਗਰਦੀ ਨੂੰ ਜਾਇਜ਼ ਠਹਿਰਾਇਆ ਉਨ੍ਹਾਂ ਦੀ ਘਿਨਾਉਣੀ ਭੂਮਿਕਾ ਬਾਰੇ ਵੀ ਮੈਂ ਸਪਸ਼ਟ ਹਾਂ। ਮੈਂ ਕਮਿਊਨਿਸਟਾਂ ਵਲੋਂ ਖ਼ਾਲਸਤਾਨੀਆਂ ਦੇ ਕਾਤਲਾਨਾ ਹਮਲਿਆਂ ਤੋਂ ਆਪਣੇ ਬਚਾਓ ਲਈ ਆਪਣੇ ਹਥਿਆਰਾਂ ਦੀ ਵਰਤੋਂ ਨੂੰ ਗ਼ਲਤ ਨਹੀਂ ਸਮਝਦਾ। ਪਰ ਸੀ.ਪੀ.ਆਈ. ਤੇ ਸੀ.ਪੀ.ਐੱਮ. ਵਲੋਂ ਸਰਕਾਰ ਤੋਂ ਹਥਿਆਰ ਅਤੇ "ਸੁਰੱਖਿਆ" ਗਾਰਦਾਂ ਲੈਕੇ ਅਤੇ ਕਾਂਗਰਸ, ਸ਼ਿਵ ਸੈਨਾ/ਭਾਜਪਾ ਵਰਗੀਆਂ ਫਾਸ਼ੀਵਾਦੀ ਫਿਰਕਾਪ੍ਰਸਤ ਤਾਕਤਾਂ ਨਾਲ ਸਾਂਝਾ ਮੋਰਚਾ ਬਣਾਕੇ ਅੱਤਵਾਦ ਨਾਲ ਲੜਨ ਦੀ ਨੀਤੀ ਲਈ ਗਈ। ਸਟੇਟ ਵਲੋਂ ਜਦੋਂ ਹਰ ਤਰ੍ਹਾਂ ਦਾ ਗ਼ੈਰਕਾਨੂੰਨੀ ਢੰਗ ਵਰਤਕੇ ਸਿੱਖ ਨੌਜਵਾਨਾਂ ਦਾ ਘਾਣ ਕੀਤਾ ਜਾ ਰਿਹਾ ਸੀ ਓਦੋਂ ਇਨ੍ਹਾਂ ਪਾਰਟੀਆਂ ਵਲੋਂ ਦੇਸ਼ ਦੀ ਏਕਤਾ-ਅਖੰਡਤਾ ਦੇ ਨਾਂ ਹੇਠ ਹਾਕਮ ਜਮਾਤਾਂ ਦਾ ਸਾਥ ਦੇਣ ਦੀ ਘਿਨਾਉਣੀ ਨੀਤੀ ਨੇ ਖ਼ਾਲਸਤਾਨੀ ਤਾਕਤਾਂ ਨੂੰ ਕਮਿਊਨਿਸਟਾਂ ਅਤੇ ਜਮਹੂਰੀ ਸ਼ਖ਼ਸੀਅਤਾਂ ਦੇ ਕਤਲਾਂ ਲਈ ਸਗੋਂ ਹੋਰ ਬਹਾਨਾ ਮੁਹੱਈਆ ਕਰ ਦਿੱਤਾ। ਇਹ ਘਿਨਾਉਣੀ ਨੀਤੀ ਅਪਨਾਉਣ ਵਾਲੇ "ਕਮਿਊਨਿਸਟ" ਇਤਿਹਾਸ ਦੇ ਕਟਹਿਰੇ ਵਿਚ ਹਨ। ਨਕਸਲੀ ਗਰੁੱਪਾਂ ਨੇ ਭਾਵੇਂ ਹਕੂਮਤੀ ਦਹਿਸ਼ਤਗਰਦੀ ਨੂੰ ਅਤੇ ਮਨੁੱਖੀ ਹੱਕਾਂ ਦੀਆਂ ਘੋਰ ਉਲੰਘਣਾਵਾਂ ਨੂੰ ਮੁੱਦਾ ਬਣਾਕੇ ਕੋਈ ਉਭਰਵਾਂ ਸੰਘਰਸ਼ ਨਹੀਂ ਲੜਿਆ ਪਰ ਉਨ੍ਹਾਂ ਨੇ ਹਕੂਮਤੀ ਦਹਿਸ਼ਤਗਰਦੀ ਦਾ ਸਿਧਾਂਤਕ ਤੌਰ 'ਤੇ ਲਗਾਤਾਰ ਵਿਰੋਧ ਕੀਤਾ। ਇਸ ਦੇ ਬਾਵਜੂਦ, ਕਮਿਊਨਿਸਟਾਂ ਪਾਰਟੀਆਂ ਦੀ ਇਸ ਦੌਰ ਦੀ ਸਿਆਸੀ ਨੀਤੀ ਤੇ ਵਿਹਾਰ ਅਨੁਸਾਰ ਉਨ੍ਹਾਂ ਨੂੰ ਮੇਰੇ ਵਲੋਂ "ਚੰਗੇ" ਅਤੇ "ਮਾੜੇ" ਵਿਚ ਵੰਡ ਕੇ ਦੇਖਣ ਦਾ ਭਾਵ ਇਹ ਨਹੀਂ ਕਿ ਖ਼ਾਲਸਤਾਨੀਆਂ ਵਲੋਂ "ਮਾੜੇ" ਕਮਿਊਨਿਸਟਾਂ ਦੇ ਕਤਲ ਸਹੀ ਸਨ।

ਹਿੰਦੁਸਤਾਨੀ ਰਾਜ ਵਲੋਂ ਹਾਲ ਹੀ ਵਿਚ ਢਾਹੇ ਜਾ ਜਬਰ ਦੇ ਸਵਾਲ ਬਾਰੇ ਵੱਖ-ਵੱਖ ਸਿਆਸੀ ਤਾਕਤਾਂ ਦੇ ਰਵੱਈਏ ਦੇ ਪ੍ਰਸੰਗ ਵਿਚ ਹੀ ਇਕ ਤੱਥ ਵਜੋਂ ਮੈਂ ਸੀ.ਪੀ.ਆਈ.ਐੱਮ. ਦੇ ਕਿਰਦਾਰ ਦਾ ਜ਼ਿਕਰ ਕੀਤਾ ਸੀ। ਕਿ ਸੀ.ਪੀ.ਆਈ.ਐੱਮ. ਵਲੋਂ ਪੂਰੇ ਮੁਲਕ ਵਿਚ ਕਨਵੈਨਸ਼ਨਾਂ ਕਰਕੇ ਅਪਰੇਸ਼ਨ ਗ੍ਰੀਨ ਹੰਟ ਦੀ ਹਮਾਇਤ ਕੀਤੀ ਗਈ ਜਦਕਿ ਦਲ ਖ਼ਾਲਸਾ ਅਤੇ ਅਕਾਲੀ ਦਲ ਪੰਚ ਪ੍ਰਧਾਨੀ ਵਲੋਂ ਅਪਰੇਸ਼ਨ ਗ੍ਰੀਨ ਹੰਟ ਦਾ ਬਾਕਾਇਦਾ ਪ੍ਰੈੱਸ ਕਾਨਫਰੰਸਾਂ ਕਰਕੇ ਵਿਰੋਧ ਕੀਤਾ ਗਿਆ। ਸੀ.ਪੀ.ਆਈ.ਐੱਮ. 1967 ਤੋਂ ਹੀ ਇਨਕਲਾਬੀ ਲਹਿਰ ਨੂੰ ਦਬਾਉਣ ਲਈ ਹਿੰਦੁਸਤਾਨੀ ਹਾਕਮ ਜਮਾਤਾਂ ਨਾਲ ਮਿਲਕੇ ਚੱਲ ਰਹੀ ਹੈ ਜਿਸ ਦਾ ਸਬੂਤ ਪੱਛਮੀ ਬੰਗਾਲ ਵਿਚ ਇਸ ਪਾਰਟੀ ਵਲੋਂ ਇਨਕਲਾਬੀ ਕਮਿਊਨਿਸਟਾਂ ਦੇ ਕੀਤੇ ਬੇਸ਼ੁਮਾਰ ਕਤਲ ਹਨ। ਜਦੋਂ ਦਹਿਸ਼ਤਵਾਦੀ ਸਿਆਸਤ ਤੇ ਕਤਲੋਗ਼ਾਰਤ ਦੀ ਗੱਲ ਕੀਤੀ ਜਾਂਦੀ ਹੈ ਫਿਰ ਖ਼ਾਲਸਤਾਨੀ ਤਾਕਤਾਂ ਦੇ ਨਾਲ-ਨਾਲ ਸੀ.ਪੀ.ਆਈ.ਐੱਮ. ਦੀ ਫਾਸ਼ੀਵਾਦੀ ਸਿਆਸਤ ਦਾ ਜ਼ਿਕਰ ਵੀ ਬਰਾਬਰ ਕਰਨਾ ਚਾਹੀਦਾ ਹੈ ਜਿਸ ਨੇ 1970ਵਿਆਂ ਦੇ ਸ਼ੁਰੂ ਵਿਚ ਕਲਕੱਤਾ ਦੇ ਸਬ-ਅਰਬਨ ਇਲਾਕੇ ਬਾੜਾਨਗਰ ਵਿਚ ਕਾਂਗਰਸ ਅਤੇ ਕਲਕੱਤਾ ਪੁਲਿਸ ਨਾਲ ਮਿਲਕੇ ਇੱਕੋ ਦਿਨ ਵਿਚ 1000 ਨਕਸਲੀ ਹਮਾਇਤੀ ਨੌਜਵਾਨਾਂ ਦੇ ਕਤਲੇਆਮ ਨੂੰ ਅੰਜਾਮ ਦਿੱਤਾ ਸੀ। ਲਾਲਗੜ੍ਹ ਵਿਦਰੋਹ ਦੌਰਾਨ ਸੀ.ਪੀ.ਆਈ.ਐੱਮ. ਵਲੋਂ ਹਰਮਡ ਵਾਹਨੀ ਵਰਗੇ ਗ਼ੈਰਕਾਨੂੰਨੀ ਕਾਤਲ ਗਰੋਹ ਬਣਾਕੇ ਅਤੇ ਪੁਲਿਸ ਤੇ ਨੀਮ-ਫ਼ੌਜੀ ਤਾਕਤਾਂ ਵਰਤਕੇ ਸੰਘਰਸ਼ਸ਼ੀਲ ਆਦਿਵਾਸੀਆਂ ਦਾ ਘਾਣ ਕੀਤਾ ਗਿਆ ਅਤੇ ਸਿੰਗੂਰ ਤੇ ਨੰਦੀਗ੍ਰਾਮ ਵਿਚ ਕਾਰਪੋਰੇਟ ਪ੍ਰੋਜੈਕਟ ਲਗਾਉਣ ਲਈ ਜ਼ਮੀਨਾਂ ਤੋਂ ਉਜਾੜੇ ਦਾ ਵਿਰੋਧ ਕਰ ਰਹੇ ਲੋਕਾਂ ਉਪਰ ਬੇਤਹਾਸ਼ਾ ਜਬਰ ਕੀਤਾ ਗਿਆ। ਸੀ.ਪੀ.ਆਈ. ਐੱਮ. ਦੀ ਹਿੰਦੁਸਤਾਨੀ ਹਾਕਮ ਜਮਾਤਾਂ ਨਾਲ ਮਿਲਕੇ ਲੋਕਾਂ ਨੂੰ ਕੁਚਲਣ ਦੀ ਨੀਤੀ ਬਾਰੇ ਮੈਂ ਇਸ ਪ੍ਰਸੰਗ 'ਚ ਚਰਚਾ ਕੀਤੀ ਸੀ।

ਦੂਜਾ ਅਹਿਮ ਨੁਕਤਾ ਖ਼ਾਲਸਤਾਨੀਆਂ ਅਤੇ ਕਮਿਊਨਿਸਟਾਂ ਦੇ ਅੱਜ ਦੇ ਸੰਵਾਦ ਦਾ ਹੈ। ਇਥੇ ਸ੍ਰੀ ਸਹੋਤਾ ਨੇ ਜਿਵੇਂ ਇਸ ਬਾਰੇ ਲਿਖਿਆ ਕਿ "ਉਨ੍ਹਾਂ ਨੂੰ [ਭਾਵ ਮੈਨੂੰ] ਵੀ ਕਈ ਵਾਰ ਇਨ੍ਹਾਂ [ਖ਼ਾਲਸਤਾਨ ਪੱਖੀ ਜਥੇਬੰਦੀਆਂ] ਨਾਲ ਬੈਠਕੇ ਬੀਤੇ ਦੀ ਪੜਚੋਲ ਅਤੇ ਭਵਿੱਖ ਦੇ ਸੰਘਰਸ਼ ਦੀ ਰੂਪਰੇਖਾ ਉਲੀਕਣ ਦਾ ਮੌਕਾ ਮਿਲਿਆ ਹੈ", ਇਹ ਤੱਥ ਦੇ ਤੌਰ 'ਤੇ ਸਹੀ ਨਹੀਂ ਹੈ। "ਭਵਿੱਖ ਦੇ ਸੰਘਰਸ਼ ਦੀ ਰੂਪਰੇਖਾ ਉਲੀਕਣ" ਦੇ ਮਨੋਰਥ ਨਾਲ ਮੈਂ ਉਨ੍ਹਾਂ ਵਿੱਚੋਂ ਕਦੇ ਵੀ ਕਿਸੇ ਨੂੰ ਨਹੀਂ ਮਿਲਿਆ। ਕਈ ਖ਼ਾਲਸਤਾਨ ਪੱਖੀ ਚਿੰਤਕ ਅਤੇ ਕਾਰਕੁੰਨ ਅਕਸਰ ਹੀ ਜਦੋਂ ਕਿਤੇ ਮਿਲ ਜਾਂਦੇ ਹਨ ਤਾਂ ਓਦੋਂ ਉਨ੍ਹਾਂ ਨਾਲ ਇਸ ਬਾਰੇ ਸਵਾਲ-ਸੰਵਾਦ ਲਾਜ਼ਮੀ ਹੁੰਦੇ ਹਨ। ਖ਼ਾਲਸਤਾਨ ਪੱਖੀ ਚਿੰਤਕ ਅਤੇ ਆਗੂ ਬੀਤੇ ਸਮੇਂ ਵਿਚ ਕੀਤੀ ਗਈ ਲੋਕਾਂ ਦੀ ਅੰਨ੍ਹੀ ਕਤਲੋਗ਼ਾਰਤ ਦੀ ਅੱਜ ਵੀ ਸਵੈ-ਪੜਚੋਲ ਕਰਨ ਲਈ ਤਿਆਰ ਨਹੀਂ। ਉਹ ਉਸ ਕਤਲੋਗ਼ਾਰਤ ਨੂੰ ਅਜੇ ਵੀ ਇਕ ਜਾਂ ਦੂਜੀ ਦਲੀਲ ਦੇ ਕੇ ਸਹੀ ਠਹਿਰਾਉਂਦੇ ਹਨ। ਇਸ ਹਾਲਤ ਵਿਚ ਜਮਹੂਰੀ ਜਥੇਬੰਦੀਆਂ ਵਲੋਂ ਉਨ੍ਹਾਂ ਨਾਲ ਮਿਲਕੇ ਸਾਂਝੇ ਸੰਘਰਸ਼ ਦੀ ਰੂਪਰੇਖਾ ਉਲੀਕਣ ਬਾਰੇ ਸੋਚਣ ਦਾ ਸਵਾਲ ਹੀ ਨਹੀਂ ਹੈ।

ਤੀਸਰਾ ਨੁਕਤਾ ਹਾਲੀਆ ਸੰਘਰਸ਼ਾਂ ਬਾਬਤ ਹੈ। ਰਿਪੋਰਟ ਦਾ ਸਿਰਲੇਖ ਸੀ, "ਪੰਜਾਬ ਦੇ ਲੋਕ ਆਪਣੇ ਹੱਕਾਂ ਲਈ ਲੜਨ ਵਾਸਤੇ ਤੱਤਪਰ ਪਰ ਅਗਵਾਈ ਦੇਣ ਵਾਲੇ ਗਾਇਬ।" ਦਰਅਸਲ ਮੇਰੀ ਦਲੀਲ ਇੰਞ ਨਹੀਂ ਸੀ ਕਿ ਲੋਕ ਆਪਮੁਹਾਰੇ ਲੜ ਰਹੇ ਹਨ ਸਗੋਂ ਇਹ ਸੀ ਕਿ ਸੰਘਰਸ਼ ਫ਼ੌਰੀ ਮੁੱਦਿਆਂ ਉਪਰ ਲੜੇ ਜਾ ਰਹੇ ਹਨ। ਮੇਰਾ ਮੰਨਣਾ ਹੈ ਕਿ ਪੰਜਾਬ ਵਿਚ ਕਿਸਾਨ, ਮਜ਼ਦੂਰ, ਵਿਦਿਆਰਥੀ, ਨੌਜਵਾਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਮੁਲਾਜ਼ਮ ਜਥੇਬੰਦੀਆਂ ਲਗਾਤਾਰ ਸਰਗਰਮੀ ਕਰ ਰਹੀਆਂ ਹਨ, ਆਪੋ-ਆਪਣੇ ਸੰਘਰਸ਼ ਵੀ ਅਤੇ ਸਾਂਝੇ ਸੰਘਰਸ਼ ਵੀ। ਉਨ੍ਹਾਂ ਦੀ ਸਰਗਰਮੀ ਫ਼ੌਰੀ ਆਰਥਕ ਮੁੱਦਿਆਂ ਜਾਂ ਜਬਰ ਦੀ ਕਿਸੇ ਅਜੋਕੀ ਘਟਨਾ ਉਪਰ ਪ੍ਰਤੀਕਰਮ ਦੇ ਰੂਪ 'ਚ ਹੀ ਹੁੰਦੀ ਹੈ। ਪਰ ਇਸ ਦੇ ਬਾਵਜੂਦ ਕਿ ਹਾਕਮ ਜਮਾਤੀ ਪਾਰਟੀਆਂ ਦਾ ਲੋਕ-ਵਿਰੋਧੀ ਕਿਰਦਾਰ ਬੁਰੀ ਤਰ੍ਹਾਂ ਬੇਪਰਦ ਹੋ ਚੁੱਕਾ ਹੈ ਕਮਿਊਨਿਸਟ ਧਿਰਾਂ ਇਨਕਲਾਬੀ ਸਿਆਸੀ ਬਦਲ ਬਣਕੇ ਉਭਰਨ ਵਿਚ ਕਾਮਯਾਬ ਨਹੀਂ ਹੋ ਰਹੀਆਂ। ਇਸ ਸਿਆਸੀ ਖ਼ਲਾਅ ਨੂੰ ਭਰਨ ਲਈ ਆਮ ਆਦਮੀ ਪਾਰਟੀ ਵਰਗੇ ਹਾਕਮ ਜਮਾਤੀ ਸਿਆਸਤ ਦੇ ਨਵੇਂ ਰੂਪ ਸਿਆਸੀ ਦ੍ਰਿਸ਼ ਮੱਲ ਰਹੇ ਹਨ। ਇਕ-ਦੋ ਨਕਸਲੀ ਧਿਰਾਂ ਨੂੰ ਛੱਡਕੇ ਬਾਕੀ ਕਮਿਊਨਿਸਟ ਤਾਕਤਾਂ 1984 ਵਿਚ ਸਿੱਖਾਂ ਦੀ ਕਤਲੋਗ਼ਾਰਤ ਅਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਵਰਗੇ ਆਮ ਇਨਸਾਫ਼ ਦੇ ਸਵਾਲ ਵੀ ਨਹੀਂ ਉਠਾ ਰਹੀਆਂ। ਚੜ੍ਹਦੀ ਕਲਾ ਵਿਚ ਛਪੀ ਰਿਪੋਰਟ ਨੂੰ ਇਨ੍ਹਾਂ ਮਾਇਨਿਆਂ 'ਚ ਲਿਆ ਜਾਣਾ ਚਾਹੀਦਾ ਹੈ।

## ਮੁਕੇਸ਼ ਦਾ ਅੰਬਾਨੀ ਅੰਟੀਲਾ

# ਸੰਸਾਰ ਦੇ ਸਭ ਤੋਂ ਵੱਧ ਬੇਘਰਿਆਂ ਦੇ ਦੇਸ਼ 'ਚ ਇੱਕ ਧਨਪਸ਼ੂ ਦਾ ਸਭ ਤੋਂ ਮਹਿੰਗਾ ਘਰ

**ਕੁਲਦੀਪ**

ਇੱਕ ਦਿਨ ਬੈਠੇ-ਬੈਠੇ ਅੰਕੜਿਆਂ 'ਤੇ ਨਜ਼ਰ ਮਾਰ ਰਿਹਾ ਸਾਂ। ਜਦ ਭਾਰਤ ਬਾਰੇ ਦੇਖਿਆ ਤਾਂ ਪਤਾ ਲੱਗਿਆ ਕਿ ਸੰਸਾਰ ਦੀਆਂ ਸਭ ਤੋਂ ਵੱਧ ਗੰਦੀਆਂ ਬਸਤੀਆਂ (ਸਲੱਮਜ਼, ਭਾਵ ਅਜਿਹੀ ਥਾਂ ਜੋ ਮਨੁੱਖਾਂ ਦੇ ਰਹਿਣ ਦੇ ਯੋਗ ਨਹੀਂ ਪਰ ਫਿਰ ਵੀ ਉੱਥੇ ਕਰੋੜਾਂ ਲੋਕ ਰਹਿੰਦੇ ਹਨ) ਭਾਰਤ ਵਿੱਚ ਹਨ। ਸੰਸਾਰ ਦੇ ਕੁੱਲ ਗੰਦੀਆਂ ਬਸਤੀਆਂ 'ਚ ਰਹਿਣ ਵਾਲ਼ੇ ਲੋਕਾਂ ਦਾ 18% ਅਤੇ ਏਸ਼ੀਆ ਦਾ 63% ਲੋਕ ਭਾਰਤ ਵਿੱਚ ਰਹਿੰਦੇ ਹਨ। 2011 ਦੇ ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੀ ਕੁੱਲ ਵਸੋਂ ਦਾ 18.61% ਗੰਦੀਆਂ ਬਸਤੀਆਂ ਵਿੱਚ ਰਹਿੰਦਾ ਹੈ (ਜਿਸ ਵਿੱਚੋਂ 18 ਕਰੋੜ ਸੜਕਾਂ 'ਤੇ ਸੌਣ ਵਾਲ਼ੇ ਅਤੇ ਕਰੋੜਾਂ ਉਹ ਲੋਕ ਵੱਖਰੇ ਹਨ, ਜੋ ਇੱਕ-ਇੱਕ ਕਮਰੇ ਵਿੱਚ 10-10 ਜਣੇ ਰਹਿੰਦੇ ਹਨ, ਪਰ ਸਰਕਾਰ ਉਹਨਾਂ ਨੂੰ ਵੀ ਘਰ ਦੇ ਮਾਲਕਾਂ 'ਚ ਗਿਣ ਲੈਂਦੀ ਹੈ) ਪਰ ਅਜਿਹੇ ਮਾਮਲਿਆਂ ਜਿਵੇਂ ਗ਼ਰੀਬੀ, ਬੇਰੁਜਗਾਰੀ, ਭੁੱਖਮਰੀ, ਗ਼ਰੀਬੀ ਰੇਖਾ (ਜਿਵੇਂ 30 ਰੁਪੈ ਕਮਾਉਣ ਵਾਲ਼ਾ ਆਦਮੀ ਗ਼ਰੀਬੀ ਰੇਖਾ ਤੋਂ ਉੱਪਰ ਹੈ ਵਗੈਰ-ਵਗੈਰਾ) ਆਦਿ ਬਾਰੇ ਸਰਕਾਰ ਦੇ ਅੰਕੜੇ ਹਮੇਸ਼ਾ ਹੀ ਸ਼ੱਕੀ ਹੁੰਦੇ ਹਨ। ਜਦਕਿ ਕੁਝ ਸਮਾਜ ਸੇਵੀ ਜਥੇਬੰਦੀਆਂ ਅਨੁਸਾਰ 93 ਮਿਲੀਅਨ (9 ਕਰੋੜ 30 ਲੱਖ) ਲੋਕ ਭਾਰਤ ਵਿੱਚ ਗੰਦੀਆਂ ਬਸਤੀਆਂ ਵਿੱਚ ਰਹਿੰਦੇ ਹਨ। ਫਿਲਮ ਨਗਰੀ ਕਹੇ ਜਾਣ ਵਾਲ਼ੇ ਮੁੰਬਈ ਦੀ ਹਾਲਤ ਤਾਂ ਹੋਰ ਵੀ ਬਦਤਰ ਹੈ। ਸੰਸਾਰ ਬੈਂਕ ਅਨੁਸਾਰ ਮੁੰਬਈ ਦੀ ਕੁੱਲ ਵਸੋਂ ਦਾ 54% ਗੰਦੀਆਂ ਬਸਤੀਆਂ ਵਿੱਚ ਰਹਿੰਦਾ ਹੈ, 25-30% ਕੁਝ ਹੋਰ ਛੱਪਰਾਂ ਜਾਂ ਨਿੱਕੀਆਂ ਮੋਟੀਆਂ ਰਿਹਾਇਸ਼ਾਂ ਵਿੱਚ ਅਤੇ ਕੇਵਲ 10-15% ਹੀ ਅਪਾਰਟਮੈਂਟ ਟਾਇਪ ਘਰਾਂ ਵਿੱਚ ਰਹਿੰਦਾ ਹੈ। ਇਸੇ ਤਰ੍ਹਾਂ ਸੰਸਾਰ ਦੀਆਂ ਸਭ ਤੋਂ ਵੱਡੀਆਂ ਗੰਦੀਆਂ ਬਸਤੀਆਂ ਕਰਾਚੀ (ਪਾਕਿਸਤਾਨ), ਮੈਕਸੀਕੋ ਤੇ ਕੀਨੀਆਂ ਤੋਂ ਬਾਅਦ ਮੁੰਬਈ ਦਾ ਨੰਬਰ ਆਉਂਦਾ ਹੈ। ਇਹ ਦੇਖਦੇ-ਦੇਖਦੇ ਅਚਾਨਕ ਖ਼ਿਆਲ ਆਇਆ ਕਿ ਬੰਬਈ ਦੇ ਵੱਡੇ ਘਰਾਂ ਬਾਰੇ ਵੀ ਦੇਖਿਆ ਜਾਵੇ। ਫਿਰ ਬੰਬਈ ਦੇ ਵੱਡੇ ਘਰਾਂ ਬਾਰੇ ਸੋਚਦੇ-ਸੋਚਦੇ ਨਜ਼ਰ ਮੁੰਬਈ ਦੇ ਇੱਕ ਅਜਿਹੇ ਘਰ 'ਤੇ ਪਈ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਮੁੰਬਈ ਦਾ ਸਭ ਤੋਂ ਉੱਚਾ ਹੈ। ਇਸ ਤਰ੍ਹਾਂ ਉਸ ਬਾਰੇ ਜਾਨਣ ਦੀ ਥੋੜ੍ਹੀ ਉਤਸੁਕਤਾ ਵਧੀ ਅਤੇ ਜਦ ਉਸ ਬਾਰੇ ਜਾਣਿਆ ਤਾਂ ਪਤਾ ਲੱਗਿਆ ਕਿ ਉਹ ਭਾਰਤ ਦੇ ਸਭ ਤੋਂ ਅਮੀਰ ਸਰਮਾਏਦਾਰ ਮੁਕੇਸ਼ ਅੰਬਾਨੀ ਦਾ ਵੱਡ-ਅਕਾਰੀ ਘਰ ਹੈ, ਜਿਸਨੂੰ '21ਵੀਂ ਸਦੀ ਦਾ ਤਾਜ ਮਹਿਲ' ਕਿਹਾ ਜਾਂਦਾ ਹੈ ਪਰ ਤਾਜ ਮਹਿਲ ਤਾਂ ਇਸ ਮੂਹਰੇ ਕੋਈ ਚੀਜ਼ ਨਹੀਂ ਹੈ। ਫਿਰ ਇਸ ਬਾਰੇ ਜਾਣਕਾਰੀ ਇਕੱਠੀ ਕਰਨ ਲੱਗਿਆ ਅਤੇ ਜਾਣ ਕੇ ਹੈਰਾਨੀ ਹੋਈ ਕਿ ਇਹ ਘਰ ਸੰਸਾਰ ਦੇ ਸਭ ਘਰਾਂ ਤੋਂ ਮਹਿੰਗਾ ਘਰ ਹੈ। ਤਾਂ ਆਉ ਦੇਖੀਏ ਕਿ ਇਸ ਘਰ ਵਿੱਚ ਅਜਿਹਾ ਕੀ ਹੈ ਜੋ ਸੰਸਾਰ ਦੇ ਸਭ ਸਰਮਾਏਦਾਰਾਂ ਦੇ ਘਰਾਂ ਤੋਂ ਮਹਿੰਗਾ ਹੈ।

ਸਾਊਥ ਮੁੰਬਈ ਵਿੱਚ ਐਲਟਾਮਾਊਂਟ ਰੋਡ ਸੰਸਾਰ ਦੀ ਇੱਕ ਅਜਿਹੀ ਸੜਕ ਹੈ ਜਿਸਦੇ ਆਸ-ਪਾਸ ਦੀ ਜਮੀਨ ਸੰਸਾਰ ਵਿੱਚ ਸਭ ਤੋਂ ਮਹਿੰਗੀ ਹੈ। ਇਸ ਰੋਡ 'ਤੇ ਜੇਕਰ ਕਿਸੇ ਨੇ ਜਮੀਨ ਲੈਣੀ ਹੋਵੇ ਤਾਂ 2013 ਵਿੱਚ ਉਸਦਾ ਰੇਟ 10,000 ਅਮਰੀਕੀ ਡਾਲਰ (6,35,700 ਰੁਪੈ ਹੈ) ਪ੍ਰਤੀ ਵਰਗ ਸੀ। ਇਸ ਰੋਡ 'ਤੇ ਮੁਕੇਸ਼ ਅੰਬਾਨੀ ਨੇ ਆਪਣਾ ਅੰਟੀਲਾ (ਇਹ ਨਾਂ ਐਟਲਾਂਟਿਕ ਮਹਾਂਸਾਗਰ ਦੇ ਇੱਕ ਕਾਲਪਨਿਕ ਦੀਪ 'ਅੰਟੀਲਾ' ਦੇ ਨਾਂ ਤੋਂ ਲਿਆ ਗਿਆ ਹੈ, ਜਿਸਨੂੰ ਅੱਗੇ ਆਈਬੇਰੀਅਨ ਲੋਕ-ਕਥਾਵਾਂ ਨਾਲ਼ ਜੋੜਿਆ ਜਾਂਦਾ ਹੈ) ਨਾਂ ਦਾ ਘਰ ਬਣਾਇਆ ਹੈ। ਇੱਥੇ ਮੁਕੇਸ਼ ਅੰਬਾਨੀ ਨੇ ਇੱਕ ਮੁਸਲਿਮ ਸਮਾਜ ਸੇਵੀ ਸੰਸਥਾ ਤੋਂ ਜ਼ਮੀਨ ਖਰੀਦੀ ਜਿਸਨੇ ਇੱਥੇ ਇੱਕ ਯਤੀਮਖਾਨਾ ਬਣਾਇਆ ਹੋਇਆ ਸੀ ਅਤੇ ਇਸ ਸੰਸਥਾ ਨੇ 'ਅੰਟੀਲਾ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ' ਨੂੰ 2002 ਵਿੱਚ ਇਹ ਜਮੀਨ 33 ਲੱਖ ਅਮਰੀਕੀ ਡਾਲਰ (21 ਕਰੋੜ 5 ਲੱਖ ਰੁਪੈ) ਵਿੱਚ ਯਤੀਮ ਬੱਚਿਆਂ ਦੀ ਪੜ੍ਹਾਈ ਲਈ ਸਕੂਲ ਬਣਾਉਣ ਲਈ ਵੇਚ ਦਿੱਤੀ। ਮੁਸਲਿਮ ਧਰਮ ਵਿੱਚ ਜੋ ਜਮੀਨ ਸਮਾਜ ਭਲਾਈ ਕੰਮਾਂ ਲਈ ਵਰਤੀ ਜਾਵੇ ਉਸਨੂੰ 'ਵਕਫ਼' ਕਹਿੰਦੇ ਹਨ, ਜਿਸਦੇ ਅਨੁਸਾਰ ਜਦ ਇੱਕ ਵਾਰ ਕੋਈ ਜਮੀਨ ਜਾਂ ਜਾਇਦਾਦ ਇਸਦੇ ਤਹਿਤ ਆ ਗਈ ਤਾਂ ਉਹ ਸਮਾਜ ਸੇਵੀ ਕੰਮਾਂ ਲਈ ਹੀ ਵਰਤੀ ਜਾ ਸਕਦੀ ਹੈ। ਪਰ ਜਦ 'ਵਕਫ਼' ਬੋਰਡ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਅੰਬਾਨੀ ਨੇ ਬੋਰਡ ਨੂੰ 1 ਅਰਬ 50 ਲੱਖ ਰੁਪੈ ਦੇ ਦਿੱਤੇ ਤੇ ਉਹਨਾਂ ਨੇ ਆਪਣੀ ਸ਼ਿਕਾਇਤ ਵਾਪਸ ਲੈ ਲਈ। ਸ਼ਾਇਦ ਇਹ ਗੱਲ ਕਿਸੇ ਧਾਰਮਿਕ ਭਾਵਨਾ ਰੱਖਣ ਵਾਲ਼ੇ ਇਨਸਾਨ ਨੂੰ ਦੁੱਖ ਪਹੁੰਚਾਏ। ਪਰ ਸਰਮਾਏਦਾਰੀ 'ਚ ਸਰਮਾਏ ਦੀ ਗਤੀ ਹੀ ਪ੍ਰਧਾਨ ਹੁੰਦੀ ਹੈ ਤੇ ਇਸ ਢਾਂਚੇ ਵਿੱਚ ਧਰਮ ਵੀ ਮੁਨਾਫ਼ਾ ਕੁੱਟਣ ਦਾ ਇੱਕ ਸਾਧਨ (ਤੇ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਣ ਦਾ ਵੀ) ਹੀ ਹੁੰਦਾ ਹੈ ਤਾਂ ਇਸ ਮਾਮਲੇ ਵਿੱਚ ਵੀ ਇਹੀ ਹੋਇਆ। ਇਸੇ ਕਰਕੇ ਸਰਮਾਏਦਾਰੀ ਵਿੱਚ ਹਰ ਚੀਜ਼ ਤੋਂ ਉੱਪਰ ਪੈਸਾ ਹੁੰਦਾ ਹੈ ਅਤੇ ਪੈਸੇ ਵਾਲ਼ੇ ਸਾਰੇ ਨਿਯਮਾਂ/ਕਨੂੰਨਾਂ ਨੂੰ ਆਪਣੀ ਜੇਬ 'ਚ ਪਾ ਕੇ ਰੱਖਦੇ ਹਨ ਜਿਵੇਂ ਕਿ ਮੁਕੇਸ਼ ਅੰਬਾਨੀ ਨੇ ਕੀਤਾ। ਪੈਸੇ ਦੇ ਇਸ ਜ਼ੋਰ ਬਾਰੇ ਮਾਰਕਸ ਨੇ ਆਰਥਿਕ ਤੇ ਦਾਰਸ਼ਨਿਕ ਹੱਥਲਿਖਤਾਂ ਵਿੱਚ ਇੱਕ ਥਾਂ ਲਿਖਿਆ ਹੈ, ਹਰ ਚੀਜ਼ ਨੂੰ ਖਰੀਦਣ ਦਾ ਗੁਣ ਰੱਖਣ ਕਰਕੇ, ਸਭ ਵਸਤਾਂ ਨੂੰ ਅਧਿਕਾਰ ਵਿੱਚ ਲੈ ਲੈਣ ਦਾ ਗੁਣ ਰੱਖਣ ਕਰਕੇ, ਮੁਦਰਾ ਇਸ ਪ੍ਰਕਾਰ ਸਰਵਉੱਚ ਮਾਲਕੀ ਦੀ ਵਸਤ ਹੈ। ਇਸ ਦੇ ਗੁਣ ਦੀ ਸਰਵਵਿਅਪਕਤਾ ਇਸਦੀ ਹੋਂਦ ਦੀ ਸਰਵਵਿਅਪਕਤਾ ਹੈ। ਅੰਬਾਨੀ ਦੇ ਇਸ ਮਾਮਲੇ ਤੋਂ ਅਸੀਂ ਇਹ ਵੀ ਦੇਖ ਸਕਦੇ ਹਾਂ ਕਿ ਸਰਮਾਏਦਾਰ ਕਿੰਨਾ ਕਮੀਨਾ, ਆਪਮੁਖੀ, ਮਨੁੱਖਦੋਖੀ ਤੇ ਜੋਕ ਵਰਗਾ ਹੁੰਦਾ ਹੈ। ਅੰਬਾਨੀ ਨੇ ਵੀ ਜਦ ਜਮੀਨ 'ਤੇ ਕਬਜ਼ਾ ਕਰ ਲਿਆ ਤਾਂ ਨਾਲ਼ ਦੀ ਨਾਲ਼ ਹੀ ਆਪਣੇ ਅਸਲੀ ਰੰਗ ਵਿੱਚ ਆ ਗਿਆ ਅਤੇ ਸਮਝੌਤੇ ਤੇ ਹਰ ਅਸੂਲ ਨੂੰ ਲੱਤ ਮਾਰ ਕੇ ਉਸਨੇ ਹਜ਼ਾਰਾਂ ਅਨਾਥ ਬੱਚਿਆਂ ਨੂੰ ਪੜ੍ਹਾਉਣ ਲਈ ਸਕੂਲ ਬਣਾਉਣ ਦੀ ਬਜਾਏ ਆਪਣੇ ਪਿਲਪਿਲੇ ਸੂਰਾਂ ਵਰਗੇ ਤਿੰਨਾਂ ਬੱਚਿਆਂ ਨੂੰ ਹੀ ਪਹਿਲ ਦਿੱਤੀ, ਕਿਉਂਕਿ ਸਰਮਾਏਦਾਰ ਤਾਂ ਉਸ ਵਿੱਦਿਆਕ ਅਦਾਰੇ 'ਤੇ ਹੀ ਪੈਸਾ ਲਾਉਂਦਾ ਹੈ, ਜਿੱਥੋਂ ਮੁਨਾਫ਼ਾ ਆਵੇ ਤਾਂ ਹੁਣ ਅਨਾਥਾਂ ਨੂੰ ਪੜ੍ਹਾ ਕੇ ਕਿਹੜਾ ਮੁਨਾਫ਼ਾ ਆਉਣਾ ਸੀ ਤਾਂ ਸ਼੍ਰੀਮਾਨ ਮੁਕੇਸ਼ ਅੰਬਾਨੀ ਜੀ ਨੇ ਸੋਚਿਆ ਚਲ ਹੁਣ ਫਿਰ ਪਰਿਵਾਰ ਨੂੰ ਹੀ ਖੁਸ਼ ਕਿਉਂ ਨਾ ਕਰ ਦਈਏ। ਇਸ ਤਰ੍ਹਾਂ ਇਨਸਾਨੀਅਤ ਦੇ ਹਰ ਅਸੂਲ ਨੂੰ ਕਿੱਲੀ 'ਤੇ ਟੰਗ ਕੇ ਆਪਣਾ ਮਹਿਲਨੁਮਾ ਘਰ ਖੜ੍ਹਾ ਕੀਤਾ ਭਾਵੇਂ ਕਿ ਇਸ ਅੰਟੀਲੇ ਮੂਹਰੇ ਮਹਿਲ ਕੋਈ ਚੀਜ਼ ਨਹੀਂ ਹਨ। ਇਹਦੇ ਲਈ ਮੁੰਬਈ ਹਾਈਕੋਰਟ ਦੇ ਜੱਜਾਂ ਤੱਕਾਂ ਨੂੰ ਵੀ ਖਰੀਦਿਆ ਗਿਆ, ਫਿਰ ਕਿਤੇ ਜਾ ਕੇ ਅੰਬਾਨੀ ਨੇ ਜਮੀਨ 'ਤੇ ਕਬਜ਼ਾ ਕੀਤਾ।

ਇਸ ਤੋਂ ਬਾਅਦ ਲਗਪਗ 2005 ਵਿੱਚ ਅੰਟੀਲਾ ਬਣਨਾ ਸ਼ੁਰੂ ਹੋਇਆ। ਇਸਦਾ ਡਿਜ਼ਾਇਨ ਸ਼ਿਕਾਗੋ ਦੇ ਆਰਕੀਟੈਕਚਰਾਂ ਪਾਰਕਿਨ ਤੇ ਵਿਲ ਨੇ ਤਿਆਰ ਕੀਤਾ ਅਤੇ ਆਸਟ੍ਰੇਲੀਅਨ ਮੂਲ ਦੀ ਕੰਪਨੀ ਲੈਹਗਟਨ ਹੋਲਡਿੰਗ ਨੇ ਇਸਨੂੰ ਤਿਆਰ ਕੀਤਾ। 2011 ਵਿੱਚ ਮੁਕੇਸ਼ ਅੰਬਾਨੀ ਪਰਿਵਾਰ ਨੇ ਇੱਥੇ ਰਹਿਣਾ ਸ਼ੁਰੂ ਕਰ ਦਿੱਤਾ। ਪਰ ਜਦ ਅੰਟੀਲਾ ਬਣਿਆ ਤਾਂ ਸੰਸਾਰ ਦੇ ਸਭ ਸਰਮਾਏਦਾਰਾਂ ਨੂੰ ਹੈਰਾਨ ਕਰ ਦਿੱਤਾ। ਇਸਦੀ ਕੀਮਤ 2 ਬਿਲੀਅਨ ਅਮਰੀਕੀ ਡਾਲਰ (121,020,000,000 ਰੁਪੈ) ਹੈ। ਇਹ ਘਰ ਸੰਸਾਰ ਦੇ ਸਭ ਤੋਂ ਮਹਿੰਗੇ ਘਰਾਂ 'ਚ ਸ਼ੁਮਾਰ ਹੈ। ਭਾਵੇਂ ਕਿ ਰਿਲਾਇਸ ਨੇ ਇਸਦੀ ਕੀਮਤ ਮੀਡੀਆ ਨੂੰ 500-700 ਮਿਲੀਅਨ ਅਮਰੀਕੀ ਡਾਲਰ ਦੱਸੀ ਅਤੇ ਕੁਝ ਰਿਪੋਰਟਾਂ ਵਿੱਚ 1 ਬਿਲੀਅਨ ਅਮਰੀਕੀ ਡਾਲਰ (1 ਅਰਬ ਡਾਲਰ) ਦੀ ਵੀ ਚਰਚਾ ਹੋਈ। ਪਰ ਥਅਮਸਨ ਜੋਹਨਸਨ (ਡਾਇਰੈਕਰਟ ਆਫ਼ ਮਾਰਕਿਟਿੰਗ ਆਰਕੀਟੈਕਚਰ ਫਰਮ 'ਵਿਲ ਐਂਡ ਹਾਇਰਸ਼ ਬੈਡਨਰ ਅਸੋਸੀਏਸ਼ਨ') ਨੇ ਦੱਸਿਆ ਕਿ ਇਸ ਅੰਟੀਲੇ ਦੀ ਕੀਮਤ ਅਸਲ ਵਿੱਚ 2 ਬਿਲੀਅਨ (1 ਖਰਬ, 21 ਅਰਬ, 20 ਕਰੋੜ ਰੁਪੈ) ਹੈ।

ਅੰਟੀਲਾ ਲਗਪਗ 400,000 ਸੁਕੇਅਰ ਫੁੱਟ ਜਗ੍ਹਾ 'ਤੇ ਬਣਿਆ ਹੋਇਆ ਹੈ। ਇਹ 27 ਛੱਤਾ ਘਰ ਹੈ - ਹਰ ਛੱਤ ਨੂੰ ਵੱਖਰੀ ਦਿੱਖ ਦਿੱਤੀ ਗਈ ਹੈ - ਜੋ ਲਗਪਗ 60 ਮੰਜ਼ਿਲਾਂ ਦੇ ਬਰਾਬਰ ਹੈ। ਇਸਦੀ ਉਚਾਈ 570 ਫੁੱਟ (170 ਮੀਟਰ) ਹੈ ਜੋ ਮੁੰਬਈ ਦੀ ਸਭ ਤੋਂ ਉੱਚੀ ਇਮਾਰਤ ਹੈ। 27 ਛੱਤੀ ਇਹ ਇਮਾਰਤ ਵਿੱਚ 6 ਛੱਤਾਂ ਪਾਰਕਿੰਗ ਲਈ ਹਨ ਜਿਸ ਵਿੱਚ ਲਗਪਗ 168 ਕਾਰਾਂ ਖੜ੍ਹੀਆਂ ਕੀਤੀਆਂ ਜਾ ਸਕਦੀਆਂ ਹਨ; ਚਾਰ ਛੱਤਾਂ 'ਤੇ ਓਪਨ ਏਅਰ ਬਾਲਕੌਨੀ ਤੇ ਬਗੀਚਾ ਹੈ, ਜਿਸ ਵਿੱਚ ਮਹਿੰਗੇ-ਮਹਿੰਗੇ ਫੁੱਲ-ਪੌਦੇ, ਫੁੱਲਾਂ ਦੇ ਝੂਲੇ ਲਾਏ ਹੋਏ ਹਨ ਭਾਵੇਂ ਕਿ ਇਹਨਾਂ ਧਨ-ਸੂਰਾਂ ਲਈ ਕੁਦਰਤ, ਖੂਬਸੂਰਤੀ ਕੋਈ ਮਤਲਬ ਨਹੀਂ ਰੱਖਦੀ, ਪਰ ਇਹ ਜ਼ਿਆਦਾ ਦਿਖਾਵੇ ਲਈ ਇਹ ਸਭ ਕਰਦੇ ਹਨ; 2 ਛੱਤਾਂ ਹੈਲਥ ਕਲੱਬ, ਯੋਗਾ, ਖੇਡਾਂ ਆਦਿ ਲਈ ਹਨ ਭਾਵੇਂ ਕਿ ਅੰਬਾਨੀ ਪਰਿਵਾਰ ਦੇ ਸਾਰੇ ਧਨਪਸ਼ੂ ਮੈਂਬਰ ਸੂਰਾਂ ਨਾਲ਼ੋਂ ਵੀ ਵੱਧ ਭੱਦੇ, ਪਿਲਪਿਲੇ ਤੇ ਮੋਟੇ ਹਨ; 2 ਛੱਤਾਂ ਐਮਰਜੈਂਸੀ ਲਈ ਨਿਯਤ ਹਨ; ਦੋ ਛੱਤਾਂ ਅੰਬਾਨੀ ਪਰਿਵਾਰ ਦੇ ਮਹਿਮਾਨਾਂ ਲਈ ਹਨ ਜਿੱਥੇ ਖੇਡ, ਮਨੋਰੰਜਨ ਆਦਿ ਦੀ ਹਰ ਸਹੂਲਤ ਮੌਜੂਦ ਹੈ; ਚਾਰ ਛੱਤਾਂ ਅੰਬਾਨੀ ਪਰਿਵਾਰ (6 ਜੀਆਂ) ਲਈ ਹਨ ਅਤੇ ਇਹ ਚਾਰ ਛੱਤਾਂ ਹੀ ਇੰਨੀ ਥਾਂ ਹਨ, ਜਿੰਨੀ ਵਿੱਚ ਮਜ਼ਦੂਰ ਬਸਤੀਆਂ ਵਿੱਚ-ਜਿਵੇਂ ਉਹ ਹੁਣ ਰਹਿੰਦੇ ਹਨ ਹਿਸਾਬ ਨਾਲ਼ ਰਹਿੰਦੇ ਲਗਪਗ 5000 ਲੋਕ ਰਹਿ ਰਹੇ ਹਨ, ਦੇਖਿਆ ਇੱਕ ਪਾਸੇ ਓਨੀ ਥਾਂ 'ਚ 6 ਆਦਮੀ ਤੇ ਦੂਜੇ ਪਾਸੀ ਓਨੀ ਥਾਂ 'ਚ 5000 ਬੰਦੇ!!! ਤਿੰਨ ਛੱਤਾਂ ਪੂਰੇ ਘਰ ਦੀ ਸਾਂਭ ਸੰਭਾਲ਼ ਤੇ ਮੁਰੰਮਤ ਲਈ ਹਨ, ਇੱਕ ਮਕੈਨੀਕਲ ਦੇ ਕੰਮ ਲਈ ਹੈ ਅਤੇ ਛੱਤ 'ਤੇ ਤਿੰਨ ਹੈਲੀਪੈਡ ਬਣੇ ਹੋਏ ਹਨ। ਬਾਲਕੌਨੀ ਦੀਆਂ 9 ਲਿਫਟਾਂ ਸਹਿਤ ਕੁੱਲ 21 ਲਿਫਟਾਂ ਲੱਗੀਆਂ ਹੋਈਆਂ ਹਨ। ਇਸ ਪੂਰੇ ਘਰ ਦੀ ਸਾਂਭ-ਸੰਭਾਲ ਲਈ 600 ਕਾਮੇ ਰੱਖੇ ਹੋਏ ਹਨ, ਭਾਵ ਪਰਿਵਾਰ ਦੇ ਪ੍ਰਤੀ 1 ਜੀਅ ਮਗਰ 100 ਕਾਮੇ। ਇਸ ਤੋਂ ਇਲਾਵਾ ਅੰਟੀਲੇ ਵਿੱਚ ਜਿੰਨਾ ਵੀ ਸਮਾਨ ਲੱਗਿਆ ਹੈ ਨਿੱਕੇ ਨਟ-ਬੋਲਟਾਂ ਤੋਂ ਲੈ ਕੇ ਟੂਟੀਆਂ, ਵਾਸ਼ਬੇਸਨਾਂ, ਫੁਹਾਰਿਆਂ, ਸੁੱਚਾਂ, ਤਾਰਾਂ, ਫੁੱਲਾਂ, ਪਰਦਿਆਂ, ਬਾਥਰੂਮਾਂ ਤੇ ਬੈਡਰੂਮਾਂ ਆਦਿ ਤੱਕ ਦਾ ਇੰਟੀਰੀਅਰ ਸਾਰਾ ਲਗਪਗ ਸੰਸਾਰ ਦੇ ਮਹਿੰਗੇ ਤੋਂ ਮਹਿੰਗੇ ਬ੍ਰਾਂਡਾਂ ਦਾ ਬਣਿਆ ਹੋਇਆ ਹੈ, ਜੋ ਅਮਰੀਕਾ, ਇਟਲੀ, ਇੰਗਲੈਂਡ, ਸਵੀਡਨ, ਡੈਨਮਾਰਕ, ਬੈਲਜੀਅਮ ਆਦਿ ਦੇਸ਼ਾਂ ਤੋਂ ਆਇਆ ਹੈ। ਘਰ ਵਿੱਚ ਆਪਣਾ ਹੀ ਇੱਕ ਮੂਵੀ ਥੇਟਰ ਹੈ ਜਿਸ ਵਿੱਚ 50 ਬੰਦੇ ਬੈਠ ਸਕਦੇ ਹਨ। ਇਸ ਤੋਂ ਬਿਨਾਂ ਸੈਰਗਾਹ, ਨਾਚ ਕਮਰਾ ਜਿਸ ਵਿੱਚ ਸੰਸਾਰ ਦੇ ਸਭ ਤੋਂ ਮਹਿੰਗੇ ਝੂੰਮਰ ਲੱਗੇ ਹੋਏ ਹਨ, ਤਰ੍ਹਾਂ-ਤਰ੍ਹਾਂ ਦੀਆਂ ਬੱਤੀਆਂ ਹਨ। ਇੱਕ ਹੋਰ ਨਵੀਂ ਗੱਲ ਜੋ ਇਸ ਘਰ ਵਿੱਚ ਹੈ, ਉਹ ਇਹ ਕਿ ਇਸ ਵਿੱਚ ਇੱਕ ਨਕਲੀ ਬਰਫ਼ ਕਮਰਾ ਹੈ ਜਿੱਥੇ ਜਦ ਮਰਜੀ ਬਰਫ਼ ਪਵਾਈ ਜਾ ਸਕਦੀ ਹੈ, ਭਾਵ ਭਾਵੇਂ ਦੇਸ਼ ਵਿੱਚ ਹਜ਼ਾਰਾਂ ਆਮ ਲੋਕ ਜੇਠ-ਹਾੜ ਦੀਆਂ ਗਰਮੀਆਂ ਵਿੱਚ ਗਰਮੀ ਨਾਲ਼ ਮਰਦੇ ਹਨ, ਪਰ ਅੰਬਾਨੀ ਪਰਿਵਾਰ ਆਪਣੇ ਘਰ ਉਸ ਸਮੇਂ ਆਟੋਮੈਟਿਕ ਬਰਫ਼ਬਾਰੀ ਦਾ ਅਨੰਦ ਮਾਣਦੇ ਹਨ। ਇੱਕ ਹੋਰ ਗੱਲ ਜੋ ਹੈਰਾਨ ਕਰਨ ਵਾਲ਼ੀ ਹੈ ਉਹ ਇਹ ਕਿ ਇਸ ਅੰਟੀਲੇ ਦਾ ਪਹਿਲੇ ਮਹੀਨੇ ਦਾ ਬਿਜਲੀ ਦਾ ਬਿਲ ਹੀ 70,69,488 ਰੁਪੈ ਹੈ। ਇਸ ਮਹੀਨੇ ਅੰਬਾਨੀ ਪਰਿਵਾਰ ਦੇ ਅੰਟੀਲੇ ਵਿੱਚ 6,37,240 ਬਿਜਲੀ ਦੀਆਂ ਯੂਨਿਟਾਂ ਮੱਚੀਆਂ। ਜੇਕਰ ਇੱਕ ਆਮ ਪਰਿਵਾਰ 100 ਯੂਨਿਟਾਂ ਮਹੀਨੇ ਵਿੱਚ ਵੀ ਬਾਲ਼ੇ ਤਾਂ ਇੰਨੀ ਬਿਜਲੀ ਨਾਲ਼ 6372.5 ਘਰਾਂ ਵਿੱਚ ਬਿਜਲੀ ਚੱਲ ਸਕਦੀ ਹੈ। ਇਹ ਹੈ ਮਹਾਨ ਭਾਰਤ ਜਿੱਥੇ ਇਕੱਲਾ-ਇਕੱਲਾ ਧਨ-ਪਸ਼ੂ ਹਜ਼ਾਰਾਂ ਲੋਕਾਂ ਜਿੰਨਾ ਖਾਂਦਾ ਹੈ ਤੇ ਵਿਰਾਨ ਕਰਦਾ ਹੈ।

ਪਰ ਇਸਦਾ ਮਤਲਬ ਇਹ ਵੀ ਨਹੀਂ ਹੈ ਕਿ ਇਕੱਲਾ ਮੁਕੇਸ਼ ਅੰਬਾਨੀ ਹੀ ਅਜਿਹਾ ਸਰਮਾਏਦਾਰ ਹੈ। ਸੰਸਾਰ ਦੇ ਹੋਰ ਸਰਮਾਏਦਾਰ ਵੀ ਇਸੇ ਤਰ੍ਹਾਂ ਹੀ ਸੰਸਾਰ ਸੰਪਦਾ ਦਾ ਉਜਾੜਾ ਆਪਣੀ ਅੱਯਾਸ਼ੀ ਲਈ ਕਰਦੇ ਹਨ। ਮੁਕੇਸ਼ ਅੰਬਾਨੀ ਦਾ ਅੰਟੀਲਾ ਤਾਂ ਸੰਸਾਰ ਦੇ ਸਭ ਸਰਮਾਏਦਾਰਾਂ ਦੇ ਘਰਾਂ ਤੋਂ ਮਹਿੰਗਾ ਹੈ, ਪਰ ਦੂਜੇ ਵੀ ਕੋਈ ਘੱਟ ਨਹੀਂ ਹਨ। ਜਿਵੇਂ ਫਰਾਂਸ ਦੀ ਸਰਮਾਏਦਾਰ ਲਿਲੀ ਸਾਫਰਾ ਦਾ ਘਰ 'ਵਿਲਾ ਲਿਉਪੋਲਡਾ' ਸੰਸਾਰ ਦੇ ਮਹਿੰਗੇ ਘਰਾਂ ਵਿੱਚ ਦੂਜੇ ਨੰਬਰ 'ਤੇ ਆਉਂਦਾ ਹੈ ਜਿਸਦੀ ਕੀਮਤ 750 ਮਿਲੀਅਨ ਡਾਲਰ (45 ਅਰਬ ਰੁਪੈ) ਬਣਦੀ ਹੈ। ਤੀਜੇ ਨੰਬਰ 'ਤੇ ਨਿਊਯਾਰਕ ਦੇ ਇੱਕ ਸਰਮਾਏਦਾਰ ਈਰਾ ਰੈਨਰਟ ਦਾ ਘਰ 'ਫੇਅਰ ਫੀਲਡ' ਹੈ ਜਿਸਦੀ ਕੀਮਤ 248.5 ਮਿਲੀਅਨ ਡਾਲਰ (14 ਅਰਬ 91 ਕਰੋੜ ਰੁਪੈ) ਹੈ। ਭਾਰਤੀ ਮੂਲ ਦੇ ਇੱਕ ਬਰਤਾਨਵੀ ਸਰਮਾਏਦਾਰ ਲਕਸ਼ਮੀ ਮਿੱਤਲ ਨੇ ਵੀ ਪਿੱਛੇ ਜਿਹੇ ਲੰਡਨ ਵਿੱਚ 'ਕਿੰਗਸਟਨ ਪੈਲੇਸ ਗਾਰਡਨ' ਨਾਂ ਦਾ ਇੱਕ ਘਰ ਲਿਆ ਹੈ ਜਿਸਦੀ ਕੀਮਤ 222 ਮਿਲੀਅਨ ਡਾਲਰ (13 ਅਰਬ 32 ਕਰੋੜ ਰੁਪੈ) ਹੈ ਜੋ ਕਿ ਸੰਸਾਰ ਦਾ ਚੌਥਾ ਸਭ ਤੋਂ ਮਹਿੰਗਾ ਘਰ ਹੈ। ਕੈਲੀਫੋਰਨੀਆ ਵਿਖੇ ਇੱਕ ਘਰ 'ਐਲੀਸਨ ਈਸਟੇਟ' ਸੰਸਾਰ ਦਾ ਪੰਜਵਾਂ ਮਹਿੰਗਾ ਘਰ ਹੈ ਜਿਸਦੀ ਕੀਮਤ 200 ਮਿਲੀਅਨ ਡਾਲਰ (12 ਅਰਬ ਰੁਪੈ) ਹੈ। ਛੇਵੇਂ ਨੰਬਰ 'ਤੇ 'ਦਿ ਪੈਂਟ ਹਾਊਸ' ਲੰਡਨ ਹੈ ਜਿਸਦੀ ਕੀਮਤ 198 ਮਿਲੀਅਨ ਡਾਲਰ (11 ਅਰਬ 88 ਕਰੋੜ ਰੁਪੈ) ਹੈ। ਹਰਸਟ ਕੈਸਟਲ (ਵਿਅਲਮ ਹਰਸਟ ਉਹੀ ਪੀਲ਼ਾ ਮੀਡੀਆ ਜਿਸਨੇ ਪੂਰੇ ਸੰਸਾਰ 'ਚ ਰੂਸੀ ਸਮਾਜਵਾਦ ਵਿਰੋਧੀ ਰੱਜ ਕੇ ਭੰਡੀ-ਪ੍ਰਚਾਰ ਕੀਤਾ ਜਿਸਦੀ ਜੂਠ ਅੱਜ ਵੀ ਸਾਡੇ ਬੁੱਧੀਜੀਵੀ ਚੱਟ ਰਹੇ ਹਨ - ਮੀਡੀਏ ਦਾ ਟਰੱਸਟੀ) ਦੀ ਕੀਮਤ 191 ਮਿਲੀਅਨ ਡਾਲਰ (11 ਅਰਬ 46 ਕਰੋੜ ਰੁਪੈ) ਹੈ ਜੋ ਸੱਤਵਾਂ ਸਭ ਤੋਂ ਮਹਿੰਗਾ ਘਰ ਹੈ। ਲੰਡਨ ਦਾ ਹੀ ਇੱਕ ਘਰ 'ਫਰੈਂਚੁੱਕ ਵਿਲਾ' 161 ਮਿਲੀਅਨ ਡਾਲਰ (9 ਅਰਬ, 66 ਕਰੋੜ ਰੁਪੈ) ਦੀ ਕੀਮਤ ਨਾਲ਼ ਅੱਠਵਾਂ ਸਭ ਤੋਂ ਮਹਿੰਗਾ ਘਰ ਹੈ। 'ਦਿ ਪੀਨੈਕਲ' (155 ਮਿਲੀਅਨ ਡਾਲਰ), 'ਦਿ ਮੈਨੋਰ' (150 ਮਿਲੀਅਨ ਡਾਲਰ) ਨਾਲ਼ ਕ੍ਰਮਵਾਰ ਨੌਵੇਂ ਤੇ ਦਸਵੇਂ ਨੰਬਰ 'ਤੇ ਹਨ। ਇਸ ਤੋਂ ਇਲਾਵਾ ਸੰਸਾਰ ਭਰ ਦੇ ਹੋਰ ਸੈਂਕੜੇ ਸਰਮਾਏਦਾਰਾਂ ਦੇ ਘਰ ਹਨ ਜਿਹਨਾਂ ਦੀ ਕੀਮਤ ਕਰੋੜਾਂ-ਅਰਬਾਂ ਰੁਪੈ ਹੈ।

ਇਹ ਤਾਂ ਅਜੋਕੇ ਅਜਾਰੇਦਾਰਾਨਾ ਸਾਮਰਾਜੀ ਸਰਮਾਏਦਾਰੀ ਦੀ ਕੁੱਲ ਤਸਵੀਰ ਦੀ ਨਿੱਕੀ ਜਿਹੀ ਝਾਕੀ ਹੈ ਜੋ ਅਸੀਂ ਕੇਵਲ ਸਰਮਾਏਦਾਰਾਂ ਦੁਆਰਾ ਘਰ ਬਣਾਉਣ ਲਈ ਕੀਤੀ ਜਾਂਦੀ ਮਨੁੱਖੀ ਤੇ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਬਾਰੇ ਦੇਖੀ ਪਰ ਜੇਕਰ ਉਹਨਾਂ ਦੇ ਸੈਰ-ਸਪਾਟਿਆਂ, ਕਾਰਾਂ, ਖਰੀਦੋ-ਫਰੋਖਤ, ਕੱਪੜਿਆਂ, ਗਹਿਣਿਆਂ, ਵਿਆਹਾਂ-ਸ਼ਾਦੀਆਂ, ਵੱਖ-ਵੱਖ ਤਰ੍ਹਾਂ ਦੇ ਸਮਾਗਮਾਂ ਆਦਿ 'ਤੇ ਧਨ ਦੇ ਉਡਾਏ ਜਾਂਦੇ ਤੂਸ਼ਕਿਆਂ ਨੂੰ ਵੀ ਜੋੜੀਏ ਤਾਂ ਬੰਦੇ ਦਾ ਉਤਲਾ ਸਾਹ ਉੱਤੇ ਤੇ ਹੇਠਲਾ ਹੇਠਾਂ ਹੀ ਰਹਿ ਜਾਂਦਾ ਹੈ।

ਦੂਜੇ ਪਾਸੇ ਆਮ ਲੋਕਾਂ ਦੀ ਹਾਲਤ ਬਦ-ਤੋਂ ਬਦਤਰ ਹੋ ਰਹੀ ਹੈ। ਮਜ਼ਦੂਰ ਬਸਤੀਆਂ ਵਿੱਚ 15-18 ਘੰਟੇ ਕੰਮ ਕਰਨ ਵਾਲ਼ੇ ਲੋਕ ਖੁੱਡਿਆਂ ਵਰਗੇ ਕਮਰਿਆਂ ਵਿੱਚ 10-10 ਜਣੇ ਰਹਿੰਦੇ ਹਨ। ਸਾਰੀ ਉਮਰ ਹੱਡ ਗਾਲ਼ ਕੇ ਵੀ ਉਹਨਾਂ ਨੂੰ ਕੇਵਲ ਗੁਜਾਰੇ ਜੋਗਾ ਹੀ ਖਾਣ ਨੂੰ ਮਿਲ਼ਦਾ ਹੈ ਅਤੇ ਇੰਨੀ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਉਹਨਾਂ ਦੀ ਮੁੱਖ ਸਮੱਸਿਆ ਰੋਟੀ ਹੀ ਬਣੀ ਰਹਿੰਦੀ ਹੈ ਤੇ ਗੰਦੀਆਂ ਬਸਤੀਆਂ ਵਿੱਚ ਜੋ ਲੋਕ ਰਹਿਣ ਲਈ ਮਜ਼ਬੂਰ ਨੇ ਉਹਨਾਂ ਦੀ ਤਾਂ ਗੱਲ ਹੀ ਛੱਡੋ ਜੋ ਪਸ਼ੂਆਂ ਦੇ ਪੱਧਰ 'ਤੇ ਰਹਿਣ ਲਈ ਮਜ਼ਬੂਰ ਨੇ। ਦੂਜੇ ਪਾਸੇ ਧਨਪਸ਼ੂਆਂ ਦੇ ਕੁੱਤੇ, ਬਿੱਲੇ ਆਦਿ ਵੀ ਏ.ਸੀ ਕਮਰਿਆਂ ਵਿੱਚ ਰਹਿੰਦੇ ਹਨ। ਭਾਵ ਅਜੋਕੇ ਸਰਮਾਏਦਾਰਾ ਸਮਾਜ ਵਿੱਚ ਇੱਕ ਆਮ ਕਿਰਤੀ-ਮਜ਼ਦੂਰ ਦਾ ਜੀਵਨ ਪਸ਼ੂਆਂ ਤੋਂ ਵੀ ਬੁਰਾ ਹੈ।

ਸੋ ਜਿਵੇਂ-ਜਿਵੇਂ ਸਰਮਾਏਦਾਰਾ ਵਿਕਾਸ ਤੇਜ਼ ਹੁੰਦਾ ਜਾਵੇਗਾ ਇਹ ਪਾੜਾ-ਦਿਨੋ ਦਿਨ ਹੋਰ ਵਧਦਾ ਜਾਵੇਗਾ। ਕਿਉਂਕਿ ਸਰਮਾਏਦਾਰਾ ਸਮਾਜ ਵਿੱਚ ਪੈਦਾਵਾਰ ਦੇ ਸਾਧਨਾਂ 'ਤੇ ਸਰਮਾਏਦਾਰਾਂ ਦਾ ਨਿੱਜੀ ਕਬਜ਼ਾ ਹੁੰਦਾ ਹੈ ਜੋ ਕਿਰਤੀ-ਮਜ਼ਦੂਰਾਂ ਨੂੰ ਬਹੁਤ ਥੋੜ੍ਹਾ ਦਿੰਦੇ ਹਨ, ਬਸ ਜਿਉਂਦੇ ਰਹਿਣ ਜੋਗਾ ਅਤੇ ਫੈਕਟਰੀਆਂ, ਖਾਨਾਂ, ਜਮੀਨਾਂ ਦੇ ਵੱਡੇ ਮੁਨਾਫ਼ੇ ਆਪ ਹੜੱਪਦੇ ਹਨ ਅਤੇ ਉਹਨਾਂ ਵਿੱਚ ਆਪਸ ਵਿੱਚ ਮੰਡੀ 'ਤੇ ਕਬਜ਼ੇ ਲਈ ਗਲਵੱਢ ਮੁਕਾਬਲਾ ਚੱਲਦਾ ਹੈ। ਅਜੋਕੇ ਅਜਾਰੇਦਾਰਾਨਾ ਸਾਮਰਾਜੀ ਸਰਮਾਏਦਾਰੀ ਦੇ ਦੌਰ ਵਿੱਚ ਇਹਨਾਂ ਲੋਟੂਆਂ ਵਿਚਾਲ਼ੇ ਖਹਿ-ਭੇੜ ਦਿਨੋ-ਦਿਨ ਹੋਰ ਤਿੱਖ਼ਾ ਹੁੰਦਾ ਜਾ ਰਿਹਾ ਹੈ ਤੇ ਹੁੰਦਾ ਹੀ ਜਾਵੇਗਾ। ਮੰਡੀ ਦੇ ਨਿਯਮ ਲੱਖਾਂ ਲੋਕਾਂ ਨੂੰ ਉਜਾੜ ਕੇ ਕੁਝ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਧਨ ਕੇਂਦਰਤ ਕਰਦੇ ਜਾਂਦੇ ਹਨ। ਇਹਨਾਂ ਨਿਯਮਾਂ ਦੇ ਲਾਜ਼ਮੀ ਤੇ ਤਾਰਕਿਕ ਨਤੀਜੇ ਵਜੋਂ ਛੋਟਾ ਮਾਲਕ ਲਗਾਤਾਰ ਉੱਜੜ ਰਿਹਾ ਹੈ। ਕਹਿਣ ਦਾ ਮਤਲਬ ਜਿਵੇਂ-ਜਿਵੇਂ ਸਰਮਾਏਦਾਰਾ ਵਿਕਾਸ ਹੁੰਦਾ ਜਾਂਦਾ ਉਸੇ ਤਰ੍ਹਾਂ ਧਨ ਕੁਝ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਕੇਂਦਰਤ ਹੁੰਦਾ ਜਾਂਦਾ ਹੈ ਤੇ ਦੂਜੇ ਪਾਸੇ ਬਹੁ-ਗਿਣਤੀ ਲੋਕਾਂ ਮੁੱਢਲੀਆਂ ਸਹੂਲਤਾਂ ਤੋਂ ਵੀ ਲਗਾਤਾਰ ਵਾਂਝੇ ਹੁੰਦੇ ਜਾਂਦੇ ਹਨ ਅਤੇ ਇਹੀ ਅੱਜ ਹੋ ਰਿਹਾ ਹੈ ਜਿਸਦੀ ਗਤੀ 'ਚ ਨਵ-ਉਦਾਰਵਾਦੀ ਦੌਰ ਦੌਰਾਨ ਹੋਰ ਤੇਜ਼ੀ ਆਈ ਹੈ। ਐਵੇਂ ਨਹੀਂ ਕਿ ਅੱਜ ਸੰਸਾਰ ਦੇ 85 ਸਰਮਾਏਦਾਰਾਂ ਦੀ ਦੌਲਤ ਸੰਸਾਰ ਦੀ 50% (3600000000) ਵਸੋਂ ਦੀ ਜਾਇਦਾਦ ਦੇ ਬਰਾਬਰ ਹੋ ਗਈ ਹੈ। ਇਹ ਸਰਮਾਏਦਾਰੀ ਦਾ ਇੱਕ ਅਟੱਲ ਨਿਯਮ ਹੈ। ਇਹਨੂੰ ਸਮਝ ਕੇ ਹੀ ਸਮਾਜ ਦੇ ਬਿਹਤਰ ਭਵਿੱਖ ਬਾਰੇ ਕੁਝ ਸੋਚਿਆ ਜਾ ਸਕਦਾ ਹੈ। ਸਮਾਜ ਦੇ ਇਨਸਾਫ਼ ਪਸੰਦ ਲੋਕਾਂ ਨੂੰ ਲਾਜ਼ਮੀ ਹੀ ਸਮਾਜ ਦੇ ਵਿਗਿਆਨਕ ਨਜ਼ਰੀਏ ਨਾਲ਼ ਲੈਸ ਹੋਣਾ ਚਾਹੀਦਾ ਹੈ ਤਾਂ ਹੀ ਅਸੀਂ ਇਸ ਮਨੁੱਖਦੋਖੀ ਪ੍ਰਬੰਧ ਨੂੰ ਬਦਲ ਕੇ ਇੱਕ ਲੁੱਟ ਤੇ ਜ਼ਬਰ ਰਹਿਤ ਸਮਾਜ ਸਿਰਜ ਸਕਾਂਗੇ ਜਿੱਥੇ ਸਾਰੇ ਲੋਕਾਂ ਕੋਲ਼ ਰੁਜਗਾਰ ਤੇ ਵਧੀਆ ਘਰ ਹੋਣਗੇ, ਸਾਰੇ ਲੋਕ ਕੁਦਰਤ, ਸੰਗੀਤ, ਕਲਾ ਦਾ ਆਨੰਦ ਮਾਣ ਸਕਣਗੇ, ਸਾਰੇ ਲੋਕ ਹੀ ਵਿਗਿਆਨਕ ਤਕਨੀਕ ਤੋਂ ਲਾਭ ਲੈਣਗੇ ਆਦਿ। ਨਹੀਂ ਤਾਂ ਪਤਾ ਨਹੀਂ ਕਿੰਨਾ ਸਮਾਂ ਹੋਰ ਮਨੁੱਖਤਾ ਹਨੇਰੇ ਖੂੰਜਿਆਂ 'ਚ ਹੱਥ ਮਾਰਦੀ ਫਿਰੇਗੀ ਅਤੇ ਸੰਸਾਰ ਧਨਪਸ਼ੂ ਅਮੀਰੀ ਦੇ ਨਵੇਂ-ਨਵੇਂ ਰਿਕਾਰਡ ਬਣਾਉਂਦੇ ਰਹਿਣਗੇ।

ਲੇਖਕ : ਕ੍ਰਿਸ ਕੰਥਨ
ਅਨੁਵਾਦ : ਸਾਧੂ ਬਿਨਿੰਗ

# ਯੂਨਾਨ-ਜਿਹੜੀ ਗੱਲ ਮੀਡੀਆ ਤੁਹਾਨੂੰ ਦੱਸ ਨਹੀਂ ਰਿਹਾ

ਯੂਨਾਨ ਦੇ ਆਰਥਿਕ ਸੰਕਟ ਬਾਰੇ ਮੁੱਖ ਧਾਰਾ ਮੀਡੀਆ ਇਹ ਕਹਾਣੀ ਦੱਸ ਰਿਹਾ ਹੈ: ਸਰਕਾਰ ਨੇ ਹਿੰਮਤ ਤੋਂ ਵਾਧੂ ਖਰਚ ਕੀਤਾ ਦੇ ਦਵਾਲੀਆ ਹੋ ਗਈ; ਦਰਿਆਦਿਲ ਬੈਂਕਾਂ ਨੇ ਪੈਸੇ ਦਿੱਤੇ ਪਰ ਯੂਨਾਨ ਕੋਲੋਂ ਫਿਰ ਵੀ ਆਪਣੇ ਬਿੱਲ ਨਹੀਂ ਤਾਰ ਹੋਏ, ਕਿਉਂਕਿ ਜਿਹੜੇ ਪੈਸੇ ਉਨ੍ਹਾਂ ਨੂੰ ਦਿੱਤੇ ਗਏ ਉਨ੍ਹਾਂ ਦੀ ਸਹੀ ਵਰਤੋਂ ਨਹੀਂ ਕੀਤੀ ਗਈ। ਇਹ ਗੱਲ ਕਾਫੀ ਠੀਕ ਲਗਦੀ ਹੈ ਨਾ?

ਪਰ ਫਰਕ ਇਹ ਹੈ ਕਿ ਇਹ ਸਰਾਸਰ ਚਿੱਟਾ ਝੂਠ ਹੈ ... ਕੱਲੇ ਯੂਨਾਨ ਬਾਰੇ ਹੀ ਨਹੀਂ, ਯੋਰਪ ਦੇ ਹੋਰ ਮੁਲਕਾਂ ਬਾਰੇ ਵੀ, ਜਿਵੇਂ ਸਪੇਨ, ਪੁਰਤਗਾਲ, ਇਟਲੀ ਅਤੇ ਆਇਰਲੈਂਡ, ਜਿਹੜੇ ਸਾਰੇ ਹੀ ਕੁਝ ਨਾ ਕੁਝ ਹੱਦ ਤੱਕ ਸੰਜਮਤਾ (ਆਸਟੈਰਿਟੀ) ਦਾ ਸਾਹਮਣਾ ਕਰ ਰਹੇ ਹਨ। ਇਸੇ ਤਰ੍ਹਾਂ ਦੇ ਝੂਠਾਂ ਸਹਾਰੇ ਹੀ ਵੱਡੀਆਂ ਬੈਂਕਾਂ ਅਤੇ ਕਾਰਪੋਰੇਸ਼ਨਾਂ ਨੇ ਕਈ ਦਹਾਕਿਆਂ ਤੱਕ ਲਾਤਿਨ ਅਮਰੀਕਾ, ਏਸ਼ੀਆ ਅਤੇ ਅਫਰੀਕਾ ਦੇ ਮੁਲਕਾਂ ਦਾ ਸ਼ੋਸ਼ਣ ਕੀਤਾ ਹੈ।

ਯੂਨਾਨ ਆਪਣੇ ਆਪ ਨਹੀਂ ਫੇਲ ਹੋਇਆ। ਇਸ ਨੂੰ ਫੇਲ ਕੀਤਾ ਗਿਆ ਹੈ।

ਸੰਖੇਪ ਵਿਚ, ਬੈਂਕਾਂ ਨੇ ਯੂਨਾਨ ਸਰਕਾਰ ਤਬਾਹ ਕੀਤੀ ਅਤੇ ਜਾਣ ਬੁੱਝ ਕੇ ਇਸ ਨੂੰ ਨਾ ਕਾਇਮ ਰੱਖੇ ਜਾ ਸਕਣ ਵਾਲੇ ਉਧਾਰ ਵੱਲ ਧੱਕਿਆ ਤਾਂ ਕਿ ਇਸ ਨਾਲ ਪੈਦਾ ਹੋਣ ਵਾਲੀ ਬੇਤਰਤੀਬੀ ਅਤੇ ਮੰਦਵਾੜੇ ਤੋਂ ਸਥਾਨਕ ਧਨਾਢ ਜਮਾਤ ਅਤੇ ਅੰਤਰਰਾਸ਼ਟਰੀ ਕਾਰਪੋਰੇਸ਼ਨਾਂ ਫਾਇਦਾ ਉਠਾ ਸਕਣ।

ਜੇ ਤੁਸੀਂ ਮਾਫੀਆ ਬਾਰੇ ਬਣੀਆਂ ਫਿਲਮਾਂ ਦੇਖਣ ਦੇ ਸ਼ੌਕੀਨ ਹੋ ਤਾਂ ਤੁਹਾਨੂੰ ਪਤਾ ਹੋਣਾ ਹੈ ਕਿ ਮਾਫੀਆ ਕਿਸੇ ਵਧੀਆ ਚੱਲਣ ਵਾਲੀ ਰੈਸਟੋਰੈਂਟ ਨੂੰ ਕਿਸ ਤਰ੍ਹਾਂ ਆਪਣੇ ਕਬਜੇ ਵਿਚ ਕਰਦਾ ਹੈ। ਪਹਿਲਾਂ, ਉਹ ਚਲਦੇ ਧੰਦੇ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਖਲੱਲ ਪਾਉਣਗੇ – ਰੈਸਟੋਰੈਂਟ ਵਿਚ ਕੋਈ ਕਤਲ ਕਰਵਾ ਦੇਣਗੇ ਜਾਂ ਅੱਗ ਲਗਵਾ ਦੇਣਗੇ। ਜਦੋਂ ਚਲਦੇ ਕੰਮ ਨੂੰ ਨੁਕਸਾਨ ਹੋਣਾ ਸ਼ੁਰੂ ਹੋ ਜਾਵੇ, ਤਾਂ ਗੌਡਫਾਦਰ ਦੋਸਤੀ ਦੇ ਵਿਖਾਵੇ ਵਜੋਂ ਮਦਦ ਲਈ ਕੁਝ ਪੈਸੇ ਦੇ ਦੇਵੇਗਾ। ਬਦਲੇ ਵਿਚ ਉਨ੍ਹਾਂ ਦਾ ਕੋਈ ਬੰਦਾ (ਗਰੀਸੀ ਬੰਥ) ਰੈਸਟੋਰੈਂਟ ਦੇ ਹਿਸਾਬ ਕਿਤਾਬ ਨੂੰ ਆਪਣੇ ਹੱਥਾਂ ਵਿਚ ਲੈ ਲਵੇਗਾ, ਬਿੱਗ ਜੋਈ ਨੂੰ ਖ਼੍ਰੀਦੋ ਫਰੋਖਤ ਦਾ ਕਰਤਾ ਧਰਤਾ ਬਣਾ ਦਿੱਤਾ ਜਾਵੇਗਾ, ਅਤੇ ਇਸ ਤਰ੍ਹਾਂ ਹੌਲੀ ਹੌਲੀ ਸਭ ਕੁਝ ਹਥਿਆ ਲਿਆ ਜਾਂਦਾ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਰੈਸਟੋਰੈਂਟ ਦੇ ਮਾਲਕ ਵਾਸਤੇ ਇਹ ਤੇਜ਼ੀ ਨਾਲ ਬੁਰੇ ਹਾਲਤਾਂ ਵਲ ਵਧਣ ਦਾ ਅਮਲ ਹੁੰਦਾ ਹੈ ਤੇ ਉਹ ਛੇਤੀ ਹੀ ਕੰਗਾਲ ਹੋ ਜਾਂਦਾ ਹੈ, ਹਾਂ ਜੇ ਕਿਸਮਤ ਚੰਗੀ ਹੋਵੇ ਤਾਂ ਸ਼ਾਇਦ ਜੀਂਦਾ ਰਹੇ।

ਆਓ ਹੁਣ ਮਾਫੀਆ ਦੀ (ਫਿਲਮ ਦੀ) ਕਹਾਣੀ ਦੇ ਚਾਰ ਪੜਾਵਾਂ ਨੂੰ ਅੰਤਰਰਾਸ਼ਟਰੀ ਆਰਥਿਕਤਾ ਉੱਪਰ ਲਾਗੂ ਕਰ ਕੇ ਦੇਖੀਏ।

ਪੜਾਅ ਪਹਿਲਾ: ਯੂਨਾਨ ਦੇ ਸਮੱਸਿਆ ਵਿਚ ਫਸਣ ਦਾ ਪਹਿਲਾ ਤੇ ਸਭ ਤੋਂ ਵੱਡਾ ਕਾਰਨ ਸਾਲ 2008 ਵਿਚ ਹੋਇਆ ਮਹਾਨ ਆਰਥਿਕ ਮੰਦਵਾੜਾ ਸੀ ਜਿਹੜਾ ਕਿ ਵਾਲ ਸਟਰਿਟ ਅਤੇ ਅੰਤਰਰਾਸ਼ਟਰੀ ਬੈਂਕਰਾਂ ਦੇ ਦਿਮਾਗ ਦੀ ਕਾਢ ਸੀ। ਜੇ ਤੁਹਾਨੂੰ ਚੇਤਾ ਹੋਵੇ ਤਾਂ, ਬੈਂਕਾਂ ਨੇ ਇਕ ਨਵੀਂ ਵਧੀਆ ਸਕੀਮ ਘੜੀ ਤੇ ਉਹ ਹਰ ਕਿਸੇ ਨੂੰ ਘੱਟ ਵਿਆਜ 'ਤੇ ਮੋਰਟਗੇਜ ਦੇਣ ਲੱਗ ਪਏ। ਫੇਰ ਉਨ੍ਹਾਂ ਨੇ ਇਹ ਫਟਣ ਲਈ ਤਿਆਰ ਆਰਥਿਕ ਬੰਬਾਂ ਦੇ ਪੈਕੇਜ ਬਣਾ ਕੇ ਉਨ੍ਹਾਂ ਨੂੰ ਮੋਰਟਗੇਜ ਬੈਕਡ ਸਕਿਊਰਿਟੀਜ਼ ਦੇ ਨਾਂਅ ਥੱਲੇ ਦੁਨੀਆ ਭਰ ਦੀਆਂ ਵਿੱਤੀ ਸੰਸਥਾਵਾਂ ਨੂੰ ਵੇਚ ਕੇ ਵੱਡੇ ਮੁਨਾਫੇ ਕਮਾਏ।

ਇਸ ਅਪਰਾਧਸ਼ੀਲ ਸਰਗਰਮੀ ਦੀ ਮਦਦ ਕਰਨ ਵਾਲੀ ਸੀ ਬੈਂਕਾਂ ਦੇ ਢਾਂਚੇ ਦੀ ਇਕ ਹੋਰ ਸ਼ਾਖ, ਮੁੱਲ ਪਾਉਣ ਵਾਲੀਆਂ ਸੰਸਥਾਵਾਂ ਦੇ ਸਮੂਹ – ਐਸ ਐਂਡ ਪੀ, ਫਿਚ ਐਂਡ ਮੂਡੀਜ਼ – ਜਿਨ੍ਹਾਂ ਨੇ ਇਹ ਹਰ ਹਾਲਤ ਵਿਚ ਫੇਲ ਹੋਣ ਵਾਲੀਆਂ ਆਰਥਿਕ ਵਸਤਾਂ ਨੂੰ ਬਹੁਤ ਮੁੱਲਵਾਨ ਦੱਸਿਆ। ਵੱਡੀਆਂ ਬੈਂਕਾਂ ਵਲੋਂ ਟੋਨੀ ਬਲੇਅਰ ਵਰਗੇ ਬੇਅਸੂਲੇ ਸਿਆਸਤਦਾਨਾਂ ਨੂੰ ਪੈਸੇ ਦੇ ਕੇ ਉਨ੍ਹਾਂ ਕੋਲੋਂ ਇਨ੍ਹਾਂ ਖਤਰਨਾਕ ਸਕਿਊਰਟੀਆਂ ਨੂੰ ਪੈਨਸ਼ਨ ਫੰਡਾਂ ਅਤੇ ਮਿਊਂਸਪਿਲਟੀਆਂ ਕੋਲ ਵੇਚਣ ਵਾਸਤੇ ਦਲਾਲੀ ਕਰਵਾਈ। ਇਸ ਸਕੀਮ ਅਧੀਨ ਬੈਂਕਾਂ ਅਤੇ ਵਾਲ ਸਟਰਿਟ ਦੇ ਗੁਰੂਆਂ ਨੇ ਸੈਂਕੜੇ ਬਿਲੀਅਨ ਡਾਲਰ ਬਣਾਏ।

ਪਰ ਇਹ ਉਨ੍ਹਾਂ ਦੇ ਬਹੁਤ ਵੱਡੇ ਘੁਟਾਲੇ ਦਾ ਅਜੇ ਪਹਿਲਾ ਹੀ ਪੜਾ ਸੀ। ਅਗਲੇ ਤਿੰਨ ਪੜਾਵਾਂ ਦੌਰਾਨ ਹੋਰ ਬਹੁਤ ਸਾਰਾ ਪੈਸਾ ਬਣਾਉਣਾ ਸੀ ਇਨ੍ਹਾਂ ਨੇ।

ਪੜਾਅ ਦੂਜਾ: ਇਹ ਪੜਾਅ ਉਦੋਂ ਆਇਆ ਜਦੋਂ ਇਹ ਵਿੱਤੀ ਬੰਬ ਫਟਿਆ। ਕੁਝ ਹਫਤਿਆਂ ਦੇ ਸਮੇਂ ਦੌਰਾਨ ਹੀ ਦੁਨੀਆ ਭਰ ਦੀਆਂ ਤਜਾਰਤੀ ਤੇ ਨਿਵੇਸ਼ ਬੈਂਕਾਂ ਟੁੱਟਣੀਆਂ ਸ਼ੁਰੂ ਹੋ ਗਈਆਂ। ਸਥਾਨਕ ਅਤੇ ਇਲਾਕਾਈ ਸਰਕਾਰਾਂ ਦੇ ਨਿਵੇਸ਼ ਕੀਤੇ ਹੋਏ ਪੈਸੇ ਅਤੇ ਜਾਇਦਾਦਾਂ ਖਤਮ ਹੋ ਗਈਆਂ। ਹਰ ਜਗਾ ਅਫਰਾਤਫਰੀ (ਕੇਓਸ) ਮਚ ਗਈ।

ਗੋਲਡਮੈਨ ਸੈਕਸ ਅਤੇ ਹੋਰ ਵੱਡੀਆਂ ਬੈਂਕਾਂ ਵਰਗੀਆਂ ਗਿਲਝਾਂ ਨੇ ਤਿੰਨ ਤਰੀਕਿਆਂ ਨਾਲ ਇਸ ਤੋਂ ਫਾਇਦਾ ਉਠਾਇਆ: ਇਕ, ਉਹ ਦੂਜੀਆਂ ਬੈਂਕਾਂ ਜਿਵੇਂ ਕਿ ਲੇਹਮੈਨ ਬਰੱਦਰਜ਼ ਅਤੇ ਵਾਸ਼ਿੰਗਟਨ ਮਿਊਚਲ ਵਰਗੀਆਂ ਵਿੱਤੀ ਸੰਸਥਾਵਾਂ ਨੂੰ ਡਾਲਰਾਂ ਦੀ ਥਾਂ ਸੈਂਟਾਂ ਵਿਚ ਖ਼੍ਰੀਦ ਸਕਦੀਆਂ ਸਨ। ਦੂਜਾ, ਹੋਰ ਦੁਸ਼ਟ-ਭਰਪੂਰਤਾ ਨਾਲ ਗੋਲਡਮੈਨ ਸੈਕਸ ਤੇ ਅੰਦਰੂਨੀ ਜਾਣਕਾਰੀ ਰੱਖਣ ਵਾਲੇ ਜਿਵੇਂ ਕਿ ਜਾਹਨ ਪਾਲਸਨ (ਜਿਹਨੇ ਹੁਣੇ ਜਿਹੇ ਹਾਰਵਰਡ ਨੂੰ / 400 ਮਿਲੀਅਨ ਦਾਨ ਕੀਤੇ ਹਨ) ਨੇ ਆਪਸ ਇਹ ਸ਼ਰਤਾਂ ਲਾਈਆਂ ਹੋਈਆਂ ਸਨ ਕਿ ਇਹ ਸਕਿਊਰਟੀਆਂ ਹਰ ਹਾਲਤ ਵਿਚ ਫੇਲ ਹੋ ਜਾਣਗੀਆਂ। ਪਾਲਸਨ ਨੇ ਬਿਲੀਅਨ ਡਾਲਰ ਬਣਾਏ ਅਤੇ ਮੀਡੀਏ ਨੇ ਉਹਦੀ ਸਿਆਣਪ ਦੇ ਗੁਣਗਾਨ ਕੀਤੇ ਤੇ ਜਸ਼ਨ ਮਨਾਏ। (ਮਿਸਾਲ ਵਜੋਂ, ਜ਼ਰਾ ਸੋਚੋ 9/11 ਦਾ ਕਾਰਾ ਕਰਨ ਵਾਲੇ ਆਤੰਕਵਾਦੀ ਆਪਣੇ ਕਾਰੇ 'ਤੇ ਸ਼ਰਤਾਂ ਲਾਉਣ ਤੇ ਫੇਰ ਉਸ ਤੋਂ ਮੁਨਾਫਾ ਕਮਾਉਣ)। ਤੀਜਾ, ਜ਼ਖਮਾਂ 'ਤੇ ਲੂਣ ਮਲਣ ਲਈ, ਵੱਡੇ ਬੈਂਕਰਾਂ ਨੇ ਉਨ੍ਹਾਂ ਹੀ ਸ਼ਹਿਰੀਆਂ ਤੋਂ ਆਪਣੇ ਬਚਾਅ ਦੀ ਮੰਗ ਕੀਤੀ ਜਿਨ੍ਹਾਂ ਦੀਆਂ ਜ਼ਿੰਦਗੀਆਂ ਇਨ੍ਹਾਂ ਬੈਂਕਾਂ ਨੇ ਤਬਾਹ ਕੀਤੀਆਂ ਸਨ। ਇਨ੍ਹਾਂ ਬੈਂਕਰਾਂ ਦੇ ਹੌਸਲੇ ਦੇਖੋ। ਅਮਰੀਕਾ ਵਿਚ ਟੈਕਸ ਦੇਣ ਵਾਲਿਆਂ ਕੋਲੋਂ ਇਨ੍ਹਾਂ ਨੇ ਸੈਂਕੜੇ ਬਿਲੀਅਨ ਡਾਲਰ ਰਗੜੇ ਅਤੇ ਫੈਡਰਲ ਰੀਜ਼ਰਵ ਬੈਂਕ ਤੋਂ ਕਈ ਟ੍ਰਿਲੀਅਨ ਡਾਲਰ ਲਏ ਜਿਹੜਾ ਕਿ ਅਸਲ ਵਿਚ ਬੈਂਕਰਾਂ ਦਾ ਹੀ ਇਕ ਕਾਇਮ ਕੀਤਾ ਹੋਇਆ ਢਾਂਚਾ ਹੈ।



ਯੂਨਾਨ ਵਿਚ, ਸਥਾਨਕ ਬੈਂਕਾਂ ਨੇ 30 ਬਿਲੀਅਨ ਡਾਲਰਾਂ ਤੋਂ ਵੱਧ ਪੈਸੇ ਯੂਨਾਨੀ ਲੋਕਾਂ ਦੀਆਂ ਜੇਬਾਂ ਵਿਚੋਂ ਕੱਢਵਾਏ। ਜ਼ਰਾ ਇਹ ਗੱਲ ਪਚਾ ਲਓ – ਯੂਨਾਨ ਦੀ ਗੈਰ-ਜ਼ਿੰਮੇਵਾਰ ਕਹੀ ਜਾਂਦੀ ਸਰਕਾਰ ਨੇ ਪੱਕੇ ਪੂੰਜੀਵਾਦੀ ਬੈਂਕਰਾਂ ਨੂੰ ਕੋਲੋਂ ਪੈਸੇ ਦੇ ਕੇ ਰਿਹਾਈ ਦੁਆਈ।

ਪੜਾਅ ਤੀਜਾ: ਤੀਜਾ ਪੜਾਅ ਉਦੋਂ ਆਇਆ ਜਦੋਂ ਬੈਂਕਾਂ ਨੇ ਸਰਕਾਰ ਨੂੰ ਬੇਹਸਾਬੇ ਉਧਾਰ ਦੀ ਜ਼ਿੰਮੇਵਾਰੀ ਲੈਣ ਲਈ ਮਜਬੂਰ ਕੀਤਾ। ਗੱਲ ਸਮਝਣ ਲਈ, ਜੀਵ ਵਿਗਿਆਨ ਅੰਦਰਲੇ ਕਿਸੇ ਵਾਇਰਸ ਜਾਂ ਜਰਾਸੀਮ ਬਾਰੇ ਸੋਚੋ। ਇਨ੍ਹਾਂ ਸਾਰਿਆਂ ਕੋਲ ਆਪਣੇ ਮੇਜ਼ਬਾਨ ਦੇ ਸੁਰੱਖਿਅਤ ਢਾਂਚੇ (ਅਮਿਊਨ ਸਿਸਟਮ) ਨੂੰ ਕਮਜ਼ੋਰ ਕਰਨ ਦੇ ਵਿਸ਼ੇਸ਼ ਤਰੀਕੇ ਹੁੰਦੇ ਹਨ। ਇਨ੍ਹਾਂ ਸੁਆਰਥੀ ਅੰਤਰਰਾਸ਼ਟਰੀ ਬੈਂਕਾਂ ਦਾ ਇਕ ਪਰਤਾਇਆ ਹੋਇਆ ਤਰੀਕਾ ਹੈ ਕਿ ਮੁਲਕ ਦੇ ਬੌਂਡਾਂ ਦਾ ਮੁੱਲ ਘਟਾ ਦੇਵੋ। ਅਤੇ ਇਨ੍ਹਾਂ ਬੈਂਕਰਾਂ ਨੇ 2009 ਦੇ ਅਖੀਰ ਵਿਚ ਸ਼ੁਰੂ ਕਰ ਕੇ ਸੱਚਮੁੱਚ ਇਸ ਤਰ੍ਹਾਂ ਹੀ ਕੀਤਾ। ਇਸ ਨਾਲ ਬੌਂਡਾਂ 'ਤੇ ਲਗਦਾ ਵਿਆਜ ਉਸੇ ਵੇਲੇ (ਉਸ ਤੋਂ ਹੋਣ ਵਾਲੀ ਆਮਦਨ) ਵਧ ਜਾਂਦਾ ਹੈ ਜਿਸ ਨਾਲ ਉਸ ਦੇਸ ਵਲੋਂ ਹੋਰ ਪੈਸੇ ਉਧਾਰ ਲੈਣੇ ਜਾਂ ਪਹਿਲਾਂ ਵਾਲੇ ਬੌਂਡਾਂ ਨੂੰ ਬਚਾਈ ਰੱਖਣਾ ਮਹਿੰਗੇ ਤੋਂ ਮਹਿੰਗਾ ਹੋ ਜਾਂਦਾ ਹੈ।

ਸਾਲ 2009 ਤੋਂ ਅੱਧ 2010 ਤੱਕ ਯੂਨਾਨ ਦੇ ਦਸ-ਸਾਲਾ ਬੌਂਡਾਂ ਤੋਂ ਹੋਣ ਵਾਲੀ ਆਮਦਨ ਤਿੰਨ ਗੁਣਾ ਵਧ ਗਈ। ਇਸ ਜ਼ਾਲਮਾਨਾ ਵਿੱਤੀ ਹਮਲੇ ਨੇ ਯੂਨਾਨ ਦੀ ਸਰਕਾਰ ਦੇ ਗੋਡੇ ਟਿਕਾ ਦਿੱਤੇ ਅਤੇ ਬੈਂਕਰਾਂ ਨੇ 110 ਬਿਲੀਅਨ ਯੂਰੋ ਦੇ ਉਧਾਰ ਦਾ ਪਹਿਲਾ ਸੌਦਾ ਮਾਰ ਲਿਆ।

ਬੈਂਕਾਂ ਮੁਲਕਾਂ ਦੀ ਸਿਆਸਤ ਵੀ ਆਪਣੇ ਕਾਬੂ ਵਿਚ ਰੱਖਦੀਆਂ ਹਨ। ਸਾਲ 2011 ਵਿਚ ਜਦੋਂ ਯੂਨਾਨ ਦੇ ਮੁੱਖ ਮੰਤਰੀ ਨੇ ਦੂਜੀ ਵੱਡੀ ਜ਼ਮਾਨਤ ਮੰਨਣ ਤੋਂ ਇਨਕਾਰ ਕੀਤਾ ਤਾਂ ਬੈਂਕਾਂ ਨੇ ਉਹਨੂੰ ਅਹੁਦੇ ਤੋਂ ਲਾਹ ਮਾਰਿਆ ਅਤੇ ਉਸੇ ਵੇਲੇ ਈ ਸੀ ਬੀ (ਯੋਰਪੀਅਨ ਸੈਂਟਰਲ ਬੈਂਕ) ਦੇ ਉੱਪ ਪ੍ਰਧਾਨ ਨੂੰ ਉਹਦੀ ਜਗਾਹ ਸਥਾਪਤ ਕਰ ਦਿੱਤਾ। ਚੋਣਾਂ ਦੀ ਵੀ ਕੋਈ ਲੋੜ ਨਹੀਂ। ਜਮਹੂਰੀਅਤ ਦੀ ਮਾਰੋ...। ਤੇ ਇਸ ਨਵੇਂ ਸੱਜਣ ਨੇ ਕੀ ਕੀਤਾ? ਬੈਂਕਰਾਂ ਨੇ ਜਿਹੜਾ ਵੀ ਕੋਈ ਕਗਾਜ਼ ਪੱਤਰ ਲਿਆਂਦਾ ਉਸ ਉੱਪਰ ਅੱਖਾਂ ਮੀਟ ਕੇ ਦਸਤਖਤ ਕਰ ਦਿੱਤੇ।

(ਨਾਲ ਹੀ, ਉਸ ਤੋਂ ਅਗਲੇ ਦਿਨ ਹੀ, ਬਿਲਕੁਲ ਇਹੀ ਗੱਲ ਇਟਲੀ ਵਿਚ ਵਾਪਰੀ, ਜਿੱਥੇ ਮੁੱਖ ਮੰਤਰੀ ਨੇ ਅਸਤੀਫਾ ਦੇ ਦਿੱਤਾ, ਤੇ ਉਸ ਦੀ ਜਗਾਹ ਬੈਂਕਰ/ਆਰਥਿਕ ਕੱਠਪੁਤਲੀ ਬਿਠਾਅ ਦਿੱਤੀ। ਦਸ ਦਿਨ ਬਾਅਦ, ਸਪੇਨ ਵਿਚ ਵੀ ਇਕ ਸਮੇਂ ਤੋਂ ਪਹਿਲਾਂ ਹੋਣ ਵਾਲੀ ਚੋਣ ਹੋਈ ਤੇ ਇਕ ਬੈਂਕਰ ਕੱਠਪੁਤਲੀ ਨੇ ਚੋਣ ਜਿੱਤ ਲਈ।)

ਕੱਠਪੁਤਲੀ ਨਚਾਉਣ ਵਾਲੇ ਮਾਲਕਾਂ ਲਈ ਨਵੰਬਰ 2011 ਦਾ ਮਹੀਨਾ ਸਭ ਤੋਂ ਵਧੀਆ ਮਹੀਨਾ ਸੀ।

ਕੁਝ ਮਹੀਨੇ ਬਾਅਦ, 2012 ਵਿਚ, ਪਹਿਲਾਂ ਵਾਲੀ ਬੌਂਡ ਮਾਰਕਿਟ ਦੀ ਵਰਤੀ ਹੋਈ ਜੁਗਤ ਦੀ ਵਰਤੋਂ ਨਾਲ ਯੂਨਾਨ ਦੇ ਬੌਂਡਾਂ ਤੋਂ ਹੋਣ ਵਾਲੀ ਆਮਦਨ 50% ਤੱਕ ਹੋ ਗਈ!!! ਇਸ ਆਰਥਿਕ ਦਹਿਸ਼ਤ ਦਾ ਉਸੇ ਵੇਲੇ ਮਨਸ਼ਾ ਅਨੁਸਾਰ ਅਸਰ ਹੋਇਆ: ਯੂਨਾਨ ਦੀ ਸੰਸਦ ਨੂੰ ਫੇਰ ਇਕ ਬੇਹਸਾਬੀ ਜ਼ਮਾਨਤ ਲਈ ਰਜ਼ਾਮੰਦ ਹੋਣਾ ਪਿਆ, ਪਹਿਲੀ ਨਾਲੋਂ ਵੀ ਵੱਡੀ ਜ਼ਮਾਨਤ।

ਹੁਣ, ਇਹ ਇਕ ਹੋਰ ਤੱਤ ਹੈ ਜੋ ਬਹੁਤੇ ਲੋਕ ਸਮਝ ਨਹੀਂ ਪਾਉਂਦੇ। ਇਹ ਉਧਾਰ, ਸਧਾਰਨ ਉਧਾਰ ਨਹੀਂ ਹੁੰਦੇ ਜਿਵੇਂ ਕਿ ਤੁਸੀਂ ਜਾ ਕੇ ਕਰੈਡਿਟ ਕਾਰਡ ਜਾਂ ਬੈਂਕ ਤੋਂ ਲੈ ਲੈਂਦੇ ਹੋ। ਇਨ੍ਹਾਂ ਉਧਾਰਾਂ ਨਾਲ ਵਿਸ਼ੇਸ਼ ਸ਼ਰਤਾਂ ਜੁੜੀਆਂ ਹੁੰਦੀਆਂ ਹਨ ਜਿਹੜੀਆਂ ਇਹ ਮੰਗ ਕਰਦੀਆਂ ਹਨ ਕਿ ਮੁਲਕ ਦੀ ਜਾਇਦਾਦ ਦਾ ਨਿੱਜੀਕਰਨ ਕੀਤਾ ਜਾਵੇ। ਜੇ ਤੁਸੀਂ ਗਾਡਫਾਦਰ ਤਿੰਨ ਦੇਖੀ ਹੋਵੇ, ਤੁਹਾਨੂੰ ਹਾਈਮਨ ਰੌਥ ਦਾ ਚੇਤਾ ਹੋਵੇਗਾ, ਪੂੰਜੀ ਨਿਵੇਸ਼ਕ ਜਿਹੜਾ ਆਪਣੇ ਦੋਸਤਾਂ ਦਰਮਿਆਨ ਕਿਊਬਾ ਦੇ ਹਿੱਸੇ ਪਾ ਰਿਹਾ ਹੁੰਦਾ ਹੈ। ਹਾਈਮਨ ਰੌਥ ਦੀ ਥਾਂ ਗੋਲਡਮੈਨ ਸੈਕਸ ਜਾਂ ਆਈ ਐੱਮ ਐੱਫ (ਇੰਟਰਨੈਸ਼ਨਲ ਮੋਨੇਟਰੀ ਫੰਡ) ਜਾਂ ਈ ਸੀ ਬੀ (ਯੋਰਪੀਅਨ ਸੈਂਟਰਲ ਬੈਂਕ) ਨੂੰ ਰੱਖ ਕੇ ਦੇਖੋ ਤੇ ਤੁਹਾਨੂੰ ਸਾਰੀ ਤਸਵੀਰ ਦਿਸ ਪਵੇਗੀ।

ਪੜਾਅ ਚੌਥਾ: ਹੁਣ, ਸੰਜਮਤਾ (ਆਸਟੈਰਿਟੀ) ਜਾਂ ਢਾਂਚਾਗਤ ਸੁਧਾਰ (ਸਟਰੱਕਚਰਲ ਰੀਫੌਰਮਜ਼) ਦੇ ਨਾਂ ਥੱਲੇ ਮੁਲਕ ਦਾ ਬਲਾਤਕਾਰ ਤੇ ਬੇਇਜ਼ਤੀ ਸ਼ੁਰੂ ਹੋ ਜਾਂਦੀ ਹੈ। ਉਸ ਉਧਾਰ ਲਈ ਜਿਹੜਾ ਯੂਨਾਨ ਉੱਪਰ ਠੋਸਿਆ ਗਿਆ ਸੀ, ਯੂਨਾਨ ਨੂੰ ਆਪਣੀ ਮੁਨਾਫਾ ਦੇਣ ਵਾਲੀ ਬਹੁਤ ਸਾਰੀ ਜਾਇਦਾਦ ਸਥਾਨਕ ਅਮੀਰਾਂ (ਓਲੀਗਾਰਕ) ਅਤੇ ਅੰਤਰਰਾਸ਼ਟਰੀ ਕਾਰਪੋਰੇਸ਼ਨਾਂ ਕੋਲ ਵੇਚਣੀ ਪਈ। ਅਤੇ ਨਿੱਜੀਕਰਨ ਬੜਾ ਨਿਰਦਈ ਹੁੰਦਾ ਹੈ ਜਿਹਦੇ ਵਿਚ ਸਭ ਕੁਝ ਅਤੇ ਜੋ ਕੁਝ ਵੀ ਫਾਇਦੇ ਵਾਲਾ ਹੋਵੇ ਸ਼ਾਮਲ ਹੁੰਦਾ ਹੈ। ਯੂਨਾਨ 'ਚ ਹੋਏ ਨਿੱਜੀਕਰਨ ਵਿਚ ਸ਼ਾਮਲ ਸੀ ਪਾਣੀ, ਬਿਜਲੀ, ਡਾਕਖਾਨਾ, ਹਵਾਈ ਅੱਡਿਆਂ ਦੀ ਸੇਵਾਵਾਂ, ਕੌਮੀ ਬੈਂਕਾਂ, ਸੰਚਾਰ, ਬੰਦਰਗਾਹਾਂ (ਜਿਹੜਾ ਮੁਲਕ ਦੁਨੀਆ ਵਿਚ ਇਸ ਕੰਮ ਦਾ ਆਗੂ ਹੋਵੇ ਉੱਥੇ ਇਹ ਬਹੁਤ ਵੱਡੀ ਗੱਲ ਹੈ) ਆਦਿ। ਨਾਲ ਹੀ ਸਦਾ-ਜੁਗਾੜੂ ਬੈਂਕਰ ਉਸੇ ਵੇਲੇ ਮੰਗ ਕਰਦੇ ਹਨ ਕਿ ਸਾਰੇ ਸੰਚਾਰ ਸਾਧਨ ਵੀ ਨਿੱਜੀ ਹੱਥਾਂ ਵਿਚ ਦੇ ਦਿੱਤੇ ਜਾਣ, ਜਿਸ ਦਾ ਅਰਥ ਹੈ ਕਿ ਮੁਲਕ ਨੂੰ ਟੀ ਵੀ 'ਤੇ ਦਿਸਣ ਵਾਲੇ ਸੋਹਣੇ ਚਿਹਰੇ ਦੇਖਣ ਨੂੰ ਮਿਲਦੇ ਹਨ ਜੋ ਨਿੱਤ ਦਿਨ ਸਥਾਪਤੀ ਦੇ ਪ੍ਰਾਪੇਗੰਡੇ ਨੂੰ ਅੱਖਾਂ ਮੀਟ ਕੇ ਦੁਹਰਾਈ ਜਾਂਦੇ ਹਨ ਅਤੇ ਧੋਖੇਬਾਜ਼ ਅਤੇ ਲਾਲਚੀ ਬੈਂਕਰਾਂ ਨੂੰ ਲੋਕਾਂ ਦੇ ਰੱਖਿਅਕ ਦੱਸਦੇ ਹਨ ਅਤੇ ਸਮਝਾਉਂਦੇ ਹਨ ਕਿ ਸੰਜਮਤਾ ਦੇ ਥੱਲੇ ਗੁਲਾਮੀ ਕਿਸੇ ਵੀ ਹੋਰ ਬਦਲ ਨਾਲੋਂ ਬੇਹਤਰ ਹੈ।

ਇਸ ਦੇ ਨਾਲ ਹੀ, ਜ਼ਾਲਮ ਬੈਂਕਰ ਸਰਕਾਰ ਦੇ ਬੱਜਟ ਦੀ ਕੱਲੀ ਕੱਲੀ ਲਾਈਨ ਆਪਣੀ ਮਰਜੀ ਨਾਲ ਲਿਖਾਉਂਦੇ ਹਨ। ਤੁਸੀਂ ਮਿਲਟਰੀ ਦਾ ਖਰਚਾ ਘਟਾਉਣਾ ਚਾਹੁੰਦੇ ਹੋ? ਨਹੀਂ! ਧਨਾਢਾਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਦਾ ਟੈਕਸ ਵਧਾਉਣਾ ਚਾਹੁੰਦੇ ਹੋ? ਨਹੀਂ! ਛੋਟੀਆਂ ਛੋਟੀਆਂ ਗੱਲਾਂ ਵਿਚ ਆਪਣੀ ਮਰਜੀ ਕਰਵਾਉਣ ਦਾ ਇਸ ਕਿਸਮ ਦਾ ਰਿਸ਼ਤਾ ਹੋਰ ਕਿਸੇ ਉਧਾਰ ਲੈਣ ਤੇ ਦੇਣ ਵਾਲੇ ਵਿਚਾਲੇ ਨਹੀਂ ਹੁੰਦਾ।

ਸੋ ਬੈਂਕਰਾਂ ਅਧੀਨ ਇਸ ਕਿਸਮ ਦੇ ਨਿੱਜੀਕਰਨ ਅਤੇ ਧੱਕੇਸ਼ਾਹੀ ਬਾਅਦ ਕੀ ਹੁੰਦਾ ਹੈ? ਸਾਫ ਗੱਲ ਹੈ ਕਿ ਸਰਕਾਰ ਦੀ ਆਮਦਨੀ ਘੱਟ ਜਾਂਦੀ ਹੈ ਤੇ ਉਧਾਰ ਹੋਰ ਵੱਧ ਜਾਂਦਾ ਹੈ। ਹੁਣ ਇਸ ਨੂੰ ਤੁਸੀਂ ਕਿਵੇਂ ਠੀਕ ਕਰੋਗੇ? ਸਿੱਧੀ ਗੱਲ ਹੈ ਖਰਚਾ ਘਟਾਓ! ਸਰਕਾਰੀ ਕਾਮਿਆਂ ਨੂੰ ਹਟਾ ਦਿਓ, ਘੱਟ ਤੋਂ ਘੱਟ ਤਨਖਾਹ ਵੀ ਖਤਮ ਕਰ ਦੇਵੋ, ਪੈਨਸ਼ਨਾਂ (ਜਿਸ ਤਰ੍ਹਾਂ ਸਾਡੀ ਸੋਸ਼ਿਲ ਸਕਿਊਰਿਟੀ ਹੈ) ਬੰਦ ਕਰ ਦੇਵੋ, ਪਬਲਿਕ ਸੇਵਾਵਾਂ ਵਿਚ ਕਟਾਉਤੀਆਂ ਕਰੋ, ਅਤੇ ਉਨ੍ਹਾਂ ਚੀਜ਼ਾਂ 'ਤੇ ਟੈਕਸ ਵਧਾ ਦੇਵੋ ਜਿਹੜੀਆਂ 99% ਲੋਕਾਂ 'ਤੇ ਅਸਰ ਕਰਦੀਆਂ ਹੋਣ 1% 'ਤੇ ਨਹੀਂ। ਉਦਾਹਰਨ ਵਜੋਂ, ਪੈਨਸ਼ਨਾਂ ਅੱਧੀਆਂ ਘਟਾ ਦਿੱਤੀਆਂ ਗਈਆਂ ਅਤੇ ਵਿਕਰੀ ਟੈਕਸ ਵਿਚ 20% ਤੋਂ ਉੱਪਰ ਵਾਧਾ ਕੀਤਾ ਗਿਆ। ਇਨ੍ਹਾਂ ਸਾਰੀਆਂ ਗੱਲਾਂ ਕਾਰਨ ਯੂਨਾਨ ਅਮਰੀਕਾ ਵਿਚ 1930 ਦੌਰਾਨ ਵਾਪਰੇ ਵੱਡੇ ਮੰਦਵਾੜੇ ਨਾਲੋਂ ਵੀ ਜ਼ਿਆਦਾ ਆਰਥਿਕ ਬਿਪਤਾ ਵਿੱਚੋਂ ਲੰਘ ਰਿਹਾ ਹੈ।

ਇਸ ਸਭ ਕਾਸੇ ਤੋਂ ਪਿੱਛੋਂ, ਨਿਰਦਈ ਬੈਂਕਰਾਂ ਵਲੋਂ ਕਿਹੜਾ ਹੱਲ ਸੁਝਾਇਆ ਗਿਆ ਹੈ? ਵੱਧ ਟੈਕਸ! ਪੈਨਸ਼ਨਾਂ 'ਤੇ ਹੋਰ ਕਟਾਉਤੀਆਂ! ਕਿਸੇ ਮੁਲਕ ਨੂੰ ਸੰਜਮਤਾ ਵਿੱਚੋਂ, ਇਸ ਕਿਸਮ ਦੇ ਆਰਥਿਕ ਸਰਬਨਾਸ਼ ਰਾਹੀਂ ਲੰਘਾਉਣ ਦਾ ਕੰਮ ਖਾਸ ਕਿਸਮ ਦੇ ਮਾਨਸਿਕ ਰੋਗੀ ਹੀ ਕਰ ਸਕਦੇ ਹਨ।

ਜੇ ਹਰ ਯੂਨਾਨੀ ਨੂੰ ਸੰਜਮਤਾ ਦੀ ਅਸਲੀਅਤ ਦਾ ਪਤਾ ਹੁੰਦਾ ਤਾਂ ਉਹ ਕਦੇ ਵੀ ਇਸ ਦੀ ਹਿਮਾਇਤ ਨਾ ਕਰਦੇ। ਇਹੀ ਗੱਲ ਸਪੇਨ, ਇਟਲੀ ਤੇ ਪੁਰਤਗਾਲ, ਆਇਰਲੈਂਡ ਅਤੇ ਹੋਰ ਦੂਜੇ ਮੁਲਕ ਜੋ ਸੰਜਮਤਾ ਵਿਚੋਂ ਲੰਘ ਰਹੇ ਹਨ, 'ਤੇ ਲਾਗੂ ਹੁੰਦੀ ਹੈ। ਇਸ ਸਭ ਦਾ ਉਦਾਸ ਕਰਨ ਵਾਲਾ ਪੱਖ ਇਹ ਹੈ ਕਿ ਇਹ ਕੋਈ ਬਹੁਤੀਆਂ ਵਿਸ਼ੇਸ਼ ਜੁਗਤਾਂ ਨਹੀਂ। ਦੂਜੀ ਵੱਡੀ ਜੰਗ ਤੋਂ ਹੀ ਆਈ ਐੱਮ ਐੱਫ ਅਤੇ ਵਰਲਡ ਬੈਂਕ ਵਲੋਂ ਇਸ ਕਿਸਮ ਦੀਆਂ ਲੁਟੇਰੀਆਂ ਜੁਗਤਾਂ ਅਨੇਕਾਂ ਵਾਰ ਲਾਤੀਨੀ ਅਮਰੀਕਾ, ਏਸ਼ੀਆ ਅਤੇ ਅਫਰੀਕਾ ਵਿਚ ਵਰਤੀਆਂ ਗਈਆਂ ਹਨ।

ਦੁਨੀਆ ਦੇ ਨਵੇਂ ਢਾਂਚੇ (ਨਿਊ ਵਰਲਡ ਆਰਡਰ) ਦੀ ਇਹ ਅਸਲੀਅਤ ਹੈ – ਦੁਨੀਆ ਜਿਸ ਦੀਆਂ ਮਾਲਕ ਮੁੱਠੀ ਭਰ ਕਾਰਪੋਰੇਸ਼ਨਾਂ ਤੇ ਬੈਂਕਾਂ ਹਨ; ਦੁਨੀਆ ਜਿਹੜੀ ਆਗਿਆਕਾਰ, ਨਿਤਾਣੇ ਅਤੇ ਕਰਜ਼ਈ ਕਾਮਿਆਂ ਨਾਲ ਭਰੀ ਹੋਈ ਹੈ।

ਸੋ, ਯੂਨਾਨ ਦੇ ਮਾਣਮੱਤੇ ਲੋਕਾਂ ਲਈ ਜ਼ੀਅਸ ਵਾਂਗ ਮੁੜ ਉੱਠਣ ਦਾ ਮੌਕਾ ਹੈ ਅਤੇ ਲਾਲਚੀ ਕੱਠਪੁਤਲੀਆਂ ਨਚਾਉਣ ਵਾਲੇ, ਦੇਸ਼ ਵਿਰੋਧੀ ਪੂੰਜੀਪਤੀਆਂ, ਲਹੂ ਪੀਣੇ ਬੈਂਕਰਾਂ ਅਤੇ ਭ੍ਰਿਸ਼ਟ ਸਿਆਸੀ ਲੋਕਾਂ ਨੂੰ ਜ਼ੋਰਦਾਰ ਤਰੀਕੇ ਨਾਲ ਨਾਂਹ ਕਹਿਣ ਦਾ ਸਮਾਂ ਹੈ।

ਪਿਆਰੇ ਯੂਨਾਨ, ਇਹ ਗੱਲ ਜਾਣ ਲਿਓ ਕਿ ਦੁਨੀਆ ਤੁਹਾਡੇ ਲਈ ਅਰਦਾਸਾਂ ਕਰ ਰਹੀ ਹੈ ਅਤੇ ਤੁਹਾਡੇ ਨਾਲ ਖੜ੍ਹੀ ਹੈ। ਇਸ ਵੀਕਇੰਡ 'ਤੇ ਸੰਜਮਤਾ ਤੋਂ ਇਨਕਾਰ ਵਿਚ ਵੋਟ ਪਾਓ। ਆਜ਼ਾਦੀ, ਖੁਦਮੁਖਤਾਰੀ, ਸਵੈ-ਸਰਕਾਰ, ਅਤੇ ਜਮਹੂਰੀਅਤ ਨੂੰ ਹਾਂ ਕਹੋ। ਇਸ ਵੀਕਇੰਡ 'ਤੇ ਵੋਟ ਪਾਉਣ ਜਾਓ ਅਤੇ 99% ਯੂਨਾਨ, ਯੋਰਪ ਤੇ ਸਾਰੀ ਦੁਨੀਆ ਦੇ ਹੱਕ ਵਿਚ ਇਕ ਜ਼ੋਰਦਾਰ ਸਾਫ ਜਿੱਤ ਹਾਸਲ ਕਰੋ।

(ਜੁਲਾਈ 5, 2015 ਯੂਨਾਨ ਦੇ ਲੋਕਾਂ ਨੇ ਵੱਡੀ ਗਿਣਤੀ (60% ਤੋਂ ਉੱਪਰ) ਸੰਜਮਤਾ (ਆਸਟੈਰਿਟੀ) ਤੋਂ ਇਨਕਾਰ ਵਿਚ ਵੋਟ ਪਾਈ ਹੈ)

# ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਣ ਵਾਲਾ ਪੰਜਾਬ ਦਾ ਪਹਿਲਾ ਸ਼ਹੀਦ

# ਮਦਨ ਲਾਲ ਢੀਂਗਰਾ



ਜਸਵੰਤ ਜੀਰਖ

ਢੀਂਗਰਾ ਪਰਿਵਾਰ ਅੰਗਰੇਜ਼ੀ ਕਾਲ ਦੇ ਪੰਜਾਬ ਦਾ ਇਕ ਮੰਨਿਆ-ਪ੍ਰਮੰਨਿਆ ਖਾਂਦਾ ਪੀਂਦਾ ਉਚ ਮੱਧ ਵਰਗੀ ਘਰਾਣੇ ਨਾਲ ਸਬੰਧਤ ਪਰਿਵਾਰ ਸੀ। ਮਦਨ ਲਾਲ ਢੀਂਗਰਾ ਦੇ ਪਿਤਾ ਦਿੱਤਾ ਮੱਲ ਨੇ ਮੈਡੀਕਲ ਸਕੂਲ ਲਾਹੌਰ ਵਿਚੋਂ 1867 ਵਿਚ ਉਪ ਸਹਾਇਕ ਸਰਜਨ ਦੇ ਤੌਰ 'ਤੇ ਪ੍ਰੈਕਟਸ ਕਰਨ ਦੀ ਸਨਦ ਪ੍ਰਾਪਤ ਕੀਤੀ ਸੀ। ਉਨ੍ਹਾਂ ਨੇ ਉਸ ਵੇਲੇ ਗੁਰਦਾਸਪੁਰ ਅਤੇ ਹਿਸਾਰ ਆਦਿ ਵਿਚ ਸਿਵਲ ਸਰਜਨ ਦੀ ਪਦਵੀ ਤੇ ਰਹਿ ਕੇ ਸੇਵਾ ਮੁਕਤ ਹੋਣ ਬਾਅਦ ਮੁੜ ਅੰਮ੍ਰਿਤਸਰ ਵਸ ਗਏ ਸਨ। ਉਥੇ ਉਨ੍ਹਾਂ ਨੇ ਜੀ. ਟੀ. ਰੋਡ 'ਤੇ ਛੇ ਕੋਠੀਆਂ ਅਤੇ ਕਟੜਾ ਸ਼ੇਰ ਸਿੰਘ ਵਿਚ ਇੱਕੀ (21) ਮਕਾਨ ਬਣਾ ਲਏ ਸਨ। ਇਨ੍ਹਾਂ ਕੋਠੀਆਂ ਅਤੇ ਮਕਾਨਾਂ ਦੇ ਕਿਰਾਏ ਦੀ ਆਮਦਨੀ ਨਾਲ ਬੜੇ ਸ਼ਾਹੀ ਠਾਠ ਨਾਲ ਰਹਿੰਦੇ ਸਨ। ਇਸ ਤੋਂ ਬਿਨਾਂ ਸ਼ੇਖੂਪੁਰੇ ਜ਼ਿਲ੍ਹੇ (ਪਾਕਿਸਤਾਨ) ਦੇ ਪਿੰਡ ਸਾਂਗੀਵਾਲਾ ਵਿਚ 10 ਮੁਰੱਬੇ ਖੇਤੀ ਅਧੀਨ ਜ਼ਮੀਨ ਵੀ ਸੀ। ਇਸ ਤਰ੍ਹਾਂ ਮਦਨ ਲਾਲ ਢੀਂਗਰਾ ਦੇ ਪਿਤਾ ਆਰਥਿਕ ਪੱਖੋਂ ਬੜਾ ਸੌਖਾ ਤੇ ਚਿੰਤਾ ਮੁਕਤ ਸਨ। ਅੰਮ੍ਰਿਤਸਰ ਵਿਚ ਵੀ ਸ੍ਰੀ ਦਿੱਤਾ ਮੱਲ ਅੱਖਾਂ ਦੇ ਮਾਹਿਰ ਦੇ ਤੌਰ 'ਤੇ ਬਹੁਤ ਸਫਲ ਪ੍ਰੈਕਟਿਸ ਕਰਦੇ ਸਨ ਜਿਸ ਕਰਕੇ ਇਥੇ ਉਨ੍ਹਾਂ ਦੀ ਕਾਫ਼ੀ ਮਸ਼ਹੂਰੀ ਅਤੇ ਅਸਰ ਰਸੂਖ ਸੀ। ਇਸ ਧਨਾਢ ਵਿਅਕਤੀ ਦਾ ਪਰਿਵਾਰ ਵੀ ਕਾਫ਼ੀ ਵੱਡਾ ਅਤੇ ਪੜ੍ਹਿਆ ਲਿਖਿਆ ਸੀ ਜਿਸ ਵਿਚ ਮਦਨ ਲਾਲ ਢੀਂਗਰਾ ਦਾ ਨੰ. 7ਵਾਂ ਸੀ ਜਿਸ ਦਾ ਵੇਰਵਾ ਇਸ ਤਰ੍ਹਾਂ ਸੀ :

ਡਾ. ਸਾਹਿਬ ਦਿੱਤਾ ਮੱਲ

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਕਾਕੀ ਰਾਣੀ | ਕੰਦਨ ਲਾਲ | ਮੋਹਨ ਲਾਲ | ਬਿਹਾਰੀ ਲਾਲ | ਚਮਨ ਲਾਲ | ਚੂਨੀ ਲਾਲ | ਮਦਨ ਲਾਲ | ਭਜਨ ਲਾਲ |
| (ਪੁੱਤਰੀ) | (ਪੁੱਤਰ) | (ਪੁੱਤਰ) | (ਪੁੱਤਰ) (ਪੁੱਤਰ) | (ਪੁੱਤਰ) | (ਪੁੱਤਰ) | (ਪੁੱਤਰ) (ਪੁੱਤਰ) | |

ਮਦਨ ਲਾਲ ਢੀਂਗਰਾ ਜੋ ਅੰਮ੍ਰਿਤਸਰ ਵਿਖੇ ਹੀ 18 ਫਰਵਰੀ 1883 ਨੂੰ ਜਨਮੇ, ਜਿਥੇ ਆਮ ਅਮੀਰਾਂ ਵਜ਼ੀਰਾਂ ਦੇ ਬੱਚਿਆਂ ਵਾਂਗ ਉਨ੍ਹਾਂ ਦਾ ਪਾਲਣ ਪੋਸ਼ਣ ਬੜੀਆਂ ਸੱਧਰਾਂ ਨਾਲ ਹੋਇਆ। ਪ੍ਰੰਤੂ ਹੋਸ਼ ਸੰਭਾਲਦਿਆਂ ਹੀ ਉਸ ਨੇ ਅਮੀਰੀ ਠਾਠ ਬਾਠ ਤਿਆਗਕੇ ਖੁਦ ਨੂੰ ਗਰੀਬਾਂ, ਮਜ਼ਦੂਰਾਂ ਤੇ ਦਲਿਤਾਂ ਦੇ ਸੁੱਚੇ ਮਾਹੌਲ ਨਾਲ ਜੋੜ ਲਿਆ। ਇਨ੍ਹਾਂ ਦੇ ਸਭ ਤੋਂ ਵੱਡੇ ਭਰਾ ਕੁੰਦਨ ਲਾਲ ਢੀਂਗਰਾ ਜੋ ਕਿ ਅੱਖਾਂ ਦੇ ਮਾਹਿਰ ਡਾਕਟਰ ਸਨ। ਉਸ ਨੇ ਆਪਣੀ ਇੰਗਲੈਂਡ ਯਾਤਰਾ ਸਮੇਂ ਅੰਗਰੇਜ਼ੀ ਸ਼ਾਸਕ ਸਰ ਕਰਜਨ ਵਾਇਲੀ ਨਾਲ ਵੀ ਕਾਫ਼ੀ ਨੇੜਤਾ ਬਣਾ ਲਈ ਸੀ ਅਤੇ ਉਹ ਇਕ ਦੂਜੇ ਨਾਲ ਚਿੱਠੀ ਪੱਤਰ ਵੀ ਅਕਸਰ ਹੀ ਕਰਦੇ ਰਹਿੰਦੇ ਸਨ। ਇਸੇ ਸਰ ਕਰਜਨ ਵਾਇਲੀ ਨੂੰ ਮਦਨ ਲਾਲ ਢੀਂਗਰਾ ਨੇ ਗੋਲੀਆਂ ਮਾਰ ਕੇ ਕਤਲ ਕੀਤਾ ਸੀ ਜਿਸ ਦੇ ਦੋਸ਼ ਵਿਚ ਉਸ ਨੂੰ ਫਾਂਸੀ ਦੀ ਸਜ਼ਾ ਹੋਈ ਸੀ।

ਇਸੇ ਤਰ੍ਹਾਂ ਮਦਨ ਲਾਲ ਢੀਂਗਰਾ ਦੇ ਬਾਕੀ ਸਾਰੇ ਭਰਾ ਵੀ ਡਾਕਟਰ, ਵਕੀਲ ਵਿਉਪਾਰੀ, ਜੱਜ, ਮਨਿਸਟਰ ਅਤੇ ਕਈ ਸਰਕਾਰੀ ਉਚ ਅਹੁਦਿਆਂ 'ਤੇ ਨਿਯੁਕਤ ਸਨ। ਉਹ ਮਦਨ ਲਾਲ ਢੀਂਗਰਾ ਨੂੰ ਵੀ ਪੜ੍ਹਾ-ਲਿਖਾ ਇੰਜੀਨੀਅਰ ਬਣਾਉਣਾ ਚਾਹੁੰਦੇ ਸਨ। ਪਰ ਦੇਸ਼ ਦੀ ਖੁਸ਼ਕਿਸਮਤੀ ਸਮਝੋ ਜਾਂ ਹੋਰ ਕੁਝ ਕਿ ਮਦਨ ਲਾਲ ਕੋਈ ਉਚ ਅਫ਼ਸਰ ਬਣਨ ਦੀ ਥਾਂ 'ਤੇ ਇਕ ਦੇਸ਼ ਭਗਤ ਬਣ ਗਿਆ ਅਤੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਦਾ ਹੋਇਆ ਚੜ੍ਹਦੀ ਜਵਾਨੀ ਵਿਚ ਹੀ ਸ਼ਹੀਦ ਹੋ ਗਿਆ।

ਮਦਨ ਲਾਲ ਢੀਂਗਰਾ ਤੋਂ ਬਿਨਾਂ ਇਸ ਪਰਿਵਾਰ ਦੇ ਹੋਰ ਸਾਰੇ ਮੈਂਬਰ ਜੋ ਕਿ ਅੰਗਰੇਜ਼ ਸ਼ਾਸਕਾਂ ਨਾਲ ਗੂੜ੍ਹੀ ਸਾਂਝ ਭਿਆਲੀ ਰੱਖਦੇ ਸਨ, ਨੇ ਮਦਨ ਲਾਲ ਦੇ ਕ੍ਰਾਂਤੀਕਾਰੀ ਕੰਮਾਂ ਦੀ ਵੱਡੀ ਪੱਧਰ ਤੇ ਮੁਖ਼ਾਲਫ਼ਤ ਵੀ ਕੀਤੀ। ਭਾਵੇਂ ਅੰਗਰੇਜ਼ ਹਾਕਮਾਂ ਨੇ ਇਸ ਪਰਿਵਾਰ ਨੂੰ ਕਿਸੇ ਵਫ਼ਾਦਾਰੀ ਕਾਰਨ ਕੋਈ ਜਗੀਰਾਂ ਜਾਂ ਉਚ ਪਦਵੀਆਂ ਨਹੀਂ ਸਨ ਬਖ਼ਸ਼ੀਆਂ ਸਗੋਂ ਇਸ ਪਰਿਵਾਰ ਦੇ ਸਦੱਸਾਂ ਨੇ ਆਪਣੀ ਸਾਰੀ ਜਾਇਦਾਦ ਅਤੇ ਉਚੀ ਸਮਾਜਿਕ ਪੱਧਰ ਆਪਣੀ ਨਿੱਜੀ ਮਿਹਨਤ ਅਤੇ ਯੋਗਤਾ ਦੇ ਬਲਬੂਤੇ ਪ੍ਰਾਪਤ ਕੀਤੀ ਸੀ। ਇਨ੍ਹਾਂ ਦੇ ਪਿਤਾ ਪਾਸ ਉਪਰੋਕਤ ਜਾਇਦਾਦ ਸਮੇਤ ਛੇ ਬੱਘੀਆਂ ਵੀ ਸਨ ਜਿਨ੍ਹਾਂ ਨੂੰ ਰੱਖਣ ਲਈ ਇਕ ਵਿਸ਼ੇਸ਼ ਬੱਘੀ ਖਾਨਾ ਵੀ ਬਣਵਾਇਆ ਹੋਇਆ ਸੀ। ਡਾ. ਦਿੱਤਾ ਮੱਲ ਪਹਿਲਾ ਭਾਰਤੀ ਸੀ ਜਿਸ ਦੀ ਅੰਮ੍ਰਿਤਸਰ ਵਿਚ ਕਾਰ ਚਲਦੀ ਸੀ।

ਮਦਨ ਲਾਲ ਢੀਂਗਰਾ ਨੇ ਅੰਮ੍ਰਿਤਸਰ ਦੇ ਮਿਸ਼ਨ ਹਾਈ ਸਕੂਲ ਤੋਂ ਦਸਵੀਂ ਅਤੇ ਮਿਉਂਸੀਪਲ ਕਾਲਜ ਅੰਮ੍ਰਿਤਸਰ ਤੋਂ ਸੈਕਿੰਡ ਡਵੀਜ਼ਨ ਵਿਚ ਐਫ. ਐਸ. ਸੀ. ਦਾ ਇਮਤਿਹਾਨ ਪਾਸ ਕੀਤਾ ਸੀ। ਇਸ ਤੋਂ ਬਾਅਦ ਉਹ ਕੁਝ ਸਮਾਂ ਗੌਰਮਿੰਟ ਕਾਲਜ ਲਾਹੌਰ ਵਿਚ ਬੀ. ਐਸ. ਸੀ. ਕਲਾਸ ਵਿਚ ਪੜ੍ਹਦਾ ਰਿਹਾ। ਇਥੇ ਪੜ੍ਹਦਿਆਂ ਹੀ ਜਦੋਂ ਉਹ ਆਪਣੇ ਆਸ ਪਾਸ ਨਜ਼ਰ ਮਾਰਦਾ ਤਾਂ ਉਸ ਨੂੰ ਆਪਣੇ ਅਤੇ ਆਮ ਲੋਕਾਂ ਦੇ ਜੀਵਨ ਵਿਚ ਧਰਤੀ ਅਸਮਾਨ ਦਾ ਅੰਤਰ ਵਿਖਾਈ ਦਿੰਦਾ। ਸ਼ਹਿਰੀ ਉਚ ਵਰਗ ਦਾ ਅਤੇ ਕਾਲਜ ਦਾ ਵਿਦਿਆਰਥੀ ਹੋਣ ਕਾਰਨ ਮਦਨ ਲਾਲ ਦੇਸ਼ ਅਤੇ ਵਿਦੇਸ਼ ਦੀਆਂ ਰਾਜਨੀਤਕ ਲਹਿਰਾਂ ਤੋਂ ਛੇਤੀ ਹੀ ਜਾਣੂ ਹੋ ਗਿਆ। ਇਹ ਉਹ ਸਮਾਂ ਸੀ ਜਦ ਲਾਰਡ ਕਰਜਨ ਭਾਰਤ ਦੇ ਅੰਗਰੇਜ਼ੀ ਪ੍ਰਸ਼ਾਸਨ ਦਾ ਵਾਇਸਰਾਏ ਸੀ। ਸਾਰੇ ਦੇਸ਼ ਦਾ ਵਾਤਾਵਰਣ ਆਜ਼ਾਦੀ ਦੀ ਉਮੰਗ ਨਾਲ ਓਤ ਪੋਤ ਸੀ। ਗਰਮ ਧੜੇ ਦੇ ਨੇਤਾ ਬਾਲ ਗੰਗਾਧਰ ਤਿਲਕ ਮਹਾਂਰਾਸ਼ਟਰ ਵਿਚ ਬਿਪਨ ਚੰਦਰ ਪਾਲ ਬੰਗਾਲ ਵਿਚ ਅਤੇ ਲਾਲਾ ਲਾਜਪਤ ਰਾਏ ਪੰਜਾਬ ਵਿਚ ਆਜ਼ਾਦੀ ਦੀ ਲਹਿਰ ਦੇ ਘੋਲ ਨੂੰ ਤੇਜ਼ ਕਰ ਰਹੇ ਸਨ। ਇਸੇ ਕਰਕੇ ਬਾਲ, ਪਾਲ ਅਤੇ ਲਾਲ ਦੀ ਇਹ ਤਿਕੜੀ ਦੇਸ਼ ਭਰ ਵਿਚ ਬੜੀ ਮਕਬੂਲ ਸੀ।

ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਚਾਚੇ ਅਜੀਤ ਸਿੰਘ ਦਾ 'ਪੱਗੜੀ ਸੰਭਾਲ ਓ ਜੱਟਾ' ਦਾ ਨਾਅਰਾ ਪੰਜਾਬੀ ਫਜ਼ਾਵਾਂ ਵਿਚ ਗੂੰਜ ਰਿਹਾ ਸੀ। ਬੰਗਾਲ ਦੀ ਵੰਡ ਅਤੇ ਸਵਦੇਸ਼ੀ ਲਹਿਰ ਦੀ ਗੱਲ ਨੇ ਭਾਰਤੀ ਜਨਤਾ ਵਿਚ ਰੋਸ ਅਤੇ ਜੋਸ਼ ਪੈਦਾ ਕਰ ਦਿੱਤਾ ਸੀ। ਰੂਸ ਵਿਚ ਜਾਰਸ਼ਾਹੀ ਦੇ ਵਿਰੁੱਧ ਮਜ਼ਦੂਰਾਂ-ਕਿਸਾਨਾਂ ਦੇ ਘੋਲ ਸੰਸਾਰ ਭਰ ਦੇ ਕਿਰਤੀਆਂ ਨੂੰ ਸਮਾਜਿਕ ਨਿਆਂ ਦੇ ਘੋਲ ਲਈ ਉਤਸਾਹਿਤ ਅਤੇ ਪ੍ਰੇਰਿਤ ਕਰ ਰਹੇ ਸਨ। ਦੇਸ਼ ਵਿਚ ਮਿਲ ਮਜ਼ਦੂਰਾਂ ਦੀਆਂ ਹੜਤਾਲਾਂ ਦਾ ਦੌਰ ਚੱਲ ਪਿਆ ਸੀ। ਮਦਨ ਲਾਲ ਢੀਂਗਰਾ ਇਸ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਹੌਲ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਨੇ ਵੀ ਦੇਸ਼ ਦੀਆਂ ਰਾਜਨੀਤਕ ਸਰਗਰਮੀਆਂ ਵਿਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਉਹ ਟ੍ਰੇਡ ਯੂਨੀਅਨਾਂ ਦੇ ਸੰਗਠਨਾਂ ਵਿਚ ਸ਼ਾਮਲ ਹੋ ਗਿਆ। ਜਦੋਂ ਕਾਲਜ ਦੇ ਅਧਿਕਾਰੀਆਂ ਨੂੰ ਉਸ ਦੀਆਂ ਸਿਆਸੀ ਗਤੀਵਿਧੀਆਂ ਬਾਰੇ ਪਤਾ ਲੱਗਾ ਤਾਂ ਉਸ ਨੂੰ ਕਾਲਜ ਵਿਚੋਂ ਕੱਢ ਦਿੱਤਾ ਗਿਆ। ਉਸਦੇ ਪਰਿਵਾਰਕ ਮੈਂਬਰ ਚਾਹੁੰਦੇ ਤਾਂ ਆਪਣੇ ਅਸਰ ਰਸੂਖ ਨਾਲ ਉਸ ਨੂੰ ਮੁੜ ਕਾਲਜ ਵਿਚ ਦਾਖਲਾ ਦਿਵਾ ਦਿੰਦੇ। ਪਰ ਉਨ੍ਹਾਂ ਨੂੰ ਮਦਨ ਲਾਲ ਦੀਆਂ ਸਰਕਾਰ ਵਿਰੋਧੀ ਸਰਗਰਮੀਆਂ ਬਹੁਤ ਬੁਰੀਆਂ ਲੱਗੀਆਂ ਕਿਉਂਕਿ ਉਹ ਵਿਦੇਸ਼ੀ ਸਰਕਾਰ ਦੀਆਂ ਜੜ੍ਹਾਂ ਖੋਖਲੀਆਂ ਕਰਨਾ ਚਾਹੁੰਦਾ ਸੀ। ਸ਼ਹੀਦ ਭਗਤ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਆਪਣੇ ਪਰਿਵਾਰ ਤੋਂ ਮਿਲੀ ਸੀ ਕਿਉਂਕਿ ਉਹ ਘਰਾਣਾ ਹੀ ਦੇਸ਼ ਭਗਤਾਂ ਦਾ ਸੀ। ਪਰ ਮਦਨ ਲਾਲ ਦਾ ਪਰਿਵਾਰ ਸਰਕਾਰੀ ਪਿੱਠੂਆਂ ਜਾਂ ਅੰਗਰੇਜ਼ ਪ੍ਰਸਤਾਂ ਦਾ ਹੋਣ ਕਰਕੇ ਉਸ ਨੂੰ ਦੋਹਰਾ ਘੋਲ ਕਰਨਾ ਪਿਆ-ਆਪਣੇ ਪਰਿਵਾਰ ਵਿਰੁੱਧ ਵੀ ਅਤੇ ਵਿਦੇਸ਼ੀ ਸਰਕਾਰ ਵਿਰੁੱਧ ਵੀ। ਹੁਣ ਪੜ੍ਹਾਈ ਛੁੱਟਣ ਪਿਛੋਂ ਉਹ ਆਪਣੇ ਘਰ ਜਾਣ ਦੀ ਥਾਂ ਸ਼ੋਸ਼ਿਤਾਂ ਦੇ ਆਮ ਜਨ ਸਮੂਹ ਵਿਚ ਸ਼ਾਮਲ ਹੋ ਗਿਆ। ਉਸ ਨੇ ਆਪਣੇ ਸਰਕਾਰੀ ਝੋਲੀ ਚੁੱਕ ਪਰਿਵਾਰ ਤੋਂ ਆਰਥਿਕ ਸਹਾਇਤਾ ਲੈਣੀ ਵੀ ਬੰਦ ਕਰ ਦਿੱਤੀ ਅਤੇ ਆਪਣੀ ਦਸਾਂ ਨਹੁਆਂ ਦੀ ਕਮਾਈ ਤੇ ਹੀ ਆਪਣਾ ਨਵਾਂ ਜੀਵਨ ਆਰੰਭਿਆ। ਉਸ ਨੇ ਪੰਜਾਬ ਸਰਕਾਰ ਦੇ ਕਸ਼ਮੀਰ ਸੈਟਲਮਿੰਟ ਵਿਭਾਗ ਵਿਚ ਕਲਰਕੀ ਕਰ ਲਈ ਪਰ ਉਸ ਦੀ ਆਜ਼ਾਦ ਤਬੀਅਤ ਨੂੰ ਸਰਕਾਰ ਦੀ ਗੁਲਾਮੀ ਰਾਸ ਨਾ ਆਈ। ਦਿਨ ਰਾਤ ਮੇਜ਼ 'ਤੇ ਪਈਆਂ ਫਾਈਲਾਂ ਨਾਲ ਮੱਥਾ ਮਾਰ ਮਾਰ ਕੇ ਉਸ ਦਾ ਜੀ ਉਕਤਾ ਗਿਆ। ਉਸ ਨੂੰ ਮਿਹਨਤ ਜਾਂ ਹੱਥੀਂ ਕੰਮ ਕਰਨ ਤੋਂ ਕੋਈ ਝਿਜਕ ਜਾਂ ਸ਼ਰਮ ਨਹੀਂ ਸੀ ਆਉਂਦੀ। ਹੁਣ ਉਸਨੇ ਇਕ ਅਜਿਹਾ ਪੇਸ਼ਾ ਅਪਣਾ ਲਿਆ ਜਿਸ ਬਾਰੇ ਢੀਂਗਰਾ ਪਰਿਵਾਰ ਕਦੀ ਸੋਚ ਵੀ ਨਹੀਂ ਸੀ ਸਕਦਾ।



ਕਲਰਕੀ ਛੱਡ ਕੇ ਉਹ ਕਾਲਕਾ ਦੇ ਰਾਏ ਬਹਾਦਰ ਦੌਲਤ ਰਾਮ ਦੀ ਟਾਂਗਾ ਕੰਪਨੀ ਵਿਚ ਮੁਲਾਜ਼ਮ ਹੋ ਕੇ ਟਾਂਗਾ ਡ੍ਰਾਈਵਰੀ ਕਰਨ ਲੱਗ ਪਿਆ। ਇਥੇ ਵੀ ਦੌਲਤ ਰਾਮ ਨੂੰ ਮਦਨ ਲਾਲ ਦਾ ਤੇਜ਼, ਬੇਪ੍ਰਵਾਹ ਤੇ ਅਣਖੀ ਸੁਭਾਅ ਪਸੰਦ ਨਾ ਆਇਆ। ਉਸਨੇ ਮਦਨ ਲਾਲ ਨੂੰ ਕੰਮ ਤੋਂ ਜਵਾਬ ਦੇ ਦਿੱਤਾ। ਇਸ ਤੋਂ ਬਾਅਦ ਉਸ ਨੇ ਮਜ਼ਦੂਰਾਂ ਦੀ ਲੁੱਟ-ਖੋਹ ਦੇ ਸ਼ਿਕਾਰ ਜੀਵਨ ਦਾ ਨੇੜਿਓਂ ਅਧਿਐਨ ਕਰਨ ਲਈ ਇਕ ਕਾਰਖਾਨੇ ਵਿਚ ਮਜ਼ਦੂਰੀ ਦਾ ਕੰਮ ਸ਼ੁਰੂ ਕਰ ਦਿੱਤਾ। ਇਥੇ ਕਾਰਖਾਨੇਦਾਰ ਦੁਆਰਾ ਕੀਤੇ ਜਾ ਰਹੇ ਮਜ਼ਦੂਰਾਂ ਦੇ ਆਰਥਿਕ ਸ਼ੋਸ਼ਣ ਦੀ ਨੰਗੀ ਤਸਵੀਰ ਵੇਖੀ ਅਤੇ ਕਾਮਿਆਂ ਦੇ ਹੱਕਾਂ ਦੀ ਰੱਖਿਆ ਕਰਨ ਲਈ ਇਕ ਟ੍ਰੇਡ ਯੂਨੀਅਨ ਬਣਾਈ ਅਤੇ ਕਾਰਖਾਨੇਦਾਰ ਨਾਲ ਲੋਹਾ ਲੈਣਾ ਸ਼ੁਰੂ ਕਰ ਦਿੱਤਾ। ਹੁਣ ਰੂਸ ਦੀ 1905 ਵਾਲੀ ਪਹਿਲੀ ਕ੍ਰਾਂਤੀ ਹੋ ਚੁੱਕੀ ਸੀ। ਮਦਨ ਲਾਲ ਵੀ ਮਜ਼ਦੂਰਾਂ ਕਿਸਾਨਾਂ ਦੇ ਰਾਜ ਜਾਂ ਸਮਾਜਵਾਦ ਦੇ ਸੁਫ਼ਨੇ ਲੈਣ ਲੱਗ ਗਿਆ। ਮਦਨ ਲਾਲ ਦੁਆਰਾ ਕਾਰਖਾਨੇ ਨੂੰ ਉਸ ਦਾ ਵਿਰੋਧੀ ਬਣਾ ਦਿੱਤਾ ਜਿਸ ਕਰਕੇ ਉਨ੍ਹਾਂ ਛੇਤੀ ਹੀ ਉਸ ਨੂੰ ਕਾਰਖਾਨੇ ਵਿਚੋਂ ਕੱਢ ਦਿੱਤਾ।

ਇਸ ਉਪਰੰਤ ਮਦਨ ਲਾਲ ਆਪਣੇ ਮਾਪਿਆਂ ਨੂੰ ਮਿਲਣ ਅੰਮ੍ਰਿਤਸਰ ਗਿਆ ਤਾਂ ਘਰ ਵਿਚ ਕਿਸੇ ਨੇ ਵੀ ਉਸ ਦਾ ਕੋਈ ਵਿਸ਼ੇਸ਼ ਸੁਆਗਤ ਨਾ ਕੀਤਾ ਸਗੋਂ ਉਸ ਨੂੰ ਚੰਗਾ ਮੰਦਾ ਬੋਲਿਆ। ਉਸ ਦਾ ਪਰਿਵਾਰ ਤਾਂ ਹੀ ਖੁਸ਼ ਹੋ ਸਕਦਾ ਸੀ ਜੇ ਉਹ ਉਨ੍ਹਾਂ ਦੇ ਆਖੇ ਲੱਗਕੇ ਅੰਗਰੇਜ਼ੀ ਸਰਕਾਰ ਵਿਰੁੱਧ ਲੜਾਈ ਕਰਨਾ ਛੱਡ ਦਿੰਦਾ ਅਤੇ ਉਚ ਸਿੱਖਿਆ ਪ੍ਰਾਪਤ ਕਰਕੇ ਕੋਈ ਵੱਡਾ ਸਰਕਾਰੀ ਅਫ਼ਸਰ ਬਣਦਾ। ਮਦਨ ਲਾਲ ਉਚ ਸਿੱਖਿਆ ਤਾਂ ਚਾਹੁੰਦੇ ਸੀ ਪਰ ਉਸ ਨੂੰ ਅੰਗਰੇਜ਼ਾਂ ਦੀ ਜੀ ਹਜ਼ੂਰੀ ਕਰਨ ਦੀ ਗੱਲ ਪ੍ਰਵਾਨ ਨਹੀਂ ਸੀ। ਉਸ ਨੇ ਆਪਣੇ ਨਿੱਜੀ ਯਤਨਾਂ ਨਾਲ ਇੰਗਲੈਂਡ ਜਾਣ ਦਾ ਸੰਕਲਪ ਬਣਾਇਆ ਅਤੇ ਘਰੋਂ ਭੱਜ ਕੇ ਬੰਬਈ ਦੀ ਬੰਦਰਗਾਹ 'ਤੇ ਆ ਗਿਆ ਜਿਥੋਂ ਇੰਗਲੈਂਡ ਲਈ ਜਹਾਜ਼ ਜਾਂਦੇ ਸਨ। ਉਥੇ ਨੌਕਰੀ ਕਰਕੇ ਟਿਕਟ ਦੀ ਰਕਮ ਇਕੱਠੀ ਕਰਨ ਸਾਰ ਲੰਡਨ ਜਾਣ ਲਈ ਇਕ ਜਹਾਜ਼ ਵਿਚ ਸਵਾਰ ਹੋ ਗਿਆ ਅਤੇ ਲੰਡਨ ਦੀ ਬੰਦਰਗਾਹ 'ਤੇ ਜਾ ਉਤਰਿਆ ਪਰ ਇਥੇ ਵੀ ਕੋਈ ਕੰਮ ਨਾ ਬਣਿਆ ਅਤੇ ਨਿਰਾਸ਼ ਹੋ ਕੇ ਵਾਪਸ ਭਾਰਤ ਆ ਗਿਆ।

ਭਾਰਤ ਵਾਪਸ ਆ ਕੇ ਉਹ ਆਪਣੇ ਵੱਡੇ ਭਰਾ ਡਾ. ਬਿਹਾਰੀ ਲਾਲ ਢੀਂਗਰਾ ਕੋਲ ਸੰਗਰੂਰ ਪਹੁੰਚ ਗਿਆ ਜੋ ਕਿ ਉਸ ਸਮੇਂ ਰਿਆਸਤ ਜੀਂਦ ਦਾ ਚੀਫ਼ ਮੈਡੀਕਲ ਅਫ਼ਸਰ ਸੀ। ਉਸ ਨੇ ਮਦਨ ਲਾਲ ਦੀ ਚੰਗੀ ਆਓ ਭਗਤ ਕੀਤੀ। ਭਰਾ ਨੇ ਉਸ ਨੂੰ ਮਾਪਿਆਂ ਦੀਆਂ ਗੱਲਾਂ ਮੰਨ ਕੇ ਪੜ੍ਹਾਈ ਦਾ ਖਰਚਾ ਲੈ ਕੇ ਇੰਗਲੈਂਡ ਜਾਣ ਅਤੇ ਇੰਜੀਨੀਅਰਿੰਗ ਦੀ ਉਚ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਆ। ਮਦਨ ਲਾਲ ਇਹ ਗੱਲ ਮੰਨ ਗਿਆ ਅਤੇ ਉਸ ਨੂੰ ਇੰਗਲੈਂਡ ਭੇਜਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਇਥੇ ਉਸ ਨੂੰ ਰਿਆਸਤੀ ਦੁਨੀਆ ਵਿਚ ਦੁਖੀ ਤੇ ਬੇਬਸ ਪ੍ਰਜਾ ਨਾਲ ਹੋ ਰਹੇ ਅਤਿਆਚਾਰ ਤੇ ਅਨਿਆ ਵੇਖਣ ਨੂੰ ਮਿਲੇ। ਸੰਗਰੂਰ ਦੇ ਰਾਜੇ ਹਾਥੀਆਂ, ਘੋੜਿਆਂ, ਕੁੱਤਿਆਂ ਅਤੇ ਦੇਸੀ ਤੇ ਵਿਦੇਸ਼ੀ ਰਖੇਲਾਂ ਦੀ ਪਲਟਨਾ ਦੇ ਖਾਣ ਪਾਣ ਅਤੇ ਭੋਗ ਵਿਲਾਸ ਤੇ ਖਰਚ ਹੁੰਦੇ ਹਜ਼ਾਰਾਂ ਰੁਪਏ ਰੋਜ਼ ਦਾ ਖਰਚ ਇਕ ਪਾਸੇ ਅਤੇ ਇਕ ਡੰਗ ਦੀ ਰੋਟੀ ਵੀ ਰੱਜਕੇ ਨਾ ਖਾਣ ਵਾਲੇ ਚੰਗੇ ਜੀਵਨ ਦੇ ਹਰ ਸਾਧਨ ਤੋਂ ਵਾਂਝੇ ਅੱਧ ਨੰਗੇ ਤੇ ਮਰੀਅਲ ਕਾਮੇ ਦੂਜੇ ਪਾਸੇ ਵੇਖਣ ਨੂੰ ਮਿਲੇ। ਅਜਿਹੇ ਦ੍ਰਿਸ਼ਾਂ ਨੇ ਉਸ ਦੇ ਮਨ ਵਿਚ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਪਿੱਠੂ ਰਾਜਿਆਂ ਮਹਾਰਾਜਿਆਂ, ਨਵਾਬਾਂ ਅਤੇ ਉਚੇ ਸਰਕਾਰੀ ਅਫ਼ਸਰਾਂ ਵਿਰੁੱਧ ਸਦੀਵੀ ਨਫ਼ਰਤ ਭਰ ਦਿੱਤੀ। ਉਹ ਉਚ ਸਿੱਖਿਆ ਪ੍ਰਾਪਤ ਕਰਨ ਦੀ ਗੱਲ ਤਾਂ ਸੋਚਦਾ ਸੀ, ਪਰ ਉਚਾ ਸਰਕਾਰੀ ਅਧਿਕਾਰੀ ਬਣਨ ਦੀ ਗੱਲ ਉਸ ਦੀ ਜ਼ਮੀਰ ਨੂੰ ਸਵੀਕਾਰ ਨਹੀਂ ਸੀ।

ਮਈ 1906 ਨੂੰ ਇੰਗਲੈਂਡ ਲਈ ਰਵਾਨਾ ਹੋ ਕੇ 6 ਜੁਲਾਈ ਨੂੰ ਮਦਨ ਲਾਲ ਢੀਂਗਰਾ ਉਥੇ ਪਹੁੰਚ ਗਏ। ਇਥੇ ਆ ਕੇ ਉਸ ਨੇ 10 ਅਕਤੂਬਰ 1906 ਨੂੰ ਲੰਡਨ ਦੇ ਬਾਈਸਵਾਟਰ ਖੇਤਰ ਦੇ ਲੈਡਬਰੀ ਰੋਡ 'ਤੇ ਸਥਿਤ ਯੂਨੀਵਰਸਿਟੀ ਕਾਲਜ ਵਿਚ ਇੰਜੀਨੀਅਰਿੰਗ ਕਲਾਸ ਵਿਚ ਦਾਖਲਾ ਲੈ ਲਿਆ। ਇਥੇ 108 ਲੈਡਬਰੀ ਰੋਡ ਦੀ ਇਕ ਲੈਂਡ ਲੇਡੀ ਮੈਰੀ ਹੈਰਿਸ ਦੇ ਮਕਾਨ ਦੇ ਇਕ ਕਮਰੇ ਵਿਚ 'ਪੇਟਿੰਗ ਗੈਸ' ਦੇ ਤੌਰ 'ਤੇ ਰਹਿਣ ਲੱਗ ਪਿਆ। ਉਨ੍ਹਾਂ ਦਿਨਾਂ ਵਿਚ ਉਥੇ 'ਇੰਡੀਆ ਹਾਊਸ' ਭਾਰਤੀ ਵਿਦਿਆਰਥੀਆਂ ਦੀਆਂ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਬਣਿਆ ਹੋਇਆ ਸੀ ਜਿਥੇ ਮਦਨ ਲਾਲ ਨੇ ਵੀ ਜਾਣਾ ਆਣਾ ਸ਼ੁਰੂ ਕਰ ਦਿੱਤਾ। ਇਥੇ ਉਹ ਦੋ ਕ੍ਰਾਂਤੀਕਾਰੀ ਸ਼ਖ਼ਸੀਅਤਾਂ ਤੋਂ ਕਾਫ਼ੀ ਪ੍ਰਭਾਵਿਤ ਹੋਇਆ। ਇਹ ਸਨ ਸ਼ਿਆਮਜੀ ਕ੍ਰਿਸ਼ਨਾ ਵਰਮਾ ਅਤੇ ਵੀਰ ਸਾਵਰਕਰ। ਕ੍ਰਿਸ਼ਨਾ ਵਰਮਾ ਉਹ ਵਿਅਕਤੀ ਸੀ ਜੋ ਆਕਸਫੋਰਡ ਤੋਂ ਐਮ. ਏ. ਪਾਸ ਕਰਨ ਵਾਲਾ ਪਹਿਲਾ ਭਾਰਤੀ ਸੀ ਜੋ 1893 ਤੋਂ 1895 ਤੱਕ ਉਦੈਪੁਰ ਦੀ ਸਟੇਟ ਕੌਂਸਲ ਦਾ ਮੈਂਬਰ ਵੀ ਰਿਹਾ। ਉਸ ਦੀ ਇਹ ਉਚ ਸੇਵਾ ਸਰ ਵਿਲੀਅਮ ਕਰਜਨ ਵਾਇਲੀ ਨੇ ਮਨਸੂਖ ਕਰਵਾ ਦਿੱਤੀ ਸੀ ਅਤੇ 1896 ਵਿਚ ਕ੍ਰਿਸ਼ਨਾ ਵਰਮਾ ਨੂੰ ਕਰਜਨ ਵਾਇਲੀ ਨੇ ਸ਼ਾਹੀ ਦਰਬਾਰ ਵਿਚ ਭਾਗ ਨਾ ਲੈਣ ਦਿੱਤਾ। ਇਸ ਨਾਲ ਕ੍ਰਿਸ਼ਨਾ ਵਰਮਾ ਦੇ ਮਨ ਵਿਚ ਸਰ ਕਰਜਨ ਵਾਇਲੀ ਦੇ ਵਿਰੁੱਧ ਸਦਾ ਲਈ ਘ੍ਰਿਣਾ ਪੈਦਾ ਹੋ ਗਈ ਸੀ।

1897 ਵਿਚ ਕ੍ਰਿਸ਼ਨਾ ਵਰਮਾ ਇੰਗਲੈਂਡ ਆ ਗਿਆ, ਜਿਥੇ ਉਸਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀਕਾਰੀ ਲਹਿਰ ਦਾ ਸ੍ਰੀ ਗਣੇਸ਼ ਕਰ ਦਿੱਤਾ ਅਤੇ ਇੰਡੀਆ ਹਾਊਸ ਦੇ ਨਾਮ ਦਾ ਇਕ ਹੋਟਲ ਚਾਲੂ ਕੀਤਾ। ਇਥੇ ਹੀ ਮਦਨ ਲਾਲ ਢੀਂਗਰਾ ਦਾ ਇਨ੍ਹਾਂ ਨਾਲ ਮੇਲ

ਹੋਇਆ। ਮਦਨ ਲਾਲ ਨੇ ਕ੍ਰਿਸ਼ਨਾ ਵਰਮਾ ਦੇ ਵਿਅਕਤੀਤਵ ਅਤੇ ਵਿਚਾਰਾਂ ਦਾ ਬਹੁਤ ਪ੍ਰਭਾਵ ਕਬੂਲਿਆ।

ਮਦਨ ਲਾਲ ਦੇ ਘਰੋਗੀ ਮਾਹੌਲ ਨੂੰ ਵੇਖਕੇ ਇੰਡੀਆ ਹਾਊਸ ਵਿਚ ਰਹਿ ਰਹੇ ਕ੍ਰਾਂਤੀਕਾਰੀ ਉਸ ਦੀ ਸੋਚ ਅਤੇ ਸਾਹਸ ਤੇ ਬਹੁਤਾ ਵਿਸ਼ਵਾਸ ਨਹੀਂ ਸਨ ਕਰਦੇ, ਕਈ ਤਾਂ ਉਸ ਨੂੰ 'ਤਿੱਤਲੀ' ਦੇ ਨਾਮ ਨਾਲ ਪੁਕਾਰਦੇ ਸਨ। ਇਸੇ ਕਰਕੇ ਜਦੋਂ ਇਕ ਵਾਰ ਸਾਵਰਕਰ ਨੇ ਮਦਨ ਲਾਲ ਦੀ ਸੁਹਿਰਦਤਾ ਅਤੇ ਸਾਹਸ ਦੀ ਪਰਖ ਕਰਨ ਦਾ ਮਨ ਬਣਾਇਆ ਤਾਂ ਉਸ ਨੇ ਮਦਨ ਲਾਲ ਨੂੰ ਆਖਿਆ :

"ਤੂੰ ਭਾਰਤ ਮਾਤਾ ਲਈ ਕੀ ਕੁਰਬਾਨੀ ਦੇ ਸਕਦਾ ਹੈਂ?

"ਮੈਂ ਉਸ ਦੇ ਚਰਨ ਕਮਲਾਂ ਤੇ ਆਪਣੀ ਜਾਨ ਤੱਕ ਭੇਂਟ ਕਰ ਸਕਦਾ ਹਾਂ।"

ਮਦਨ ਲਾਲ ਦਾ ਉਪਰੋਕਤ ਜਵਾਬ ਸੁਣਕੇ ਬੜੇ ਰੋਅਬ ਨਾਲ ਉਸ ਨੂੰ ਆਦੇਸ਼ ਦਿੱਤਾ :

"ਐਥੇ ਆਪਣੇ ਦੋਵੇਂ ਹੱਥ ਰੱਖ ਦੇ"

ਮਦਨ ਲਾਲ ਨੇ ਆਪਣੇ ਅਤੇ ਆਦੇਸ਼ ਕਰਤਾ ਵਿਚਕਾਰ ਪਈ ਮੇਜ ਉਤੇ ਆਪਣੇ ਦੋਵੇਂ ਪੰਜੇ ਰੱਖ ਦਿੱਤੇ। ਸਾਵਰਕਰ ਨੇ ਬੜੀ ਬੇਰਹਿਮੀ ਨਾਲ ਮਦਨ ਲਾਲ ਦੇ ਖੱਬੇ ਹੱਥ ਵਿਚ ਇਕ ਵੱਡਾ ਸੂਆ ਖੋਭ ਦਿੱਤਾ। ਸੂਆ ਉਸ ਦੀ ਹਥੇਲੀ 'ਚੋਂ ਪਾਰ ਕੇ ਮੇਜ ਵਿਚ ਜਾ ਖੁੱਭਾ ਪਰ ਮਦਨ ਲਾਲ ਨੇ ਸੀ ਤੱਕ ਨਾ ਕੀਤੀ। ਇਸ ਤਰ੍ਹਾਂ ਇਮਤਿਹਾਨ ਵਿਚ ਉਹ ਪੂਰਾ ਉਤਰਿਆ।

ਕਾਰਲ ਮਾਰਕਸ (1818-1883) ਨੇ ਲੰਡਨ ਵਿਚ ਰਹਿ ਕੇ ਹੀ ਪੂੰਜੀਵਾਦੀ ਰਾਜ ਪ੍ਰਣਾਲੀ ਦਾ ਵਿਗਿਆਨਕ ਅਧਿਐਨ ਕੀਤਾ ਸੀ ਅਤੇ ਅੱਤਿਆਚਾਰੀ ਸਰਕਾਰਾਂ ਦਾ ਭੋਗ ਪਾਉਣ ਤੇ ਸਮਾਜਵਾਦੀ ਰਾਜ ਪ੍ਰਣਾਲੀ ਸਥਾਪਤ ਕਰਨ ਦੇ ਢੰਗ ਸੁਝਾਏ ਸਨ। ਇੰਡੀਆ ਹਾਊਸ ਵਿਚ ਮਾਰਕਸ ਦੇ ਕਿਰਦਾਰ ਅਤੇ ਕਾਰਨਾਮਿਆਂ ਦੀ ਚਰਚਾ ਆਮ ਹੀ ਹੁੰਦੀ ਸੀ। ਇਕ ਟ੍ਰੇਡ ਯੂਨੀਅਨਿਸਟ ਹੋਣ ਕਾਰਨ ਮਦਨ ਲਾਲ ਪਹਿਲਾਂ ਹੀ ਮਾਰਕਸਵਾਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ। ਇਸ ਲਈ ਉਹ ਕ੍ਰਾਂਤੀ ਲਿਆਉਣ ਦੇ ਰੂਸੀ ਢੰਗ ਨੂੰ ਅਪਣਾਉਣ ਲਈ ਦ੍ਰਿੜ੍ਹ ਹੋ ਗਿਆ ਤੇ ਅੰਗਰੇਜ਼ਾਂ ਨਾਲ ਦੋ ਹੱਥ ਕਰਨਾ ਲੋਚਦਾ ਸੀ।

ਇੰਡੀਆ ਹਾਊਸ ਵਿਚ ਹੋਣ ਵਾਲੇ ਸਮਾਗਮਾਂ ਦੌਰਾਨ 'ਵੰਦੇ ਮਾਤਰਮ' ਅਤੇ 'ਪੱਗੜੀ ਸੰਭਾਲ ਓ ਜੱਟਾ० ਜਿਹੇ ਗੀਤ ਵੀ ਆਮ ਗਾਏ ਜਾਂਦੇ ਸਨ। ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਹਰ ਪ੍ਰਕਾਰ ਦੀਆਂ ਵਿਉਂਤਾਂ ਬਣਾਉਂਦੇ ਰਹਿੰਦੇ। ਉਥੇ ਹਰ ਸਾਲ 10 ਮਈ ਨੂੰ 1857 ਦੀ ਕ੍ਰਾਂਤੀ ਦੀ ਯਾਦ 'ਚ ਸ਼ਹੀਦੀ ਦਿਵਸ ਵੀ ਮਨਾਇਆ ਜਾਂਦਾ ਸੀ। ਹੋਰ ਸਾਥੀਆਂ ਦੀ ਤਰ੍ਹਾਂ ਮਦਨ ਲਾਲ ਵੀ ਹਰ ਰੋਜ਼ ਬਿਨਾਂ ਨਾਗਾ ਟਾਟਨਹੋਮ ਵਾਲੇ ਕੇਂਦਰ ਵਿਚ ਜਾ ਕੇ ਪਿਸਤੌਲ ਚਲਾਉਣਾ ਸਿੱਖਣ ਲੱਗ ਪਿਆ ਅਤੇ ਉਹ ਛੇਤੀ ਹੀ ਪੱਕਾ ਨਿਸ਼ਾਨਚੀ ਬਣ ਗਿਆ।

ਅੰਗਰੇਜ਼ਾਂ ਦੀ ਦਮਨ ਨੀਤੀ ਨੂੰ ਘ੍ਰਿਣਾ ਕਰਨ ਵਾਲੇ ਅਣਖੀ ਅਤੇ ਨਿਰਭੈ ਮਦਨ ਲਾਲ ਢੀਂਗਰਾ ਨੇ ਭਾਰਤ ਦੇ ਭੂਤਪੂਰਣ ਵਾਇਸਰਾਏ ਲਾਰਡਰ ਕਰਜਨ ਅਤੇ ਸੈਕਟਰੀ ਆਫ਼ ਸਟੇਟ ਲਾਰਡ ਮਾਰਲੀ ਨੂੰ ਜਮਪੁਰੀ ਪਹੁੰਚਾਉਣ ਦਾ ਦ੍ਰਿੜ ਇਰਾਦਾ ਬਣਾ ਲਿਆ। ਤੀਜੇ ਅੰਗਰੇਜ਼ ਵਿਅਕਤੀ ਦੀਆਂ ਹਰਕਤਾਂ ਵੀ ਬੜੀਆਂ ਨਿੰਦਣਯੋਗ ਸਨ। ਇਹ ਸੀ ਸਰ ਕਰਜਨ ਵਾਇਲੀ। ਉਹ ਲਾਰਡ ਮਾਰਲੀ ਦਾ ਰਾਜਨੀਤਕ ਏ.ਡੀ.ਸੀ. ਸੀ। ਸਰ ਕਰਜਨ ਵਾਇਲੀ ਨੂੰ ਹੀ ਮਦਨ ਲਾਲ ਦੀ ਨਿਗਰਾਨੀ ਰੱਖਣ ਲਈ ਇਨ੍ਹਾਂ ਦੇ ਭਰਾ ਕੁੰਦਨ ਲਾਲ ਢੀਂਗਰਾ ਨੇ ਇਕ ਪੱਤਰ ਲਿਖਿਆ ਸੀ। ਇਸ ਪੱਤਰ ਸਬੰਧੀ ਸਰ ਕਰਜਨ ਵਾਇਲੀ ਨੇ ਮਦਨ ਲਾਲ ਨਾਲ ਵੀ ਆਪਣੇ ਵਲੋਂ ਪੱਤਰ ਲਿਖਕੇ ਮਿਲਣ ਦੀ ਇੱਛਾ ਕੀਤੀ ਸੀ। ਪਰ ਮਦਨ ਲਾਲ ਨੇ ਉਸ ਦਾ ਕੋਈ ਜਵਾਬ ਨਹੀਂ ਸੀ ਦਿੱਤਾ ਕਿਉਂਕਿ ਉਹ ਤਾਂ ਅੰਗਰੇਜ਼ ਹਾਕਮਾਂ ਖਿਲਾਫ਼ ਨੇਕੀ ਅਤੇ ਬਦੀ ਦੇ ਘੋਲ ਵਿਚ ਨੇਕੀ ਦਾ ਪੱਖ ਲੈਣ ਦਾ ਹਾਮੀ ਸੀ।

ਇਥੋਂ ਦੇ ਵਾਤਾਵਰਣ ਨੇ ਮਦਨ ਲਾਲ ਦੀ ਮਨੋਦਸ਼ਾ ਅਜਿਹੀ ਬਣਾ ਦਿੱਤਾ ਕਿ ਉਹ ਜੁਲਮਾਂ ਨੂੰ ਇਕ ਸਿਣ ਲਈ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ। ਇਹੀ ਕਾਰਨ ਹੈ ਕਿ ਉਸਨੇ ਮੌਕਾ ਮਿਲਦਾ ਹੀ ਇਕ ਅਜਿਹੀ ਕਰੂਰ ਸ਼ਖਸੀਅਤ (ਸਰ ਕਰਜਨ ਵਾਇਲੀ) ਨੂੰ ਕੁਚਲ ਦਿੱਤਾ ਜਿਹੜੀ ਕਿ ਸ਼ਾਸ਼ਕ ਅੰਗਰੇਜ਼ ਸਾਮਰਾਜ ਦਾ ਸਭ ਤੋਂ ਵੱਡਾ ਥੰਮ੍ਹ ਸੀ।

ਪਹਿਲੀ ਜੁਲਾਈ 19'9 ਦੀ ਰਾਤ ਸੀ ਜਦੋਂ ਇੰਸਟੀਚਿਊਟ ਇੰਪਰੀਅਲ ਸਟੱਡੀਜ਼ ਦਾ ਜਹਾਂਗੀਰ ਹਾਲ ਨਵੀਂ ਵਿਆਹੀ ਦੁਹਲਨ ਵਾਂਗ ਸਜਿਆ ਹੋਇਆ ਸੀ। ਨੈਸ਼ਨਲ ਇੰਡੀਆ ਐਸੋਸੀਏਸ਼ਨ ਦਾ ਵਾਰਸਿਕ ਸਮਾਗਮ ਹੋ ਰਿਹਾ ਸੀ। ਸ਼ਰਾਬ ਦੇ ਦੌਰ ਚਲ ਰਹੇ ਸਨ। ਅੰਗਰੇਜ਼ਾਂ ਦੇ ਪਿੱਠੂ ਖੁਸ਼ਾਮਦੀ ਭਾਰਤੀ ਲੋਕ ਵੀ ਅੰਗਰੇਜ਼ਾਂ ਨਾਲ ਆਪਣੇ ਵਧ ਰਹੇ ਸੰਪਰਕਾਂ ਕਾਰਨ ਖੁਸ਼ੀ ਵਿਚ ਫੁੱਲੇ ਨਹੀਂ ਸਨ ਸਮਾਉਂਦੇ। ਭਾਰਤ ਤੋਂ ਰਿਟਾਇਰ ਹੋ ਕੇ ਆਏ ਉਚ ਅੰਗਰੇਜ਼ ਅਫ਼ਸਰ ਤੇ ਉਨ੍ਹਾਂ ਦੇ ਝੋਲੀ ਚੁੱਕ ਭਾਰਤੀ ਅਫ਼ਸਰ, ਵਪਾਰੀ ਅਤੇ ਰਾਜਿਆਂ/ਨਵਾਬਾਂ ਦੇ ਪੁੱਤ ਪੋਤੇ ਰਾਤ ਦੇ ਜਸ਼ਨ ਵਿਚ ਸ਼ਾਮਲ ਸਨ। ਸਰ ਕਰਜਨ ਵਾਇਲੀ ਨੇ ਵੀ ਉਥੇ ਆਉਣਾ ਸੀ। ਉਹ ਤਕਰੀਬਨ ਸਾਢੇ ਦਸ ਵਜੇ ਦੇ ਕਰੀਬ ਹਾਲ ਵਿਚ ਆਇਆ ਜਦੋਂ ਸਮਾਗਮ ਖਤਮ ਹੋਣ ਦੇ ਨੇੜੇ ਸੀ।

ਉਧਰ ਮਦਨ ਲਾਲ ਉਥੇ 9.00 ਵਜੇ ਦਾ ਹੀ ਪਹੁੰਚ ਚੁੱਕਾ ਸੀ। ਇਸ ਸਮੇਂ ਮਦਨ ਲਾਲ ਦੀਆਂ ਜੇਬਾਂ ਵਿਚ ਗੋਲੀਆਂ ਨਾਲ ਭਰੇ ਦੋ ਪਿਸਤੌਲ ਸਨ। ਕੁਝ ਵਿਅਕਤੀਆਂ ਨਾਲ 'ਹੈਲੋ, ਹੈਲੋ' ਅਤੇ ਰਸਮੀ ਗੱਲਬਾਤ ਕਰਕੇ ਵਾਇਲੀ ਮਦਨ ਲਾਲ ਵੱਲ ਆ ਰਿਹਾ ਸੀ। ਇਧਰ ਮਦਨ ਲਾਲ ਵੀ ਅਗਲੀ ਕਾਰਵਾਈ ਲਈ ਤਿਆਰ ਸੀ। ਵਾਇਲੀ ਨੇ ਨੇੜੇ ਆ ਕੇ ਮਦਨ ਲਾਲ ਨੂੰ ਕਿਹਾ : "ਬਰਾ ਪਰਾਊਡ ਹੈ, ਨਾ ਹਮਾਰੇ ਲੈਟਰ ਕਾ ਜਵਾਬ ਡੀਆ, ਨਾ ਹਮੇਂ ਮਿਲਣੇ ਆਇਆ।" "ਮੈਂ ਬੜਾ ਬਿਜੀ ਥਾ, ਮੇਰਾ ਇਮਤਿਹਾਨ ਬਹੁਤ ਨਜ਼ਦੀਕ ਹੈ।" ਮਦਨ ਲਾਲ ਨੇ ਫਿਕੀ ਜਿਹੀ ਮੁਸ਼ਕਾਨ ਨਾਲ ਉਤਰ ਦਿੱਤਾ।

"ਮੁਝੇ ਮਾਲੂਮ ਹੈ ਜੋ ਇਮਤਿਹਾਨ ਹੈ। ਟੁਮ ਸੈਟਾਨ ਲੋਗੋਂ ਕੇ ਚੁੰਗਲ ਮੇ ਫਸੇ ਹੂਏ ਹੋ....' ਵਾਇਲੀ ਨੇ ਬੜੇ ਰੋਅਬ ਨਾਲ ਕਿਹਾ।

"ਜ਼ਬਾਨ ਸੰਭਾਲ ਕਰ ਬਾਤ ਕਰੋ।" ਮਦਨ ਲਾਲ ਨੇ ਵਾਇਲੀ ਦੀ ਗੱਲ ਕੱਟਦੇ ਹੋਏ ਆਖਿਆ।

"ਕਯਾ ਬਕਟਾ ਹੈ?" "ਯਿਹ ਬਕਤਾ ਹੂੰ।" ਇਹ ਕਹਿੰਦੇ ਹੀ ਮਦਨ ਲਾਲ ਨੇ ਆਪਣੇ ਤੋਂ ਇਕ ਗਜ਼ ਦੀ ਦੂਰੀ 'ਤੇ ਖੜ੍ਹੇ ਸਰ ਕਰਜਨ ਵਾਇਲੀ ਉਤੇ ਗੋਲੀਆਂ ਚਲਾ ਦਿੱਤੀਆਂ। 5 ਗੋਲੀਆਂ ਮਾਰ ਕੇ ਢੇਰੀ ਕਰ ਦਿੱਤਾ। ਉਸ ਨੂੰ ਬਚਾਉਣ ਲਈ ਡਾ. ਕਾਊਸ ਖੁਰਸੀਦ ਜੀ ਲਾਲਕਾਕਾ (ਸ਼ੰਘਾਈ ਦਾ ਪ੍ਰਸਿੱਧ ਡਾਕਟਰ) ਅੱਗੇ ਆਇਆ ਤਾਂ ਮਦਨ ਲਾਲ ਨੇ ਛੇਵੀਂ ਗੋਲੀ ਉਸ 'ਤੇ ਚਲਾ ਦਿੱਤੀ। ਉਹ ਵੀ ਉਥੇ ਹੀ ਢੇਰੀ ਹੋ ਗਿਆ। ਗੋਰੀ ਸਰਕਾਰ ਨੇ ਮਦਨ ਲਾਲ ਤੇ ਕਤਲ ਦੇ ਕੇਸ ਚਲਾਏ ਜਿਸ ਦੌਰਾਨ ਇਸ ਸੂਰਬੀਰ ਨੇ ਆਪਣੇ ਬਿਆਨ ਵਿਚ ਕਿਹਾ, "ਮੈਂ ਇਕਬਾਲ ਕਰਦਾ ਹਾਂ ਕਿ ਮੈਂ ਪਿਛਲੇ ਦਿਨ ਆਪਣੇ ਦੇਸ਼ ਭਗਤ ਭਾਰਤੀ ਜਵਾਨਾਂ ਨੂੰ ਦਿੱਤੀਆਂ ਗਈਆਂ। ਜਾਲਮਾਨਾਂ ਫਾਂਸੀਆਂ ਅਤੇ ਜਲਾਵਤਨੀਆਂ ਦਾ ਤੁਛ ਜਿਹਾ ਬਦਲਾ ਲੈਣ ਲਈ ਇਕ ਅੰਗਰੇਜ਼ ਦਾ ਰਕਤ ਪਾਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਅਖੀਰ ਮਦਨ ਲਾਲ ਢੀਂਗਰਾ ਨੂੰ 17 ਅਗਸਤ 1909 ਨੂੰ ਫਾਂਸੀ ਚੜ੍ਹਾਉਣ ਦਾ ਹੁਕਮ ਦੇ ਦਿੱਤਾ ਗਿਆ। ਪੈਂਟੋਨਵਿਲੀ ਜੇਲ੍ਹ ਵਿਚ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।

ਸਰੋਤ : ਸ਼ਹੀਦ ਮਦਨ ਲਾਲ ਢੀਂਗਰਾ
(ਪ੍ਰੀਤਮ ਸੈਨੀ)

ਪੰਜਾਬੀ ਯੂਨੀਵਰਸਿਟੀ ਪਟਿਆਲਾ
98151-69825

## ਸੰਪਾਦਕੀ

# ਅਕਾਲੀਆਂ ਦੀ ਸਿਆਸੀ ਫੇਰੀ ਕੈਨੇਡਾ 'ਚ ਪੰਜਾਬੀ ਮੀਡੀਏ ਦਾ ਸ਼ਿੰਗਾਰ ਬਣੀ

ਬੁੱਲ੍ਹੇਸ਼ਾਹ ਨੇ ਕਿਹਾ ਸੀ, ਝੂਠ ਆਖਾਂ ਤਾਂ ਕੁਝ ਬਚਦਾ ਹੈ, ਸੱਚ ਆਖਾਂ ਤਾਂ ਭਾਂਬੜ ਮੱਚਦਾ ਹੈ

ਰੁਕ ਰੁਕ ਕੇ ਜੀਭਾਂ ਕਹਿੰਦੀ ਹੈ, ਮੂੰਹੋਂ ਆਈ ਬਾਤ ਨਾ ਰਹਿੰਦੀ

(ਇਹ ਇਕ ਅਟੱਲ ਸੱਚਾਈ ਹੈ ਕਿ ਜਿੰਨਾ ਚਿਰ ਕਿਸੇ ਕੌਮ ਜਾਂ ਲੋਕਾਈ ਨੂੰ ਉਸਦੇ ਆਪਣੇ ਅੰਦਰੋਂ, ਉਹਦੇ ਆਪਣੇ ਆਪ ਦਾ ਹੀਣੇ ਹੋਣਾ ਮਹਿਸੂਸ ਨਾ ਕਰਵਾਇਆ ਜਾਵੇ, ਉਸਦਾ ਸਵੈਮਾਨ, ਉਸਦੀ ਅਣਖ ਨਹੀਂ ਮਰਦੀ, ਉਹ ਪੱਧਰੀ ਪੈ ਕੇ ਗੁਲਾਮ ਪੈਣ ਦੇ ਰਾਹੇ ਨਹੀਂ ਪੈਂਦੀ ਭਾਵ ਜਿੰਨਾ ਚਿਰ ਬੰਦੇ ਨੂੰ ਅੰਦਰੋਂ ਕਲਚਰ ਜਾਂ ਸਭਿਆਚਾਰਕ ਤੌਰ 'ਤੇ ਨਾ ਮਾਰਿਆ ਜਾਵੇ ਬੰਦਾ ਮਰਦਾ ਕਦੋਂ ਹੈ।)

ਸਰਦੀਆਂ ਖ਼ਤਮ ਹੁੰਦੇ ਸਾਰ ਹੀ ਮਿੱਠੀ ਮਿੱਠੀ ਗਰਮ ਰੁੱਤ ਦਾ ਨਜ਼ਾਰਾ ਮਾਨਣ ਅਤੇ ਲੋਕਾਂ ਦਾ ਧਿਆਨ ਉਨ੍ਹਾਂ ਦੀਆਂ ਸਮਾਜਿਕ, ਆਰਥਿਕ, ਸਭਿਆਚਾਰਕ ਜਾਂ ਰੋਜ਼ਾਨਾ ਜੀਵਨ ਦੀਆਂ ਲੋੜਾਂ ਪ੍ਰਤੀ ਸੋਚਣ ਤੋਂ ਵਾਂਝੇ ਕਰਨ ਲਈ ਬੜੀ ਹੀ ਸੋਚੀ ਸਮਝੀ ਸਿਆਸੀ ਚਾਲ ਨਾਲ ਸਿਆਸੀ ਪਾਰਟੀਆਂ ਦੇ ਕਾਰਕੁੰਨ, ਗਾਇਕ ਜਾਂ ਸਿੰਗਰ ਅਤੇ ਆਪਣੇ ਆਪ ਨੂੰ ਪੰਜਾਬੀ ਮਾਤ ਭਾਸ਼ਾ ਜਾਂ ਸਾਹਿਤ ਦੇ ਮਹਾਰਥੀ ਸਮਝਣ ਵਾਲੇ ਵਿਦੇਸ਼ਾਂ ਦੀ ਫੇਰੀ 'ਤੇ ਨਿਕਲ ਪੈਂਦੇ ਹਨ। ਜਿਨ੍ਹਾਂ ਨੂੰ ਉਂਜ ਤਾਂ ਕੋਈ ਨੇੜੇ ਨਹੀਂ ਲੱਗਣ ਦਿੰਦਾ। ਇਥੇ ਆ ਕੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕਰਨ ਅਤੇ ਸਮੇਂ-ਸਮੇਂ ਦੇ ਹਾਕਮਾਂ ਲਈ ਬੜੇ ਕਾਰਗਰ ਸਾਬਤ ਹੁੰਦੇ ਹਨ। ਮਿਹਨਤਕਸ਼ ਲੋਕ ਆਪਣੇ ਮੁੱਖ ਮਸਲਿਆਂ ਦੀ ਬਾਤ ਕਰਨ ਦੀ ਬਜਾਏ ਇਨ੍ਹਾਂ ਦੇ ਰਾਮ ਰੌਲੇ ਵਿਚ ਹੀ ਉਲਝ ਕੇ ਰਹਿ ਜਾਂਦੇ ਹਨ। ਮੌਜੂਦਾ ਹਾਕਮਾਂ ਦੀਆਂ ਗਲਤ ਅਤੇ ਜਾਲਮ ਨੀਤੀਆਂ ਤੋਂ ਤੰਗ ਆਏ ਲੋਕ ਆਪਣਾ ਗੁੱਸਾ ਕਿਸੇ ਨਾ ਕਿਸੇ ਰੂਪ ਵਿਚ ਕੱਢਦੇ ਹਨ ਜੋ ਕਿ ਜਾਇਜ਼ ਵੀ ਹੈ। ਅਕਾਲੀ ਲੀਡਰਾਂ ਵਲੋਂ ਫੇਸਬੁਕੀਆਂ ਜਾਂ ਸੋਸ਼ਲ ਮੀਡੀਏ ਨੂੰ ਵਿਹਲੜਾ ਦੀ ਕਚਹਿਰੀ ਵਿਚ ਸ਼ਾਮਲ ਕਰਨਾ ਅਤੇ ਕੈਨੇਡੀਅਨ ਪੁਲਿਸ 'ਤੇ ਕੀਤੀ ਟਿੱਪਣੀ ਨੇ ਭਾਵੇਂ ਕੈਨੇਡਾ ਦੇ ਮੌਜੂਦਾ ਸਿਆਸੀ ਲੀਡਰਾਂ ਵਲੋਂ ਆਪਣਾ ਪ੍ਰਤੀਕਰਮ ਦਿਖਾਉਣਾ ਮਾਇਨੇ ਰੱਖਦਾ ਹੈ ਪਰ ਗੁੱਝੀ ਸਿਆਸਤ ਨੂੰ ਸਮਝਣ ਦੀ ਵੀ ਲੋੜ ਹੈ ਜੋ ਆ ਰਹੀਆਂ ਅਕਤੂਬਰ ਦੀਆਂ ਫੈਡਰਲ ਚੋਣਾਂ 'ਚ ਇਕ ਤੂਲ ਕੰਮ ਕਰੇਗਾ। ਕੈਨੇਡੀਅਨ ਲੀਡਰਾਂ ਵਲੋਂ ਦਿੱਤੇ ਬਿਆਨ ਨੂੰ ਸਾਡਾ ਮੀਡੀਆ ਅਤੇ ਪੰਜਾਬ ਸਰਕਾਰ ਦਾ ਵਿਰੋਧ ਕਰਨ ਵਾਲੇ ਇਸ ਤਰ੍ਹਾਂ ਪੇਸ਼ ਕਰ ਰਹੇ ਹਨ ਜਿਵੇਂ ਕੈਨੇਡਾ ਦੀ ਸਰਕਾਰ ਅਤੇ ਪੁਲਿਸ ਦੁੱਧ ਧੋਤੀ ਹੋਵੇ। ਅਸੀਂ ਭੁੱਲ ਜਾਂਦੇ ਹਾਂ ਕਿ ਹੁਣੇ ਹੁਣੇ ਪੇਸ਼ ਕੀਤੇ ਸੀ-51 ਅਤੇ ਸੀ-24 ਲੋਕਾਂ ਦੀਆਂ ਜਮਹੂਰੀ ਕਦਰਾਂ ਕੀਮਤਾਂ 'ਤੇ ਹੀ ਤਾਲਾ ਨਹੀਂ ਮਾਰਦਾ ਸਗੋਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਜਾਣਨ ਲਈ ਕੈਨੇਡੀਅਨ ਪੁਲਿਸ ਅਤੇ ਖੁਫ਼ੀਆ ਵਿਭਾਗ ਨੂੰ ਖੁੱਲ੍ਹੀ ਛੁੱਟੀ ਦਿੰਦਾ ਹੈ। ਸਾਡੀ ਯਾਦਸ਼ਤ ਜਲਦੀ ਹੀ ਜਵਾਬ ਦੇ ਜਾਂਦੀ ਹੈ ਕਿ ਉਹੀ ਲੀਡਰ ਪੰਜਾਬ ਜਾਂਦੇ ਐਨ.ਆਰ.ਆਈ. ਸੰਮੇਲਨ 'ਚ ਕਿਵੇਂ ਘਿਉ ਖਿਚੜੀ ਹੋਏ ਸਨ। ਮੋਦੀ ਦੀ ਕੈਨੇਡਾ ਫੇਰੀ ਦੌਰਾਨ ਉਨ੍ਹਾਂ ਦੀ ਕੀਤੀ ਪ੍ਰਸੰਸਾ ਸਮੇਂ ਇਨ੍ਹਾਂ ਨੂੰ ਭਾਰਤ ਵਿਚ 194 ਮਿਲੀਅਨ ਲੋਕਾਂ ਨੂੰ ਖਾਣਾ ਨਾ ਮਿਲਣ ਕਰਕੇ ਭੁੱਖ ਹੜਤਾਲ ਦਾ ਸੰਤਾਪ ਸਹਿਣਾ ਅਤੇ 154 ਮਿਲੀਅਨ ਨਾਬਾਲਗ ਜੋ 5 ਸਾਲ ਤੋਂ 14 ਸਾਲ ਦੀ ਉਮਰ ਦੇ ਹਨ, ਮਜ਼ਬੂਰਨ ਮਜ਼ਦੂਰੀ ਕਰਨ ਲਈ ਆਪਣਾ ਭਵਿੱਖ ਸੰਵਾਰਨ ਤੋਂ ਸੱਖਣੇ ਹਨ। ਉਨ੍ਹਾਂ ਬਾਰੇ ਇਹ ਲੀਡਰ ਚੁੱਪ ਹਨ ਹੁਣ ਇਨ੍ਹਾਂ ਨੂੰ ਪੰਜਾਬ ਦੀ ਰਿਸ਼ਵਤਖੋਰੀ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀਆਂ ਨਸੀਅਤਾਂ ਦੇਣ ਦਾ ਕਿਵੇਂ ਚੇਤਾ ਆ ਗਿਆ ਸੋਚਣ ਦੀ ਲੋੜ ਹੈ। ਉਸੇ ਸਮੇਂ ਜਦੋਂ ਅਸੀਂ ਆਪਣੇ ਬੱਚਿਆਂ ਦੇ ਭਵਿੱਖ ਦਾ ਲੇਖਾ-ਜੋਖਾ ਕਰਨਾ, ਵੱਧ ਰਹੀ, ਆਟੋ ਇੰਸ਼ੋਰੈਂਸ, ਇੰਪਲਾਈਮਿੰਟ ਏਜੰਸੀਆਂ ਵਲੋਂ ਕੀਤੀ ਜਾਂਦੀ ਮਿਹਨਤਕਸ਼ਾਂ ਦੀ ਲੁੱਟ, ਵੱਧ ਰਹੇ ਪ੍ਰਾਪਰਟੀ ਟੈਕਸ, ਬਾਰੇ ਕੋਈ ਵਿਚਾਰ ਕਰੀਏ ਪਰ ਮੀਡੀਏ ਕੋਲ ਜ਼ਿੰਦਗੀ ਨੂੰ ਸੰਵਾਰਨ ਲਈ ਕੀਤੀ, ਜਦੋਜਹਿਦ ਨੂੰ ਸਮਾਂ ਦੇਣ ਦਾ ਵਿਹਲ ਕਿਥੇ। ਮੀਡੀਆ ਤਾਂ ਹਰ ਸਾਲ ਆਏ ਗਾਇਕਾਂ ਸਿੰਗਰਾਂ ਦੀ ਪ੍ਰੋੜਤਾ ਕਰਨ ਵਿਚ ਰੁਝਿਆ ਰਹਿੰਦਾ ਹੈ ਜਦੋਂ ਕਿ ਇਹ ਲੋਕਾਂ ਦਾ ਸੋਸ਼ਣ ਕਰਨ ਆਏ ਗਾਇਕ ਆਪਣੇ ਗੀਤਾਂ ਰਾਹੀਂ ਜੱਟ ਦੀ ਪ੍ਰਸ਼ੰਸਾ ਤੇ ਔਰਤਾਂ ਦਾ ਵਿਉਪਾਰੀਕਰਨ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦੇ ਤਾਂ ਮੀਡੀਆ ਉਨ੍ਹਾਂ ਨੂੰ ਕਿਉਂ ਪੁੱਛਣ ਤੋਂ ਝਿਜਕਦਾ ਹੈ ਕਿ ਆਏ ਦਿਨ ਹੁੰਦੀਆਂ ਕਿਸਾਨਾਂ ਮਜ਼ਦੂਰਾਂ ਦੀਆਂ ਖੁਦਕਸ਼ੀਆਂ ਦਾ ਕਾਰਨ ਕੀ ਹੈ। ਸਟੇਜ 'ਤੇ ਔਰਤਾਂ ਦੇ ਸੋਹਲੇ ਗਾਉਣ ਵਾਲੇ ਇਨ੍ਹਾਂ ਗਾਇਕਾਂ ਨੂੰ 12-12 ਘੰਟੇ ਫੈਕਟਰੀਆਂ ਵਿਚ ਕੰਮ ਕਰਕੇ ਆਈਆਂ ਔਰਤਾਂ ਅਤੇ ਮਨੁੱਖ ਦੀ ਹਾਲਤ ਨਹੀਂ ਦਿੱਸਦੀ ਜੋ ਮਜ਼ਬੂਰੀਆਂ ਕਾਰਨ ਕੁਝ ਕੁ ਪਲ ਆਪਣੇ ਬੱਚਿਆਂ ਨਾਲ ਬਿਤਾਉਣ ਦਾ ਸਮਾਂ ਮਿਲਦਾ ਹੈ। ਲਾਹਨਤ ਹੈ ਇਹੋ ਜਿਹੇ ਸਭਿਆਚਾਰਕ ਪ੍ਰੋਗਰਾਮਾਂ ਨੂੰ। ਸਮਾਂ ਗਵਾਹ ਹੈ ਕੁਝ ਕੁ ਰੇਡੀਓ ਜਾਂ ਟੀ.ਵੀ. ਵਾਲੇ ਜਦੋਂ ਕਦੇ ਲੋਕ ਹਿੱਤਾਂ ਲਈ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦਾਂ ਦਾ ਦਿਨ ਮਨਾਇਆ ਜਾਣਾ ਹੁੰਦਾ ਹੈ ਤਾਂ ਇਨ੍ਹਾਂ ਪ੍ਰੋਗਰਾਮਾਂ ਬਾਰੇ ਇਨ੍ਹਾਂ ਨੂੰ ਸੱਪ ਸੁੰਘ ਜਾਂਦਾ ਹੈ। ਪੰਜਾਬ ਤੋਂ ਆਏ ਉਨ੍ਹਾਂ ਜੋ ਪੰਜਾਬੀ ਵਿਚ ਸ਼ਬਦ ਨੂੰ ਚੰਗੀ ਜਗਾਲੀ ਕਰਨ ਦੇ ਮਾਹਿਰ ਹਨ ਅਤੇ ਆਪਣੀ ਧਰਤੀ ਤੇ ਕਦੇ ਲੋਕਾਂ ਦੀ ਗੱਲ ਨਹੀਂ ਕਰਦੇ। ਇਨ੍ਹਾਂ ਸਾਹਿਤਕਾਰਾਂ ਨੂੰ ਕੈਨੇਡਾ ਜਾਂ ਭਾਰਤ ਵਿਚ ਨਰਕ ਦੀ ਜ਼ਿੰਦਗੀ ਬਿਤਾ ਰਹੇ ਲੋਕਾਂ ਦੀਆਂ ਦੁੱਖ ਤਕਲੀਫ਼ਾਂ ਤਾਂ ਕਦੇ ਮਹਿਸੂਸ ਨਹੀਂ ਹੋਈਆਂ ਪਰ ਗਰਮੀ ਦੀ ਰੁੱਤ ਵਿਚ ਪਾਰਕਾਂ ਜਾਂ ਬਾਗਾਂ ਵਿਚ ਖਿੜੇ ਰੰਗ ਬਰੰਗੇ ਫੁਲਾਂ 'ਚੋਂ ਸੰਗੀਤ ਦੀਆਂ ਸੁਰੀਲੀਆਂ ਆਵਾਜ਼ਾਂ ਬੜੀਆਂ ਸੁਣਦੀਆਂ ਨੇ। ਆਓ ਭਰਾਵੋ ਇਨ੍ਹਾਂ ਸ਼ੇਖਚਿਲੀਆਂ ਦੀਆਂ ਗੱਲਾਂ ਤੋਂ ਬਾਜ਼ ਆ ਕੇ ਆਪਣੀ ਜ਼ਿੰਦਗੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਜ਼ਿੰਦਗੀ ਵਿਚ ਆ ਰਹੀ ਬੇਰੁਜ਼ਗਾਰੀ ਵਰਗੀਆਂ ਇਲਾਮਤਾਂ ਅਤੇ ਦੁੱਖਾਂ ਭਰੀ ਜ਼ਿੰਦਗੀ ਤੋਂ ਨਜ਼ਾਤ ਦਿਵਾਉਣ ਦਾ ਉਪਰਾਲਾ ਕਰੀਏ।

**- ਹਰਬੰਸ ਸਿੰਘ**

# ਸਿਰਫ ਅਮੀਰਾਂ ਤੱਕ ਸੀਮਤ ਹੁੰਦੀ ਜਾ ਰਹੀ ਹੈ ਮਿਆਰੀ ਸਿੱਖਿਆ

(ਸਫ਼ਾ 32 ਦੀ ਬਾਕੀ)

ਤਨਖਾਹਾਂ 'ਤੇ ਨੌਕਰੀ ਕਰਦੇ ਹਨ। ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਦੇ ਪ੍ਰਬੰਧਕਾਂ ਦਾ ਡੋਨੇਸ਼ਨਾਂ ਅਤੇ ਮੋਟੀਆਂ ਫੀਸਾਂ ਲੈਣ ਪਿੱਛੇ ਇਹ ਤਰਕ ਹੁੰਦਾ ਹੈ ਕਿ ਜੇਕਰ ਲੋਕ ਉਨ੍ਹਾਂ ਕੋਲੋਂ ਵਧੀਆ ਸਿੱਖਿਆ ਲੈਣ ਦੀ ਆਸ ਰੱਖਦੇ ਹਨ ਤਾਂ ਉਨ੍ਹਾਂ ਨੂੰ ਚੰਗੀਆਂ ਫੀਸਾਂ ਤਾਂ ਦੇਣੀਆਂ ਹੀ ਪੈਣਗੀਆਂ। ਉਨ੍ਹਾਂ ਨੂੰ ਕਿਹੜਾ ਸਰਕਾਰ ਗ੍ਰਾਂਟਾਂ ਦਿੰਦੀ ਹੈ। ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਲਈ ਅਤੇ ਸਕੂਲਾਂ ਨੂੰ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਚਲਾਉਣ ਲਈ ਉਨ੍ਹਾਂ ਨੂੰ ਪੈਸੇ ਦੀ ਲੋੜ ਤਾਂ ਪਵੇਗੀ ਹੀ। ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕਾਂ ਦੀ ਇਹ ਦਲੀਲ ਕਿਸੇ ਹੱਦ ਤੱਕ ਠੀਕ ਵੀ ਹੈ। ਪਰ ਮਿਆਰੀ ਸਿੱਖਿਆ ਦੇ ਨਾਂਅ 'ਤੇ ਸਿੱਖਿਆ ਦਾ ਵਪਾਰੀਕਰਨ ਵੀ ਠੀਕ ਨਹੀਂ। ਮਿਆਰੀ ਸਿੱਖਿਆ ਪ੍ਰਾਪਤ ਕਰਨਾ ਕੇਵਲ ਅਮੀਰ ਬੱਚਿਆਂ ਦਾ ਅਧਿਕਾਰ ਬਣ ਕੇ ਰਹਿ ਜਾਵੇ ਇਹ ਵੀ ਲੋਕਤੰਤਰੀ ਵਿਵਸਥਾ ਦੇ ਹੱਕ ਵਿਚ ਨਹੀਂ।

ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਸਿੱਖਿਆ ਦੇ ਵਪਾਰਕ ਅਦਾਰਿਆਂ ਵਿਚੋਂ ਮਹਿੰਗੀ ਸਿੱਖਿਆ ਖਰੀਦ ਕੇ ਨਿਕਲਣ ਵਾਲੇ ਬੱਚਿਆਂ ਦੇ ਮਨਾਂ ਵਿਚ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਸੇਵਾ ਦੀ ਭਾਵਨਾ ਕਦੋਂ ਹੋਵੇਗੀ। ਉਨ੍ਹਾਂ ਦੀਆਂ ਨਜ਼ਰਾਂ ਵਿਚ 'ਆਓ ਸਿੱਖਿਆ ਲਈ ਜਾਓ ਸੇਵਾ ਲਈ' ਮਾਟੋ ਦੀ ਕੀ ਅਹਿਮੀਅਤ ਹੋਵੇਗੀ? ਇਨ੍ਹਾਂ ਮਾਡਲ ਸਕੂਲਾਂ ਦੀਆਂ ਫੀਸਾਂ ਅਤੇ ਡੋਨੇਸ਼ਨਾਂ ਉਤੇ ਰੋਕ ਲਗਾਉਣ ਨਾਲੋਂ ਚੰਗਾ ਹੋਵੇਗਾ ਕਿ ਸਰਕਾਰਾਂ ਗਰੀਬ ਅਤੇ ਮੱਧਵਰਗੀ ਪਰਿਵਾਰਾਂ ਲਈ ਅਜਿਹੀਆਂ ਸਿੱਖਿਆ ਸੰਸਥਾਵਾਂ ਦਾ ਪ੍ਰਬੰਧ ਕਰਨ ਜਿਨ੍ਹਾਂ ਵਿਚ ਮਿਆਰੀ ਸਿੱਖਿਆ ਦਾ ਪ੍ਰਬੰਧ ਹੋਵੇ। ਬੱਚਿਆਂ ਦੇ ਮਾਂ-ਬਾਪ ਇਨ੍ਹਾਂ ਸਰਕਾਰੀ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਦਾਖਲ ਕਰਵਾਉਣ ਨੂੰ ਤਰਜੀਹ ਦੇਣ। ਜਦੋਂ ਦੇਸ਼ ਦੇ ਸਾਰੇ ਲੋਕਾਂ ਸਾਹਮਣੇ ਪ੍ਰਾਈਵੇਟ ਮਾਡਲ ਸਕੂਲਾਂ ਵਾਂਗ ਮਿਆਰੀ ਸਿੱਖਿਆ ਪ੍ਰਾਪਤ ਕਰਨ ਲਈ ਸਰਕਾਰੀ ਪ੍ਰਬੰਧ ਦੇ ਸਕੂਲ ਹੋਣਗੇ ਜਿਨ੍ਹਾਂ ਵਿਚ ਨਾ ਬਹੁਤੀਆਂ ਫੀਸਾਂ ਹੋਣਗੀਆਂ ਤੇ ਨਾ ਹੀ ਡੋਨੇਸ਼ਨਾਂ ਤਾਂ ਵਪਾਰਕ ਮਨੋਰਥ ਵਾਲੇ ਸਕੂਲਾਂ ਨੂੰ ਆਪਣੇ-ਆਪ ਸਬਕ ਆ ਜਾਵੇਗਾ। ਜਦੋਂ ਲੋਕਾਂ ਸਾਹਮਣੇ ਘੱਟ ਖਰਚੇ ਵਾਲੇ ਵਧੀਆ ਸਕੂਲ ਹੋਣਗੇ ਤਾਂ ਉਹ ਆਪਣੇ ਬੱਚਿਆਂ ਲਈ ਮਹਿੰਗੇ ਪ੍ਰਾਈਵੇਟ ਮਾਡਲ ਸਕੂਲਾਂ ਦੀ ਚੋਣ ਕਿਉਂ ਕਰਨਗੇ?

ਅਜੋਕੇ ਸਮੇਂ ਵਿਚ ਵੀ ਬਹੁਤ ਸਾਰੇ ਸਰਕਾਰੀ ਸਕੂਲ ਅਜਿਹੇ ਹਨ, ਜਿਨ੍ਹਾਂ ਵਿਚ ਅਧਿਆਪਕ ਪੂਰੇ ਹਨ। ਸਾਰੀਆਂ ਸਹੂਲਤਾਂ ਮੌਜੂਦ ਹਨ, ਉਹ ਸਕੂਲ ਗਰੀਬ ਮੱਧਵਰਗੀ ਬੱਚਿਆਂ ਨੂੰ ਚੰਗੀ ਮਿਆਰੀ ਸਿੱਖਿਆ ਮੁਹੱਈਆ ਕਰਵਾ ਰਹੇ ਹਨ। ਜੇਕਰ ਸਰਕਾਰੀ ਸਕੂਲਾਂ ਨੂੰ ਪੂਰੇ ਅਧਿਆਪਕ ਮੁਹੱਈਆ ਕਰਵਾ ਦਿੱਤੇ ਜਾਣ। ਅਧਿਆਪਕਾਂ ਤੋਂ ਸਿੱਖਿਆ ਤੋਂ ਬਿਨਾਂ ਹੋਰ ਕੋਈ ਕੰਮ ਨਾ ਲਿਆ ਜਾਵੇ। ਇਨ੍ਹਾਂ ਸਕੂਲਾਂ ਵਿਚ ਛੁੱਟੀਆਂ ਘੱਟ ਕਰ ਦਿੱਤੀਆਂ ਜਾਣ ਤਾਂ ਕੋਈ ਕਾਰਨ ਨਹੀਂ ਕਿ ਗਰੀਬ ਅਤੇ ਮੱਧਵਰਗੀ ਲੋਕਾਂ ਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਾਪਤ ਨਾ ਹੋਵੇ। ਮਿਆਰੀ ਸਿੱਖਿਆ ਤੱਕ ਸਭ ਦੀ ਇਕੋ ਜਿਹੀ ਪਹੁੰਚ ਯਕੀਨੀ ਬਣਾਉਣ ਲਈ ਇਸ ਪਾਸੇ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

# Murder of student leader Prithipal Singh Randhawa evokes strong reaction in Punjab

**Surinder Pal Singh**


The strong student reaction to the murder of a prominent student leader in Punjab, Prithipal Singh Randhawa, 27, has had its effect. The police have now announced a reward of Rs 5,000 for information leading to the arrest of the prime suspect, Beant Singh, while each of his gang of four described as his co-conspirators carry a price of Rs 2,000 on their heads.

The tragic drama began at around 9 p.m. on July 18 in Ludhiana. Prithipal was present at the clinic of his father-in-law, Dr Bhagat Singh Randhawa, when two persons arrived on a scooter and entered the clinic pretending to be patients. Minutes later five men arrived in a car. The scooter riders and three men from the car overpowered Prithipal and forced him into the car. His dead body - he had been shot - was found on the link road between Badowal and Jhande, 13 kilometres from Ludhiana the same night.

In the course of their investigations the police have recovered at the clinic a cartridge and a letter addressed to Beant Singh, a BSc student of the College of Agriculture, Punjab Agricultural University. It is a reply by the dean of the college to a letter from Beant in which he stated that he apprehended danger and he needed protection. The dean had advised him to approach the police. On the day following the murder, the police found a revolver in Beant's room in his hostel.

**Police Investigation:** Prithipal was a student of MSc at the same university and it is believed that his and Beant's groups were at-loggerheads with each other. In January Beant was allegedly beaten up by some students when he was returning to his hostel. The police had arrested six people in this connection, including Jaspal Singh Jassi who was zonal secretary of the Punjab Students' Union (PSU), an organisation of which Prithipal was a well-known leader.

Prithipal was at the Punjab Agricultural University for almost a decade. It was only in 1974 that he secured admission into the DAV College in Hoshiarpur for the Master of Arts course. But he dropped out of this course and returned to Ludhiana.



With the arrest of Harjinder Singh of Kadon the number of arrests in the case has gone up to four. Others arrested are Singh of Abohar district, Baljinder Singh of Gurdaspur district, Kanwalpreet Singh Tur and Chanderpreet Singh Tur of Ludhiana. The police claim to have tracked down the car used to carry Prithipal away. It was in the custody of Parminder Singh (of Doraha College). Registered as a taxi number PNY 1137, it did not carry a number plate at the time of the crime.

According to G.S. Bhullar, senior superintendent of police, blood stains have been found in the taxi and it has been sent to Patiala for chemical analysis. Investigations revealed that Prithipal was tortured near the Narangwal bridge on the Abohar branch of a canal. The scooter used in the murder has also been recovered from Phagwara.

Students Disturbed: Prithipal, whose murder has stirred the student community in the state, became famous during the 1973 Moga agitation. He was later detained under the Maintenance of Internal Security Act (Misa). He had resigned from the post of general secretary of the PSU a few weeks before his murder.

He is survived by his wife Kuldeep Kaur, a lecturer, and a one-year-old daughter. At Dasuya, where Prithipal's body was cremated on July 21, more than 3,000 students assembled from all over the state. Kuldeep was one of the speakers who addressed the gathering.

Leaders of various political shades and with largely varied followings have been very vocal in the matter. It has in turn been condemned as a political murder; an event which highlighted the deteriorating law and order situation in the state; and as one that called for a high-level inquiry.

The most disconcerting is the prospect of a prolonged student protest, a possibility which Dr Amrik Singh Cheema, vice-chancellor of the Punjab Agricultural University, was quick to recognise when, soon after the murder, he appealed to the students to maintain peace on the campus. Police, who have been spread out in all the districts, are dealing severely with students who are holding demonstrations or are disturbing the peace.

But the stir is on. Protest rallies and demonstrations have been held in Ludhiana, Bhatinda, Hoshiarpur, Sangrur, Phagwara and even in New Delhi. The irate students are demanding that the culprits be arrested immediately. As long as the alleged killers are on the run, a return to peace in the state is difficult to foresee.

For more news from India Today, follow us on Twitter @indiatoday and on Facebook at facebook.com/IndiaToday

# Who's your special interest now? Federal parties ignore women voters at their peril

UP FOR DEBATE
THE ALLIANCE FOR WOMEN'S RIGHTS

The last time we had a federal election in Canada, women cast half a million more votes than men. And I can't help wondering why.

The 2011 leaders' debates lacked almost any mention of how the party platforms were going to address the fact that women work different hours, in different occupation, for different amounts of money. Oh sure, there was lots of talk about the economy and jobs. But jobs for women? Who can say?

Whatever you think about the whole Mars vs. Venus thing, there is no question that men and women are positioned differently within the Canadian economy, that they perform different amounts of care work, they have distinct health care needs, and are subject to distinct forms of violence. All of which means that good public policy has to be tailored to those differences if it is going to work for both women and men. Political platforms need to be tailored to their differences. Political leaders ought to be able to explain what they are going to do for both halves of the population.

The Conservative Party recently announced that they would not be participating in debates hosted by the group of media outlets that traditionally broadcast national leaders' debates. This announcement is part of an ongoing contest over who will debate whom, where and how. But amidst all the jockeying around who stands at which podium in front of whose camera, there has been little discussion of the content of those debates.

It's time to start asking questions about the substance of our election debates, not just the trappings.

Up For Debate, a growing national coalition of organizations, individuals and local communities, has an idea or two about that.

Thirty years ago Conservative, Liberal and NDP leaders participated in a publicly broadcast, fully bilingual debate that spoke to women. The issues? Pay equity (still a problem); violence against women (still a problem); access to reproductive and sexual health services (still a problem).

Not only have subsequent governments failed to solve the problems being debated in the 1980s, but they haven't really talked much about them in subsequent election debates. The word "women" came up only a handful of times in the 2011 English-language debate. Most of those mentions were as part of the phrase "men and women" (usually "our men and women in uniform"). There was only a single mention of any policy that specifically addressed the different challenges that women and men face in Canadian society (violence against women). So much for mainstreaming.

As we head in to what is surely going to be the longest federal campaigning season Canada has ever seen, our political leaders have an opportunity to do things differently. Women aren't a special interest. They are half the population. They vote bigger than their demographics. And this week's polls suggest they are a moving target for political parties—with female voter preference shifting significantly over the past four months.

Women voters are paying attention to this election—it's time for political parties to pay attention to them.

Kate McInturff is a senior researcher with the Canadian Centre for Policy Alternatives. You can follow Kate on Twitter @katemcinturff.

Up for Debate is a coalition of over 150 women's organizations and their allies from across Canada, including the Canadian Centre for Policy Alternatives. Learn more at upfordebate.ca.

# Prisons are NOT 'Functioning Fine' under Harper's Tough-on-Crime Agenda



**Paula Mallea**




On June 27, a column by Tom Brodbeck in the Winnipeg Sun called out the Parliamentary Budget Officer, the Canadian Centre for Policy Alternatives and myself for allegedly "[trying] to scare Canadians." He said we were wrong when we predicted higher numbers of prison inmates and higher costs as a result of the tough-on-crime agenda. There had been "no big surge of inmates" in federal prisons, and "taxpayers don't have to worry about spending billions on new prisons," according to Mr. Brodbeck.

Here are the facts. First, when we made our predictions about numbers and budgets back in 2010, we expected the government to live up to its obligations under international law and create new prisons to house the expected increase in numbers. (Under international law, there should be no more than 500 inmates housed in a prison.) The government chose instead to close three federal prisons (housing 1,000 inmates) and build 2,700 cells in existing prisons (for a net gain of 1,700). Then it double-bunked the rest. About 20% of federal prisoners are now living two or more to a cell. This solution is inhumane and dangerous, but cheap.

In addition, we predicted that some of the harsher crime laws would produce many more motions and appeals, thus adding to the cost of administering justice. We did not, however, expect that the Supreme Court of Canada would overturn laws so often and with such dispatch, thus negating many of the worst effects of the tough-on-crime agenda. The justice system also found ways to circumvent the harshest of the laws, thus further avoiding longer sentences and higher costs.

For example, the two-for-one law would have made remand prisoners serve longer sentences, as would the mandatory minimum sentence for firearms offences. The justice system first found ways to lessen the impact of these laws and then allowed appeals in some cases. Then the Supreme Court took the laws off the books altogether. Offenders are spending less time in custody as a result.

We are still awaiting the full impact of mandatory minimum sentences for drug offences. These will now incarcerate many people who would normally have received a non-custodial sentence, thus adding to the numbers in prison. It is impossible to predict what the Supreme Court might do in response to these sentencing changes, but we do know that it has noted the lack of evidence that mandatory minimums serve any useful purpose.

The operating expenses of Correctional Service Canada have in fact ballooned under the Conservative government. In the first five years of its mandate, there was an 86% increase in federal prison costs from $1.6 billion to $2.98 billion. According to Statistics Canada, criminal justice spending overall increased nationally by 23% between 2002 and 2012. And last year (2013/14), operating expenditures for both the federal and provincial/territorial systems cost $4.6 billion, an increase of 5% in just one year (adjusted for inflation).

These are large increases, particularly as the crime rate in Canada has been dropping steadily for over 25 years. And no, the government cannot claim credit for the decrease. The trend to lower crime rates was well-established long before the Conservatives came to power. As well, other countries have been experiencing lower crime rates at the same time.

Contrary to Mr. Brodbeck's claims, the increased number of inmates in the system has been striking under this government. It is disingenuous for him to assert that increases are appropriate because the Canadian population has increased at the same rate. For one thing, his numbers are wrong. The Canadian population has increased 10.57% since 2005. Federal and provincial/territorial inmate numbers have increased 14.78% during the same time. (There are 15,141 federal inmates this year, not 14,732, as he claims.)

More importantly, the necessary comparison is between the increased inmate population and the crime rate. As noted, the crime rate has been decreasing since the 1990s. 2014 had the lowest crime rate since the 1960s. In 2014, all provinces and territories reported a drop of 9% in the Crime Severity Index (CSI) over the previous year. This was the 10th year reporting a decrease in the CSI.

Yet in 2012, Howard Sapers, the federal prison ombudsman, reported that the federal in-custody population had increased by 1,000 over the past two years—an "historic high." Meanwhile, in 2013, the province of Ontario was expecting its daily count to be up by more than 1,500 within two years as a result of tough-on-crime laws.

In 2014 the Auditor General (AG) stated that half of the prisons were at or over their rated capacities. (Mr. Brodbeck claims that they are under capacity overall. My money is on the AG.) As well, the AG points out that plans to expand prison capacity are coming to an end, so we can expect overcapacity to continue into the future. He says the overall prison population is up 9% since March 2010, the approximate date when new tough-on-crime legislation began to go into effect.

A large part of the increase in the prison population is accounted for by the fact that fewer prisoners are being released on parole under the current government. Releases on parole have decreased by 14% since 2009—a significant decrease according to Howard Sapers.

There will be consequences to the tough-on-crime agenda. Because of double-bunking and harsher conditions in the prisons, as well as the frustration of inmates being denied parole, there has been a significant increase in incidents of self-harm, violence and use of force by correctional officers. Mr. Sapers' most recent statistics (2014) show an increase in inmate assaults of 17% over the last five years, and an increase of 56% in instances of self-harm. Use-of-force incidents increased almost 20% in one year (between 2013 and 2014). Segregation is also being used at an alarming rate. And crowded conditions provide perfect conditions for contagious diseases to proliferate. Thus, HIV/AIDs and Hepatitis C are rampant within the prisons, and these will spread to the street as inmates are released.

This year is an election year. The correctional budget was recently reduced in order to help balance the federal books. This means that the usual rehabilitative programs will not be available to many inmates. Even fewer of them will be paroled out. As well, because of overcrowding, inmates are being released straight to the street from maximum and medium security institutions—not an optimal plan if the objective is to reduce recidivism.

Let's give the last word to correctional officers. These are the people on the front lines who know something about prisons and what works best to reduce violence, recidivism and misery on both sides of the bars. They would be surprised to hear that, according to the Sun's headline, "Prisons [are] functioning fine with Harper's tough-on-crime stance."

"[The Conservative government has] done more damage in three years than any government in our entire history," says Jason Godin, national vice-president of the union representing Canada's prison guards. "When they get tough on crime, they get tough on correctional officers," he adds. "In ten years time, Canadians are gonna go, 'Oh my God what just happened?' Because all of those people they're putting in jail, guess what? 80 per cent of them are going to get out."

And they are going to be your neighbours. They will have endured violence and inhumane conditions. They will have received little or no treatment for mental illness, drug addiction, prior sexual abuse and other problems. And they will feel that they owe nothing to a society that treats the least of its citizens with unfairness, inhumanity and contempt.

Paula Mallea is is a Research Associate with the Canadian Centre for Policy Alternatives, and the author of Fearmonger, a critique of Stephen Harper's tough-on-crime agenda. Her latest book, The War on Drugs, discusses the illegal drug trade and the failure of the so-called "War on Drugs" to stop it.

12 ਅਗਸਤ ਬਰਸੀ 'ਤੇ

# ਕਿਰਨਜੀਤ ਕੌਰ ਮਹਿਲਕਲਾਂ ਦੀ ਸ਼ਹਾਦਤ ਜਬਰ ਖਿਲਾਫ ਟੱਕਰ ਦੀ ਪ੍ਰਤੀਕ



ਮਨਦੀਪ

ਕਿਰਨਜੀਤ ਕੌਰ ਮਹਿਲਕਲਾਂ ਦੀ ਸ਼ਹਾਦਤ ਨੂੰ ਅਠਾਰਾਂ ਵਰ੍ਹੇ ਬੀਤ ਚੱਲੇ ਹਨ। ਅੱਜ ਤੋਂ ਅਠਾਰਾਂ ਵਰ੍ਹੇ ਪਹਿਲਾਂ 29 ਜੁਲਾਈ 97 ਨੂੰ ਇਸ ਵਿਦਿਆਰਥਣ ਨਾਲ ਕਾਲਜ ਤੋਂ ਵਾਪਸ ਪਰਤਦਿਆਂ ਦਿਨ ਦਿਹਾੜੇ ਸਮੂਹਿਕ ਜਬਰ-ਜਿਨਾਹ ਕਰਨ ਉਪਰੰਤ ਉਸ ਨੂੰ ਕਤਲ ਕਰ ਕੇ ਲਾਸ਼ ਨੂੰ ਖੇਤਾਂ ਵਿੱਚ ਦੱਬ ਦਿੱਤਾ ਗਿਆ ਸੀ। ਇਸ ਵਹਿਸ਼ੀ ਕਾਰੇ ਨੂੰ ਅੰਜ਼ਾਮ ਦੇਣ ਵਾਲੇ ਅਪਰਾਧੀ ਮਹਿਲਕਲਾਂ ਇਲਾਕੇ ਦੇ ਸਿਆਸੀ ਅਸਰ ਰਸੂਖ ਰੱਖਣ ਵਾਲੇ ਘਰਾਣੇ ਦੇ 'ਗੁੰਡੇ' ਸਨ ਜਿਨ੍ਹਾਂ ਨੂੰ ਹਾਕਮ ਜਮਾਤਾਂ ਦੇ ਵੱਡੇ ਸਿਆਸੀ ਆਗੂਆਂ ਅਤੇ ਪੁਲਿਸ ਦੀ ਸਰਪ੍ਰਸਤੀ ਹਾਸਿਲ ਸੀ। ਅਜਿਹੇ ਕੇਸ ਵਿੱਚ ਕਿਸੇ ਨੂੰ ਵੀ ਇਨਸਾਫ ਦੀ ਆਸ ਨਹੀਂ ਸੀ ਭਾਵੇਂ ਕਿ ਪ੍ਰੀਵਾਰ ਨੇ ਭਰ ਜੁਆਨ ਧੀ ਦਾ ਥਹੁ ਪਤਾ ਜਾਣਨ ਹਰ ਹੀਲਾ ਵਰਤਿਆ ਪਰ ਹਰ ਪਾਸੇ ਤੋਂ ਨਿਰਾਸ਼ਤਾ ਹੀ ਪੱਲੇ ਪਈ।ਇਸ ਹਾਲਤ ਵਿੱਚ ਪ੍ਰੀਵਾਰ ਨੇ ਇਹ ਕੇਸ ਇਲਾਕਾ ਮਹਿਲਕਲਾਂ ਵਿੱਚ ਸਰਗਰਮ ਇਨਕਲਾਬੀ ਜਨਤਕ ਜਮਹੂਰੀ ਜਥੇਬੰਦੀਆਂ ਪਾਸ ਰੱਖਿਆ ਜਿਨ੍ਹਾਂ ਨੇ ਗੰਭੀਰਤਾ ਨਾਲ ਮਾਮਲੇ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕੀਤੀ। ਹਾਸਲ ਹੋਏ ਤੱਥਾਂ ਤੋਂ ਇਹ ਗੱਲ ਸਾਫ਼ ਹੋ ਗਈ ਕਿ ਇਸ ਵਾਰਦਾਤ ਨੂੰ ਅੰਜ਼ਾਮ ਦੇਣ ਵਾਲੇ ਕੌਣ ਹਨ? ਕਿਰਨਜੀਤ ਕੌਰ ਦੀਆ ਕਿਤਾਬਾਂ, ਸਾਈਕਲ, ਅੰਦਰੂਨੀ ਬਸਤਰ ਤੱਕ ਵੱਡੇ ਘਰਾਣਿਆਂ ਦੇ ਕਾਕਿਆਂ ਦੇ ਖੇਤ ਵਿੱਚੋਂ ਮਿਲ ਚੁੱਕੇ ਸਨ। ਲੋਕਪੱਖੀ ਇਨਕਲਾਬੀ ਤਾਕਤਾਂ ਦੀ ਸੁਚੱਜੀ ਅਗਵਾਈ'ਚ ਬਣੀ ਐਕਸ਼ਨ ਕਮੇਟੀ ਨੇ ਇਸ ਵੱਡੇ ਚੈਲਿੰਜ ਨੂੰ ਸਵੀਕਾਰ ਕਰਦਿਆਂ ਲੋਕਾਂ ਨੂੰ ਅੱਗੇ ਆਉਣ ਲਈ ਸੱਦਾ ਦਿੱਤਾ। ਸ਼ੁਰੂਆਤੀ ਦਾਬੇ ਤੋ ਬਾਅਦ ਜਿਉਂ ਜਿਉਂ ਲੋਕ ਸੰਘਰਸ਼ ਦਾ ਦਬਾਅ ਵਧਦਾ ਗਿਆ ਗੁੰਡਾ ਢਾਣੀ ਉੱਪਰ ਪੁਲਿਸ ਅਤੇ ਸਿਆਸਤਦਾਨਾਂ ਦੀ ਛੱਤਰੀ ਦਾ ਦਬਾਅ ਉੱਡਦਾ ਗਿਆ। ਅਖੀਰ 11 ਅਗਸਤ ਨੂੰ ਕਿਰਨਜੀਤ ਕੌਰ ਦੀ ਨਗਨ ਹਾਲਤ ਵਿੱਚ ਲਾਸ਼ ਵੱਡੇ ਘਰਾਣੇ ਦੇ "ਕਾਕਿਆਂ" ਤੋਂ ਉਨ੍ਹਾਂ ਦੇ ਹੀ ਖੇਤ ਵਿੱਚੋਂ ਬਰਾਮਦ ਕਰਵਾਈ। 12 ਅਗਸਤ ਨੂੰ ਹਜਾਰਾਂ ਲੋਕਾਂ ਨੇ ਰੋਹਲੇ ਨਾਹਰਿਆਂ ਨਾਲ ਕਿਰਨਜੀਤ ਕੌਰ ਨੂੰ ਅੰਤਿਮ ਵਿਦਾਇਗੀ ਦਿੱਤੀ। ਮਹਿਲਕਲਾਂ ਦੀ ਧਰਤੀ ਪੰਜਾਹ ਦਿਨ ਸੰਘਰਸ਼ ਦਾ ਅਖਾੜਾ ਬਣੀ ਰਹੀ।ਇਸ ਸ਼ਾਨਾ ਮੱਤੇ ਸੰਘਰਸ਼ ਕਰ ਕੇ ਜਿੱਥੇ ਕਿਰਨਜੀਤ ਕੌਰ ਦੇ ਬਲਾਤਕਾਰੀ ਕਾਤਲਾਂ ਨੂੰ ਗ੍ਰਿਫ਼ਤਾਰ ਕਰਵਾਕੇ ਉਮਰ ਕੈਦ ਵਰਗੀਆਂ ਮਿਸਾਲੀ ਸਜ਼ਾਵਾਂ ਦਿਵਾਈਆਂ ਗਈਆਂ ਉੱਥੇ ਪੰਜਾਬ ਅੰਦਰ ਜਬਰ ਜੁਲਮ ਖਿਲਾਫ ਲੜਨ ਦੀ ਸ਼ਾਨਦਾਰ ਪਿਰਤ ਨੂੰ ਵੀ ਹੋਰ ਵੱਧ ਬੁਲੰਦ ਕੀਤਾ ਗਿਆ।ਨਿਰੰਤਰ ਅਠਾਰਾਂ ਵਰ੍ਹੇ ਤੋਂ ਪੰਜਾਬ ਭਰ ਦੇ ਲੋਕ ਕਿਰਨਜੀਤ ਕੌਰ ਦੀ ਯਾਦ 'ਚ ਅੱਜ ਮਹਿਲਕਲਾਂ ਦੀ ਧਰਤੀ ਤੇ ਇਕੱਠੇ ਹੁੰਦੇ ਹਨ। ਉਹ ਵਰਤਮਾਨ ਸਮੇਂ 'ਚ ਸਮਾਜ ਦੇ ਸਭ ਤੋਂ ਵੱਧ ਪੀੜਤ ਔਰਤ ਵਰਗ ਦੀ ਦੁਰਦਸ਼ਾ ਅਤੇ ਔਰਤ ਮੁਕਤੀ ਦੇ ਗੰਭੀਰ ਸਵਾਲ ਉੱਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਿਚਾਰ-ਚਰਚਾ ਕਰਨ ਆਉਂਦੇ ਹਨ।

ਮਹਿਲਕਲਾਂ ਦੀ ਧਰਤੀ ਨੇ ਇਕ ਮਾਸੂਮ ਬੱਚੀ ਦੇ ਸਮੂਹਿਕ ਬਲਾਤਕਾਰ ਤੇ ਕਤਲ ਖਿਲਾਫ਼ ਅਗਸਤ 1997 ਤੋਂ ਲੈ ਕੇ ਹੁਣ ਤੱਕ ਇਕ ਇਤਿਹਾਸ ਸਿਰਜਿਆ ਹੈ। ਕਾਤਲਾਂ, ਬਲਾਤਕਾਰੀਆਂ ਨੂੰ ਸਜ਼ਾਵਾਂ ਦਿਵਾਉਣ, ਭ੍ਰਿਸ਼ਟ ਅਫ਼ਸਰਾਂ ਨੂੰ ਘਰ ਦਾ ਰਾਹ ਵਿਖਾਉਣ, ਗੁੰਡਾ, ਪੁਲਿਸ, ਸਿਆਸੀ ਤੇ ਅਦਾਲਤੀ ਗਠਜੋੜ ਦਾ ਚਿਹਰਾ ਲੀਰੋਲੀਰ ਕਰਨ, ਸਮੇਂ ਦੇ ਹਾਕਮਾਂ ਦਾ ਇਸ ਗੱਠਜੋੜ ਪੱਖੀ ਰਵੱਈਆ ਨੰਗਾ ਕਰਨ 'ਚ ਵਿਦਿਆਰਥਣ ਕਿਰਨਜੀਤ ਕੌਰ ਦੇ ਬਲਾਤਕਾਰ/ਅਗਵਾ/ਕਤਲ ਕਾਂਡ ਵਿਰੋਧੀ ਘੋਲ ਨੇ ਲੋਕ ਸੰਘਰਸ਼ਾਂ ਦਾ ਇਕ ਨਵਾਂ ਮੀਲ ਪੱਥਰ ਗੱਡਿਆ ਹੈ। ਇਸ ਦਰਦਨਾਕ ਘਟਨਾ ਖਿਲਾਫ਼ ਐਕਸ਼ਨ ਕਮੇਟੀ ਵੱਲੋਂ ਕੇਸ ਦੀ ਨਿਰੰਤਰ ਜਨਤਕ ਅਤੇ ਕਾਨੂੰਨੀ ਪੈਰਵਾਈ ਨੇ ਮਹਿਲ ਕਲਾਂ ਬਰਨਾਲਾ ਇਲਾਕੇ ਦੇ ਲੋਕਾਂ 'ਚ ਇਸ ਸੁਚੱਜੀ ਦਲੇਰ ਅਗਵਾਈ ਨੇ ਆਪਣੀਆਂ ਅਮਿੱਟ ਪੈੜਾਂ ਛੱਡੀਆਂ ਹਨ। ਇਹੀ ਕਾਰਨ ਕਿ ਇਸ ਐਕਸ਼ਨ ਕਮੇਟੀ ਦੇ ਤਿੰਨ ਲੋਕ ਆਗੂਆਂ (ਨਰਾਇਣ ਦੱਤ, ਮਨਜੀਤ ਧਨੇਰ, ਪ੍ਰੇਮ ਕੁਮਾਰ) ਨੂੰ ਬਲਾਤਕਾਰੀ ਅਤੇ ਕਾਤਲ ਧਿਰ ਵੱਲੋਂ ਪੁਲਿਸ ਨਾਲ ਮਿਲਕੇ ਇਕ ਡੂੰਘੀ ਸਾਜਿਸ਼ ਤਹਿਤ ਝੂਠੇ ਕਤਲ ਕੇਸ 'ਚ ਫਸਾਉਣ ਤੇ 28/30 ਮਾਰਚ 2005 ਨੂੰ ਝੂਠੀਆਂ ਗਵਾਹੀਆਂ ਦੇ ਅਧਾਰ 'ਤੇ ਬਰਨਾਲਾ ਸ਼ੈਸ਼ਨ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਤਹਿਤ ਬਠਿੰਡਾ ਜੇਲ੍ਹ 'ਚ ਡੱਕ ਦੇਣ ਦੇ ਬਾਵਜੂਦ, ਮਹਿਲ ਕਲਾਂ ਦੀ ਧਰਤੀ ਝੁਕੀ ਨਹੀਂ। ਪੰਜਾਬ ਦੇ ਲੋਕਾਂ ਖ਼ੌਫ ਨਹੀਂ ਖਾਧਾ, ਲੋਕਾਂ ਈਨ ਨਹੀਂ ਮੰਨੀ ਸਗੋਂ ਪਹਿਲਾਂ ਨਾਲੋਂ ਵੀ ਵੱਧ ਦਲੇਰੀ ਤੇ ਜੋਸ਼ ਨਾਲ ਤਿੰਨ ਲੋਕ ਆਗੂਆਂ ਦੀ ਸਜ਼ਾ ਰੱਦ ਕਰਵਾਉਣ ਲਈ ਪੰਜਾਬ ਦੀਆਂ 19 ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਸੰਘਰਸ਼ ਕਮੇਟੀ ਬਣਾ ਕੇ ਪੰਜਾਬ ਦੇ ਹਾਕਮਾਂ ਨੂੰ ਵਖ਼ਤ ਪਾਈ ਰੱਖਿਆ।

ਇਨ੍ਹਾਂ ਸੰਘਰਸ਼ਸੀਲ ਜੱਥੇਬੰਦੀਆਂ ਅਤੇ ਲੋਕਾਂ ਲਈ ਕਿਰਨਜੀਤ ਕੌਰ ਦੀ ਬਰਸੀ ਮਨਾਉਣਾ ਮਹਿਜ ਇਕ ਰਸਮ ਪੂਰਤੀ ਨਹੀਂ ਬਲਕਿ ਦੇਸ਼-ਦੁਨੀਆ 'ਚ ਔਰਤ ਉੱਤੇ ਹੁੰਦੇ ਜਬਰ-ਜ਼ੁਲਮ ਖ਼ਿਲਾਫ਼ ਜੱਥੇਬੰਦਕ ਲੋਕ ਰੋਹ ਦੀ ਅਵਾਜ਼ ਖੜੀ ਕਰਨ ਦਾ ਬਲ ਤੇ ਪ੍ਰੇਰਨਾ ਪੈਦਾ ਕਰਨ ਦਾ ਪ੍ਰਤੀਕ ਹੈ। ਦੂਜੇ ਪਾਸੇ ਹਾਕਮ ਜਮਾਤਾਂ ਵੱਲੋਂ ਲੋਕ ਲਹਿਰਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ 'ਸਬਕ' ਸਿਖਾਉਣ ਤੇ ਲੋਕ ਲਹਿਰ ਨੂੰ ਆਗੂ ਰਹਿਤ ਕਰਨ ਲਈ ਖੜੇ ਕੀਤੇ ਚੈਲੰਜ ਨੂੰ ਵੰਗਾਰਨ ਲਈ ਕਿਰਨਜੀਤ ਦੀ ਯਾਦ ਮਨਾਉਣਾ ਜਰੂਰੀ ਹੈ। ਅਜਿਹਾ ਕਰਨਾ ਲੋਕ ਲਹਿਰ ਦੀ ਤਾਕਤ ਦੇ ਸ਼ਾਨਦਾਰ ਝਲਕਾਰਿਆਂ ਦਾ ਮਾਡਲ ਉਸਾਰਨ ਲਈ ਵੀ ਲਾਜ਼ਮੀ ਹੈ ਤੇ ਜਬਰ ਖ਼ਿਲਾਫ਼ ਟੱਕਰ ਦੀ ਅਮੀਰ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਲਿਜਾਣ ਲਈ ਵੀ।

ਦੇਸ਼ ਤੇ ਦੁਨੀਆਂ ਭਰ 'ਚ ਔਰਤਾਂ ਉਪਰ ਹੋ ਰਹੇ ਅੱਤਿਆਚਾਰਾਂ ਖਿਲਾਫ ਅਜਿਹੀ ਲੋਕ ਲਹਿਰ ਖੜੀ ਕਰਨਾ ਇਸ ਲਈ ਵੀ ਜਰੂਰੀ ਹੈ ਕਿਉਂਕਿ ਅੱਜ ਵੀ ਦੇਸ਼-ਦੁਨੀਆ ਪੱਧਰ 'ਤੇ ਔਰਤ ਅੱਤਿਆਚਾਰ, ਛੇੜਛਾੜ, ਬਲਾਤਕਾਰ, ਘਰੇਲੂ ਹਿੰਸਾ, ਯੌਨ ਹਿੰਸਾ, ਕੁੱਟਮਾਰ, ਗਾਲੀ-ਗਲੋਚ, ਕਤਲ, ਬਾਲ ਵਿਆਹ, ਕੁਪੋਸ਼ਣ, ਅਗਵਾ, ਲਿੰਗਕ ਵਖਰੇਵੇਂ, ਨਸਲੀ ਭੇਦਭਾਵ, ਜਾਤੀ-ਪਾਤੀ ਵਿਤਕਰਾ, ਭਰੂਣ ਹੱਤਿਆ, ਦਾਜ, ਤੇਜ਼ਾਬੀ ਹਮਲਿਆਂ, ਵੇਸ਼ਵਾਗਮਨੀ, 'ਅਣਖ' ਲਈ ਕਤਲ, ਪ੍ਰੇਮ ਵਿਆਹ ਦੀ ਮਨਾਹੀ, ਭੋਗ-ਵਿਲਾਸ ਦੀ ਵਸਤੂ ਸਮਝਣ ਆਦਿ ਦੇ ਅੱਤ ਦੇ ਦਾਬੂ ਮਹੌਲ ਹੇਠ ਸਹਿਕ ਰਹੀ ਹੈ। ਪਿਤਾਪੁਰਖੀ ਦਾਬਾ ਤੇ ਮਰਦ ਪ੍ਰਧਾਨਤਾ ਵਰਗੇ ਮੱਧਯੁੱਗੀ 'ਪ੍ਰੇਤ' ਅੱਜ ਵੀ ਉਸਦੇ ਪਿੱਛੇ ਪਏ ਹੋਏ ਹਨ। ਅੱਜ ਵੀ ਔਰਤ ਨੂੰ ਸਮਾਜਿਕ ਪੈਦਾਵਾਰੀ ਸਾਧਨਾਂ ਤੋਂ ਵਿਹੂਣੇ ਕਰਕੇ ਘਰੇਲੂ ਚਾਕਰੀ, ਬੱਚੇ ਪੈਦਾ ਕਰਨ ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਰਗੇ ਦਾਬੂ ਤੇ ਬੇਇਜਤੀ ਭਰੇ ਮਾਹੌਲ ਨਾਲ ਬੰਨ ਕੇ ਰੱਖਿਆ ਜਾ ਰਿਹਾ ਹੈ। ਸਮਾਜ ਵਿਚ ਪਰਿਵਾਰ ਤੇ ਵਿਆਹ ਵਰਗੀਆਂ ਸੰਸਥਾਵਾਂ ਅੰਦਰ ਰੂੜ੍ਹੀਵਾਦੀ ਪਰੰਪਰਾਵਾਂ ਵੀ ਉਨ੍ਹਾਂ ਦੀ ਗੁਲਾਮੀ ਦਾ ਕਾਰਨ ਬਣ ਰਹੀਆਂ ਹਨ। ਸਦੀਆਂ ਤੋਂ ਪ੍ਰਚਲਿਤ ਲੋਕਦੋਖੀ ਲੋਟੂ ਪ੍ਰਣਾਲੀਆਂ ਨੇ ਧਰਮ, ਜਾਤ, ਮੀਡੀਆ, ਸਾਹਿਤ, ਕਲਾ, ਸਿੱਖਿਆ ਤੇ ਸੱਭਿਆਚਾਰ ਨੂੰ ਵੀ ਉਨ੍ਹਾਂ ਦੀ ਅਜ਼ਾਦੀ ਉੱਪਰ ਬੰਦਸ਼ਾਂ ਲਾਉਣ ਲਈ ਵਰਤਿਆ ਹੈ।ਇਹ ਪੁਰਾਤਨ ਪ੍ਰਣਾਲੀਆਂ ਔਰਤ ਦੀ ਗੁਲਾਮੀ ਦੇ ਨਵੇਂ-ਨਵੇਂ ਰੂਪ ਘੜਣ ਤੇ ਉਸਨੂੰ ਸਲਾਮਤ ਰੱਖਣ 'ਚ ਮੌਜੂਦਾ ਰਾਜ ਪ੍ਰਬੰਧ ਦੀਆਂ ਸਹਾਇਕ ਬਣੀਆਂ ਹੋਈਆਂ ਹਨ। ਮੌਜੂਦਾ ਸਾਮਰਾਜੀ-ਸਰਮਾਏਦਾਰਾ ਵਰਗ ਵੱਲੋਂ ਆਧੁਨਿਕਤਾ ਤੇ ਔਰਤ ਦੀ ਅਜ਼ਾਦੀ ਦੇ ਨਾਂ ਹੇਠ ਫੈਸ਼ਨਪ੍ਰਸਤੀ, ਸੁੰਦਰਤਾ ਮੁਕਾਬਲੇ, ਸੈਕਸ ਟੂਰਿਸਟ ਕੇਂਦਰ, ਚੰਦ ਕੁ ਅਮੀਰ ਔਰਤਾਂ ਦੀ ਤਰੱਕੀ, ਫਿਲਮਾਂ, ਗੀਤਾਂ ਤੇ ਮਸ਼ਹੂਰੀਆਂ ਰਾਹੀਂ ਨੰਗੇਜ਼ਵਾਦ ਪਰੋਸਿਆ ਜਾ ਰਿਹਾ ਹੈ। ਔਰਤਾਂ ਦੀ ਸਸਤੀ ਸਰੀਰਕ ਤੇ ਮਾਨਸਿਕ ਕਿਰਤ ਸ਼ਕਤੀ ਇਕ ਜਿਣਸ ਵਾਂਗ ਲੁੱਟਣ ਲਈ ਉਨ੍ਹਾਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਖਿੱਚਿਆ ਜਾ ਰਿਹਾ ਹੈ। ਮੰਡੀ 'ਚ ਮਾਲ ਵੇਚਣ ਲਈ ਉਸਨੂੰ ਲਗਾਤਾਰ ਇਕ ਨੁਮਾਇਸ਼ ਦੀ ਵਸਤੂ ਬਣਾਇਆ ਜਾ ਰਿਹਾ ਹੈ। ਅਜਿਹੀ ਹਾਲਤ 'ਚ ਔਰਤ ਦੀ ਸੁਰੱਖਿਆ ਦੇ ਕਾਨੂੰਨ ਤੇ ਹੋਰ ਐਲਾਨ ਮਹਿਜ ਡਰਾਮੇਬਾਜ਼ੀ ਸਾਬਤ ਹੋ ਰਹੇ ਹਨ।


ਮਹਿਲ ਕਲਾਂ ਦੇ ਇਸ ਸ਼ਾਨਾਮੱਤੇ ਸੰਘਰਸ਼ ਦੀ ਦਾਸਤਾਨ ਨੂੰ ਫ਼ਿਲਮਸਾਜ਼ ਦਲਜੀਤ ਅਮੀ ਨੇ ਆਪਣੀ ਜਾਨਦਾਰ ਕਲਾ ਤੇ ਵਿਲੱਖਣ ਅੱਖ ਨਾਲ ਸਮੁੱਚੀਆਂ ਘਟਨਾਵਾਂ ਨੂੰ ਕੈਮਰੇ 'ਚ ਬੰਦ ਕਰਦਿਆਂ 'ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ' ਨਾਂ ਦੀ ਦਸਤਾਵੇਜ਼ੀ ਫ਼ਿਲਮ ਬਣਾਈ। ਕਿਰਨਜੀਤ ਕੌਰ ਜਿਸ ਦਲੇਰੀ ਤੇ ਸੂਰਮਗਤੀ ਨਾਲ ਇਕੱਲੀ ਗੁੰਡਿਆਂ ਨਾਲ ਭਿੜਦੀ ਕੁਰਬਾਨ ਹੋ ਗਈ, ਔਰਤ ਪ੍ਰਤੀ, ਰਾਜਨੀਤਿਕ ਸਮਾਜਕ ਰਵੱਈਏ ਦੇ ਜਿਸ ਤਰ੍ਹਾਂ ਉਸ ਦੀ ਕੁਰਬਾਨੀ ਨੇ ਪਰਖਚੇ ਉਡਾਏ, ਜਿਵੇਂ ਕਿਰਨਜੀਤ ਔਰਤ ਮੁਕਤੀ ਲਈ ਲੋਕ ਸੰਘਰਸ਼ ਦੀ ਪ੍ਰਤੀਕ ਬਣ ਗਈ, ਇਨ੍ਹਾਂ ਸਾਰੇ ਪੱਖਾਂ ਨੂੰ ਫਿਲਮਸਾਜ ਨੇ ਬਾਖੂਬੀ ਉਘਾੜਿਆ। ਸਾਰੀਆਂ ਹੀ ਜਥੇਬੰਦੀਆਂ/ਧਿਰਾਂ ਵੱਲੋਂ ਲੋਕ ਲਹਿਰ 'ਤੇ ਹੋਏ ਇਸ ਹਮਲੇ ਦਾ ਜਿਵੇਂ ਟਾਕਰਾ ਕੀਤਾ ਜਾ ਰਿਹਾ ਹੈ ਇਹ ਪੰਜਾਬ 'ਚ ਭੱਵਿਖ ਦੇ ਸੰਘਰਸ਼ਾਂ ਲਈ ਮਾਰਗ ਦਰਸ਼ਕ ਬਣੇਗਾ।

ਡੇਢ ਦਹਾਕਾ ਬੀਤ ਜਾਣ 'ਤੇ ਵੀ ਇਹ ਸੰਘਰਸ਼ ਬਾਦਸਤੂਰ ਜਾਰੀ ਹੈ। ਇਹ ਜਬਰ ਤੇ ਇਨਸਾਫ਼ ਵਿਚਕਾਰ ਲਕੀਰ ਖਿੱਚਵੀਂ ਲੜਾਈ ਹੈ। ਜਿਥੇ ਇਸ ਸੰਘਰਸ਼ ਨੇ ਕਈ ਅਹਿਮ ਸਬਕ ਦਿੱਤੇ ਹਨ ਉਥੇ ਇਸ ਨੂੰ ਹਾਲੇ ਵੀ ਚੁਣੌਤੀਆਂ ਦਰਪੇਸ਼ ਹਨ। ਇਸ ਦੇ ਜਰੂਰੀ ਸਬਕਾਂ ਵਿਚੋਂ ਸਿਰਕੱਢ ਇਹ ਕਿ ਜਿੱਥੇ ਜਬਰ ਹੈ ਉੱਥੇ ਟੱਕਰ ਵੀ ਹੈ। ਜਬਰ ਖ਼ਿਲਾਫ ਵਿਸ਼ਾਲ ਲੋਕ ਲਾਮਬੰਦੀ, ਸਾਰੀਆਂ ਲੋਕ ਪੱਖੀ ਜਥੇਬੰਦੀਆਂ/ਧਿਰਾਂ ਦੀ ਸਾਂਝੀ ਸਰਗਰਮੀ, ਅਠਾਰਾਂ ਵਰ੍ਹਿਆਂ ਦੀ ਲਗਾਤਾਰ ਲੋਕ ਜੱਦੋਜਹਿਦ ਆਦਿ ਇਸ ਘੋਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਹਨ। ਕਿਰਨਜੀਤ ਸਵੈਮਾਨੀ ਔਰਤਾਂ ਲਈ ਲੁੱਟ ਜਬਰ ਖਿਲਾਫ਼ 'ਸੰਘਰਸ਼ ਦਾ ਪ੍ਰਤੀਕ' ਬਣ ਜਿਉਂ ਰਹੀ ਹੈ। ਅੱਜ ਵੀ ਅਣਖ-ਆਬਰੂ ਤੇ ਸਵੈਮਾਣ ਦੇ ਰਖਵਾਲੇ ਹਜ਼ਾਰਾਂ ਮੇਹਨਤਕਸ਼ ਲੋਕ ਪੰਜਾਬ ਭਰ 'ਚੋਂ ਕਾਫ਼ਲੇ ਬੰਨ੍ਹਕੇ, ਲੁੱਟ-ਜਬਰ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਲਈ ਹਰ ਸਾਲ 12 ਅਗਸਤ ਨੂੰ ਮਹਿਲਕਲਾਂ ਦੀ ਧਰਤ ਨੂੰ ਸਲਾਮ ਕਰਨ ਆਉਂਦੇ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਇਹ ਸੁਲੱਖਣੀ ਧਰਤੀ ਕਿਰਤੀ ਲੋਕਾਂ ਤੇ ਉਨ੍ਹਾਂ ਦੀਆਂ ਔਰਤਾਂ ਉੱਤੋਂ ਹਰ ਤਰ੍ਹਾਂ ਦੇ ਲੁੱਟ ਜਬਰ ਨੂੰ ਵਗਾਹ ਮਾਰਨ ਲਈ, ਉਨ੍ਹਾਂ ਦੀ ਗੈਰਤ ਨੂੰ ਵੰਗਾਰਦੀ ਹੈ।

ਸੰਘਰਸ਼ ਦੀਆਂ ਇਨ੍ਹਾਂ ਅਹਿਮ ਪ੍ਰਾਪਤੀਆਂ ਦੇ ਬਾਵਜੂਦ ਵੀ ਚੁਣੌਤੀਆਂ ਵੱਡੀਆਂ ਵਿਕਰਾਲ ਹਨ। ਲੜਾਈ ਲੰਬੀ ਹੈ ਜੋ ਮੌਜੂਦਾ ਲੋਕ ਦੋਖੀ ਢਾਂਚੇ ਨੂੰ ਮੁੱਢੋਂ ਤਬਦੀਲ ਕਰਨ ਨਾਲ ਜੁੜੀ ਹੋਈ ਹੈ। ਕਿਰਨਜੀਤ ਕਤਲ ਕਾਂਡ ਨਾ ਤਾਂ ਪਹਿਲਾ ਕਤਲ ਕਾਂਡ ਹੈ ਤੇ ਨਾ ਹੀ ਆਖਰੀ। ਪਰੰਤੂ ਸਾਡੇ ਲਈ ਜਾਨਣ ਤੇ ਮਾਣ ਕਰਨ ਵਾਲੀ ਗੱਲ ਇਹ ਹੈ ਕਿ ਕਿਰਨਜੀਤ ਕੌਰ ਵਾਲੀ ਘਟਨਾ ਵਾਪਰਨ ਤੋਂ ਪਹਿਲਾਂ ਆਮ ਲੋਕਾਈ ਅੰਦਰ ਬਹੁਤ ਕਿਸਮ ਦੀਆਂ ਗਲਤ ਪਿਛਾਂਹਖਿੱਚੂ ਧਾਰਨਾਵਾਂ ਸਨ ਜਿਨ੍ਹਾਂ ਨੂੰ ਇਸ ਲੋਕ ਸੰਘਰਸ਼ ਨੇ ਸਿਰੇ ਤੋਂ ਨਾਂ ਸਿਰਫ ਖਾਰਜ ਹੀ ਕੀਤਾ ਸਗੋਂ ਹੁਣ ਤਾਂ ਇਸ ਸੰਘਰਸ਼ ਨੇ ਦਰੁੱਸਤ ਬੁਨਿਆਦ ਰੱਖ ਦਿੱਤੀ ਹੈ। ਇਸ ਤੋਂ ਬਾਅਦ ਬਰੇਟਾ ਦਾ ਪਿੰਕੀ ਕਾਂਡ, ਫਰੀਦਕੋਟ ਦਾ ਸ਼ਰੂਤੀ ਕਾਂਡ, ਦਿੱਲੀ ਦਾ ਦਾਮਨੀ ਕਾਂਡ, ਗੰਧੜ ਬਲਾਤਕਾਰ ਕਾਂਡ ਅਤੇ ਹੁਣ ਮੋਗਾ ਔਰਬਿਟ ਕਾਂਡ ਵਿੱਚ ਲੋਕ ਘਰਾਂ ਦੀਆਂ ਤੰਗ ਵਰਗਣਾਂ ਵਿੱਚੋਂ ਬਾਹਰ ਨਿੱਕਲ ਕੇ ਸਾਂਝੇ ਸੰਘਰਸ਼ਾਂ ਦੇ ਮੈਦਾਨ 'ਚ ਨਿੱਤਰੇ ਹਨ। ਇਸੇ ਤਰ੍ਹਾਂ ਲੋਕ ਦੋਖੀ ਕਾਰਿਆਂ ਤੇ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਉਪਰ ਜਬਰ ਤਸ਼ੱਦਦ ਵੀ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ। ਔਰਬਿਟ ਬੱਸ ਕਾਂਡ ਦੀ ਅਗਵਾਈ ਕਰਨ ਵਾਲੇ ਨੌਜਵਾਨ-ਵਿਦਿਆਰਥੀ ਅੱਜ ਵੀ ਦੋ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਜੇਲ੍ਹ ਦੀਆ ਸੀਖਾਂ ਪਿੱਛੇ ਬੰਦ ਹਨ। ਕਿਰਨਜੀਤ ਕਤਲ ਕਾਂਡ ਦੀ ਅਗਵਾਈ ਕਰ ਰਹੇ ਤਿੰਨ ਲੋਕ ਆਗੂਆਂ ਨੂੰ ਝੂਠੇ ਕੇਸਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਸ ਦੇ ਖ਼ਿਲਾਫ਼ ਚੱਲੇ ਲੰਬੇ ਸੰਘਰਸ਼ ਤੋਂ ਬਾਅਦ ਹਾਈਕੋਰਟ ਨੇ ਦੋ ਆਗੂਆਂ ਨਰਾਇਣ ਦੱਤ ਤੇ ਪ੍ਰੇਮ ਕੁਮਾਰ ਦੀ ਸਜ਼ਾ ਰੱਦ ਕਰ ਦਿੱਤੀ ਪਰ ਤੀਸਰੇ ਆਗੂ ਮਨਜੀਤ ਧਨੇਰ ਦੀ ਸਜ਼ਾ ਹਾਲੇ ਬਰਕਰਾਰ ਹੈ। ਇਹ ਅਗਾਂਹਵਧੂ, ਲੋਕ ਪੱਖੀ ਤੇ ਜਮਹੂਰੀ ਹਲਕਿਆਂ ਲਈ ਹਾਕਮ ਜਮਾਤਾਂ ਵੱਲੋਂ 'ਸਬਕ' ਸਿਖਾਉਣ ਦੇ ਮਨਸ਼ੇ ਨਾਲ ਖੜਾ ਕੀਤਾ ਗਿਆ ਇਕ ਚੈਲੰਜ। ਹਾਕਮਾਂ ਦੇ ਇਸ ਚੈਲੰਜ ਨੂੰ ਭਾਂਜ ਦੇਣੀ ਹੱਕ-ਸੱਚ ਤੇ ਇਨਸਾਫ ਦੀ ਅਵਾਜ਼ ਨੂੰ ਹੋਰ ਉੱਚਾ ਕਰਨਾ ਹੈ।

ਲੋਕ ਆਗੂ ਮਨਜੀਤ ਧਨੇਰ ਦੀ ਉਮਰ ਕੈਦ ਸਜ਼ਾ ਰੱਦ ਕਰਵਾਉਣ ਅਤੇ ਸ਼ਹੀਦ ਕਿਰਨਜੀਤ ਕੌਰ ਦੀ 18ਵੀਂ ਬਰਸੀ "ਔਰਤ ਜਬਰ ਵਿਰੋਧੀ ਦਿਨ" ਵਜੋਂ ਮਨਾਉਣ ਲਈ 12 ਅਗਸਤ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਦਾਣਾ ਮੰਡੀ, ਮਹਿਲਕਲਾਂ ਵਿਖੇ ਵੱਡੀ ਲੋਕ ਲਾਮਬੰਦੀ ਕੀਤੀ ਜਾ ਰਹੀ ਹੈ । ਆਓ ਆਪਾਂ ਸਾਰੇ ਮਿਲਕੇ ਇਸ ਲਾਮਬੰਦੀ 'ਚ ਆਪਣਾ ਬਣਦਾ ਯੋਗਦਾਨ ਪਾਈਏ।

## S.Government College of Science Education and Research, Jargon (LDH



S.Government College of Science Education and Research, Jargon (LDH) had held a huge gathering on CANADA DAY CELEBRATION: PICNIC INVITATION on 4th, JULY 2015 at Terra Cotta Conservation Park. After successful gathering in August 5, 2012 to July 27, 2014 , now Govt. Science College geared up to bring about a wonderful family members picnic. That time it grabbed place on 4, JULY, 2015 Saturday from 11:00 AM to 6:00 PM at Terra Cotta Conservation park Address 14452 Winston Churchill Boulevard ,Area 4.Halton Hills, Ontario L0P- 1N0. The events were boosted up wonderful memory for the future due a lot of new faces arrived with proud of S. Govt. college of Education and research of Jagraon (LDH

# ਟੋਰਾਂਟੋ ਦੇ ਰੰਗ ਮੰਚ ਕਲਾਕਾਰ-( 5 )



(ਹਰਜੀਤ ਬੇਦੀ 647-924-9087)

ਨਾਹਰ ਔਜਲਾ

ਜਦ ਮੈਂ ਨਾਹਰ ਔਜਲਾ ਦੇ ਰੰਗ ਮੰਚ ਸਫਰ ਬਾਰੇ ਲਿਖਣ ਲੱਗਾ ਤਾਂ ਲੋਕ ਨਾਇਕ ਅਤੇ ਪੰਜਾਬੀ ਦੇ ਸਿਰਮੌਰ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਦੀ ਗਰਜਵੀਂ ਤੇ ਲਰਜਵੀਂ ਆਵਾਜ਼ ਮੇਰੇ ਕੰਨਾਂ ਵਿੱਚ ਗੂੰਜਣ ਲੱਗੀ, "ਜੇ ਸਮਾਜ ਦਾ ਕੋਈ ਸਵਾਲ ਹੀ ਨਹੀਂ ਉਠਾਉਣਾ ਤਾਂ ਨਾਟਕ ਕਰਨਾ ਕਾਹਦੇ ਲਈ ਹੈ"। ਨਾਟਕਕਾਰ ਨਾਹਰ ਔਜਲਾ ਸੱਚਮੁੱਚ ਹੀ ਆਪਣੇ ਨਾਟਕਾਂ ਵਿੱਚ ਸਮਾਜ ਦੇ ਸਵਾਲ ਉਠਾ ਕੇ ਨਾਟਕ ਕਰਨ ਦੇ ਆਪਣੇ ਮਕਸਦ ਵਿੱਚ ਸਫਲਤਾ ਨਾਲ ਅੱਗੇ ਵਧ ਰਿਹਾ ਹੈ। ਨਾਹਰ ਲੋਕ-ਪੱਖੀ ਸਾਹਿਤ ਤੇ ਸਭਿਆਚਾਰ ਨੂੰ ਪ੍ਰਣਾਇਆ ਹੋਇਆ ਹੈ ।ਉਹਨਾ ਪੰਜਾਬ ਵਿੱਚ ਰਹਿੰਦਿਆਂ 1979 ਵਿੱਚ "ਨਾਟਕ ਕਲਾ ਕੇਂਦਰ ਨਸਰਾਲੀ" ਦੀ ਸਥਾਪਨਾ ਕੀਤੀ। ਇਸ ਟੀਮ ਵਲੋਂ "ਜੰਗੀ ਰਾਮ ਦੀ ਹਵੇਲੀ" ਜਿਹੇ ਚਰਚਿਤ ਨਾਟਕ ਕੀਤੇ ਗਏ। ਸੰਨ 1982 ਵਿੱਚ ਭਾਅ ਜੀ ਨੇ ਨਸਰਾਲੀ ਵਿਖੇ ਹੀ "ਪੰਜਾਬ ਲੋਕ ਸਭਿਆਚਾਰ ਮੰਚ" ਦੀ ਸਥਾਪਨਾ ਕੀਤੀ ਜਿਸ ਵਿੱਚ ਨਾਹਰ ਦਾ ਭਰਪੂਰ ਯੋਗਦਾਨ ਸੀ।

ਕੈਨੇਡਾ ਆ ਕੇ ਦੀ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਨਾਹਰ ਔਜਲਾ ਥੀਏਟਰ ਨੂੰ ਸਮਰਪਿਤ ਰਿਹਾ ਹੈ। ਉਸਦਾ ਕੈਨੇਡਾ ਵਿਚਲਾ ਰੰਗਮੰਚ ਦਾ ਸਫਰ 1992 ਵਿੱਚ 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਹੋਏ ਸਮਾਗਮ ਵਿੱਚ ਸਵੈ-ਲਿਖਤ ਸਕਿੱਟਾਂ "ਦਲ ਬਦਲੂ" ਅਤੇ "ਇੰਨਕਲਾਬ ਜਿੰਦਾਬਾਦ" ਨਾਲ ਸ਼ੁਰੂ ਹੋਇਆ। ਨਾਹਰ ਨੇ ਰੰਗ ਮੰਚ ਖੇਤਰ ਵਿੱਚ ਅੱਗੇ ਕਦਮ ਵਧਾਉਂਦਿਆਂ ਸਮਾਜਿਕ ਸਰੋਕਾਰਾਂ ਵਾਲੇ ਨਾਟਕ, ਨਸ਼ਿਆਂ ਦੀ ਲਾਹਨਤ ਨੂੰ ਦਰਸਾਉਂਦਾ "ਪੁਆੜਾ ਬੋਤਲ ਦਾ/ਅਹਿਸਾਸ" ਅਤੇ ਠੱਗ ਬਾਬਿਆਂ ਤੋਂ ਸੁਚੇਤ ਕਰਦਾ "ਨਵੇਂ ਯੁੱਗ ਦੀ ਬਾਤ" ਨਾਟਕ ਲਿਖੇ ਤੇ ਪੇਸ਼ ਕੀਤੇ। ਸਾਡੀ ਰੋਜਮੱਰਾ ਜਿੰਦਗੀ ਦੀ ਗੱਲ ਕਰਦੇ ਇਹਨਾ ਨਾਟਕਾਂ ਦੀ ਹਰ ਪਾਸਿਓਂ ਸਰਾਹਨਾ ਹੋਈ। ਨਾਹਰ ਔਜਲਾ ਦਾ ਨਾਟਕ "ਤਿੜਕਦੇ ਰਿਸ਼ਤੇ"




ਜੋ ਗਿਣੀ ਮਿੱਥੀ ਸਾਜਿਸ਼ ਅਧੀਨ ਕੁੜੀ ਕੈਨੇਡਾ ਵਿੱਚ ਸੈੱਟ ਹੋਣ ਖਾਤਰ ਵਿਆਹ ਕਰਵਾਕੇ ਏਅਰਪੋਰਟ ਤੋਂ ਹੀ ਕਿਤੇ ਹੋਰ ਚਲੇ ਜਾਣ ਦੀ ਕਹਾਣੀ ਬਿਆਨ ਕਰਦਾ ਹੈ ਸਾਡੇ ਪੰਜਾਬੀਆਂ ਦੀ ਮਾਨਸਿਕਤਾ ਦਰਸਾਉਂਦਾ ਹੈ ਕਿ ਕੈਨੇਡਾ ਪਹੁੰਚਣ ਲਈ ਸਮਾਜਿਕ ਹੱਦਾਂ ਬੰਨੇ ਤੋੜ ਕੇ ਕਿਸ ਤਰ੍ਹਾਂ ਦੇ ਹੱਥ ਕੰਡੇ ਅਪਣਾਉਂਦੇ ਹਾਂ। ਇਹਨਾਂ ਸਾਰੇ ਨਾਟਕਾਂ ਵਿੱਚ ਜਿੱਥੇ ਨਾਹਰ ਦੀ ਲੋਕ-ਪੱਖੀ ਲੇਖਣੀ ਦਾ ਝਲਕਾਰਾ ਪੈਂਦਾ ਹੈ ਉਥੇ ਉਸ ਦੀ ਅਭਿਨੇ ਕਲਾ ਦੀ ਦਾਦ ਵੀ ਦੇਣੀ ਬਣਦੀ ਹੈ। ਨਾਟਕ "ਰੌਕੀ" ਸਿਸਟਮ ਦੀ ਬੁਰਾਈ ਕਾਰਨ ਨੌਜਵਾਨ ਬੱਚਿਆਂ ਵਿੱਚ ਫੈਲ ਰਹੀ ਹਿੰਸਕ ਪ੍ਰਵਿਰਤੀ ਅਤੇ ਨਸ਼ਿਆਂ ਵਿੱਚ ਗਰਕ ਰਹੀ ਨੌਜਵਾਨ ਪੀੜ੍ਹੀ ਦੀ ਗੱਲ ਕਰਦਾ ਹੈ। ਇਹ ਸਾਰੇ ਨਾਟਕ ਜਿੱਥੇ ਸਟੇਜ ਉਤੇ ਬੜੇ ਸਫਲ ਰਹੇ ਨੇ ਉਥੇ ਇਹਨਾਂ ਦਾ ਟੀ ਵੀ ਰੁਪਾਂਤਰ ਦੇਸ-ਪ੍ਰਦੇਸ਼, ਸੁਰ-ਸਾਗਰ, ਰੰਗਲਾ ਪੰਜਾਬ ਅਤੇ ਆਈ ਔਨ ਏਸ਼ੀਆ ਚੈਨਲਾਂ ਰਾਹੀਂ ਪ੍ਰਸਾਰਿਤ ਹੋਇਆ। ਇੰਜ ਇਹ ਨਾਟਕ ਲੱਖਾਂ ਦਰਸ਼ਕਾਂ ਤੱਕ ਪਹੁੰਚੇ।

ਨਾਹਰ ਔਜਲਾ ਦਾ ਨਾਟਕ "ਡਾਲਰਾਂ ਦੀ ਦੌੜ" ਕੈਨੇਡਾ ਦੀ ਰੁਝੇਵਿਆਂ ਭਰੀ ਜ਼ਿੰਦਗੀ ਨੂੰ ਰੂਪਮਾਨ ਕਰਦਾ ਹੈ ਕਿ ਅਸੀਂ ਪਰਵਾਸੀ ਇੱਥੇ ਆਕੇ ਕਿਵੇਂ ਡਾਲਰ ਕਮਾਉਣ ਦੀ ਚੂਹਾ ਦੌੜ ਵਿੱਚ ਪੈ ਜਾਂਦੇ ਹਾਂ ਅਤੇ ਆਪਣੀ ਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਦੁਸ਼ਵਾਰ ਬਣਾ ਲੈਂਦੇ ਹਾਂ। ਇਸੇ ਤਰ੍ਹਾਂ ਇਹਨਾ ਦਾ ਇੱਕ ਹੋਰ ਨਾਟਕ "ਸਹਿਮ ਦੇ ਪਲ" ਇੱਕ ਐਸੇ ਪਰਿਵਾਰ ਦੀ ਕਹਾਣੀ ਹੈ ਜਿਸ ਵਿੱਚ ਬੱਚਿਆਂ ਤੇ ਮਾਪਿਆਂ ਵਿਚਲੀ ਦੂਰੀ, ਉਹਨਾਂ ਵਿੱਚ ਭਾਵਨਾਤਮਕ ਸਾਂਝ ਨਾ ਹੋਣ ਕਰਕੇ ਦਿਲ ਦੀ ਗੱਲ ਸਾਂਝੀ ਨਾ ਕਰ ਸਕਣਾ ਪਰਿਵਾਰ ਦੇ ਦੁੱਖਾਂ ਦਾ ਕਾਰਣ ਬਣਦਾ ਹੈ। ਬੱਚੇ

(ਬਾਕੀ ਸ.ਫਾ 31 'ਤੇ)

RushLube Inc.
Complete Truck Repairs & Truck
Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1



STARLI NE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
Satisfaction 100% Guarantee
416.230.4000 • 647.409.1092
www.STARLANEPAINTING.com



ਹਰਜੀਤ ਧਨੋਆ

WE GETTHINGS DONE
Metro Immiaration
(Division of Metro Legal & Immigration Inc.)
*Family Sponsorship *Spousal *Super Visa *Visitor Visa
*Skilled Workers *Investors *PNP *Nannies *Business
Applicants *Student Visa *Work Permits (LMO) *Appeals
Head Office : 2355 Derry Rd. E *#12 Miss. *ON *L551V6
*905-673-1200 *1-800-694-133 India Office : 98148-66633
*Brampotn : 905-794-6003 *Toronto : 416-840-7554
*info@metroimmigration.com
*www.metroimmigration.com *www.metroimmigration.org



Suresh Gupta
Certified Immigration
Practitioner (RCIC)

# ਪ੍ਰੋਗਰੈਸਿਵ ਕਲਚਰਲ ਐਸੋਸੀਏਸਨ ਕੈਲਗਰੀ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ 100 ਵੀਂ ਸ਼ਹਾਦਤ ਵਰ੍ਹੇਗੰਢ ਮੌਕੇ ਸਫ਼ਲ ਸਮਾਗਮ

## ਕੈਨੇਡਾ ਫੇਰੀ ਤੇ ਪਹੁੰਚੇ ਅਮੋਲਕ ਸਿੰਘ ਵੱਲੋਂ ਵਿਚਾਰ ਪੇਸ਼ ਕੀਤੇ ਗਏ




- ਬਲਜਿੰਦਰ ਸੰਘਾ -


ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ, ਉਸਦੇ ਸਾਥੀਆਂ ਅਤੇ ਸਿੰਘਾਪੁਰ ਦੀ ਫੌਜੀ ਬਗਾਵਤ ਦੇ ਅਮਰ ਸ਼ਹੀਦਾਂ ਦੀ ਸ਼ਹਾਦਤ ਦੀ 100 ਵੀਂ ਵਰ੍ਹੇਗੰਢ (1915-2015) ਮੌਕੇ ਐਕਸ ਸਰਵਿਸਮੈਨ ਸੁਸਾਇਟੀ ਦੇ ਹਾਲ ਵਿਚ ਵਿਸੇਸ਼ ਸਮਾਗਮ ਅਯੋਜਿਤ ਕੀਤਾ ਗਿਆ। ਕੈਲਗਰੀ ਦੇ ਸੁਹਿਰਦ ਲੋਕਾਂ ਦੀ ਭਰਵੀਂ ਹਾਜ਼ਰੀ ਵਿਚ ਮਾਸਟਰ ਭਜਨ ਸਿੰਘ ਦੀ ਸਟੇਜ ਸੰਚਾਲਨਾ ਹੇਠ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਟਰੱਸਟੀ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਮੁੱਖ ਵਕਤਾ ਵਜੋਂ ਸੰਬੋਧਨ ਕਰਦਿਆਂ ਕਿਹਾ ਕਿ ਗ਼ਦਰ ਲਹਿਰ ਅੰਦਰ ਆਪਣਾ ਸਭ ਕੁਝ ਨਿਛਾਵਰ ਕਰਕੇ ਨਵਾਂ ਇਤਿਹਾਸ ਸਿਰਜਣ ਵਾਲੇ ਮਹਾਂ-ਨਾਇਕਾਂ, ਨਾਇਕਾਵਾਂ ਦੇ ਸੁਪਨਿਆਂ ਦਾ ਜਦੋਂ ਤੱਕ ਆਜ਼ਾਦ, ਖੁਸ਼ਹਾਲ, ਧਰਮ-ਨਿਰਪੱਖ ਜਮਹੂਰੀ ਅਤੇ ਸਾਂਝੀਵਾਲਤਾ ਦੇ ਰੰਗ ਵਿਚ ਰੰਗਿਆ ਖੂਬਸੂਰਤ ਅਤੇ ਨਵਾਂ-ਨਰੋਆ ਰਾਜ ਅਤੇ ਸਮਾਜ ਨਹੀਂ ਸਿਰਜ ਲਿਆ ਜਾਂਦਾ, ਉਦੋਂ ਤੱਕ ਲੋਕ-ਸੰਗਰਾਮ ਜਾਰੀ ਰੱਖਿਆ ਜਾਏਗਾ। ਅਮੋਲਕ ਸਿੰਘ ਜੋ ਪੰਜਾਬ ਦੀ ਇਨਕਲਾਬੀ ਲਹਿਰ ਦੇ ਜਾਣੇ-ਪਛਾਣੇ ਸੰਗਰਾਮੀਏ, ਲੇਖਕ, ਗੀਤਕਾਰ, ਕਲਮਕਾਰ, ਰੰਗ ਕਰਮੀ ਅਤੇ ਬੀਤੇ 42 ਵਰ੍ਹੇ ਤੋਂ ਵੱਖਰੇ ਲੋਕ-ਮੁਹਾਜ਼ ਉੱਪਰ ਮੋਹਰੀ ਕਤਾਰ ਵਿਚ ਨਿਧੱੜਕ ਅਤੇ ਸੰਘਰਸਸ਼ੀਲ ਰਹੇ ਆਪਣੀ ਕੈਨੇਡਾ ਫੇਰੀ ਉੱਪਰ ਇੱਕ ਮਹੀਨੇ ਤੋਂ ਟੋਰੰਟੋਂ, ਵੈਨਕੂਵਰ, ਸਰੀ ਆਦਿ ਤਿੰਨ ਦਰਜਨ ਥਾਵਾਂ ਤੇ ਜਨਤਕ ਇਕੱਤਰਤਾਵਾਂ ਅਤੇ ਸਮਾਗਮਾਂ ਨੂੰ ਸੰਬੋਧਨ ਕਰ ਚੁੱਕੇ ਹਨ।

ਅੱਜ ਦੇ ਸਮਾਗਮ ਵਿਚ ਅਮੋਲਕ ਸਿੰਘ ਨੇ 100 ਵਰ੍ਹੇ ਤੋਂ ਵੀ ਪਹਿਲਾਂ ਦੇ ਇਤਿਹਾਸ, ਵਿਰਸੇ, ਚਣੌਤੀਆਂ ਅਤੇ ਗ਼ਦਰੀ ਦੇਸ਼ ਭਗਤਾਂ ਦੀਆਂ ਪਾਈਆਂ ਅਮਿੱਟ ਪੈੜਾਂ ਦਾ ਅਮੁੱਲਾ, ਪ੍ਰੇਰਨਾਮਈ, ਉਦੇਸ਼ਮਈ ਅਤੇ ਕੁਰਬਾਨੀਆਂ ਭਰਿਆ ਭਾਵ-ਪੂਰਤ, ਰੌਚਕ ਅਤੇ ਯਾਦਗਾਰੀ ਜ਼ਿਕਰ ਕਰਦਿਆਂ ਕਿਹਾ ਕਿ ਅਜੋਕੇ ਸਮੇਂ ਅਤੇ ਭਵਿੱਖ ਦੀਆਂ ਵੰਗਾਰਾਂ ਨੂੰ ਕਬੂਲਣ ਦੇ ਹਾਣੀ ਬਣਨ ਲਈ ਇਤਿਹਾਸ ਦੇ ਮਹਿਜ਼ ਪੂਜਕ ਨਾ ਬਣਕੇ ਸਾਨੂੰ ਹਰ ਵੰਨਗੀ ਦੀ ਦੇਸੀ-ਵਿਦੇਸ਼ੀ ਲੁੱਟ, ਜਬਰ, ਦਾਬੇ, ਵਿਤਕਰੇ ਤੋਂ ਮੁਕਤ ਲੋਕਾਂ ਦੀ ਸਰਦਾਰੀ ਵਾਲਾ ਨਿਜ਼ਾਮ ਸਿਰਜਣ ਲਈ ਕਹਿਣੀ ਤੇ ਕਰਨੀ 'ਚ ਇਕ ਸੁਰ ਹੋਕੇ ਨਵੇਂ ਰਾਹ ਘੜਨ ਦੀ ਲੋੜ ਹੈ। ਅਮੋਲਕ ਸਿੰਘ ਨੇ ਮੁਲਕ ਦੇ ਸਨਅੱਤੀ ਕਾਮਿਆਂ, ਖੇਤ ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ, ਵਿਦਿਆਰਥੀਆਂ, ਬੇਰੁਜ਼ਗਾਰਾਂ, ਨੌਜਵਾਨਾਂ, ਆਦਿਵਾਸੀਆਂ, ਕਸ਼ਮੀਰ ਦੇ ਲੋਕਾਂ ਅਤੇ ਕੁੱਲ ਅੰਬਰ ਦਾ ਅੱਧ ਬਣਦੀਆਂ ਔਰਤਾਂ ਵੱਲੋਂ ਆਪਣੀ ਨਵੀਂ ਤਕਦੀਰ ਖ਼ੁਦ ਲਿਖਣ ਲਈ ਲੜੇ ਜਾ ਰਹੇ ਲਹੂ-ਵੀਟਵੇਂ ਸੰਗਰਾਮ ਦੀ ਕਹਾਣੀ ਤੱਥਾਂ ਦੀ ਜ਼ੁਬਾਨੀ ਪੇਸ਼ ਕੀਤੀ। ਜੰਗਲ, ਜਲ, ਜ਼ਮੀਨ, ਸਿਹਤ, ਸਿੱਖਿਆ, ਬਿਜਲੀ, ਪਾਣੀ, ਬੋਲੀ, ਔਰਤ ਵਰਗ, ਸਾਹਿਤ, ਸੱਭਿਆਚਾਰ, ਇਤਿਹਾਸ, ਅਮੀਰ ਅਤੇ ਜੁਝਾਰੂ ਵਿਰਸੇ ਉੱਪਰ ਅਨੇਕਾਂ ਕੋਝੇ ਢੰਗਾਂ ਨਾਲ ਬੋਲੇ ਜਾ ਰਹੇ ਹੱਲੇ ਦੀਆਂ ਢੇਰਾਂ ਹੀ ਮੂੰਹ ਬੋਲਦੀਆਂ ਘਟਨਾਵਾਂ ਸਾਂਝੀਆਂ ਕੀਤੀਆਂ।

ਅਮੋਲਕ ਸਿੰਘ ਨੇ ਜਬਰੀ ਜਮੀਨਾਂ ਖੋਹਣ, ਖੇਤੀ, ਦਸਤਕਾਰੀ ਦਾ ਲੱਕ ਤੋੜਨ, ਮੁਨਾਫ਼ੇ ਦਾ ਵਿਸ਼ਵੀਕਰਨ ਅਤੇ ਲੋਕਾਂ ਦੀ ਜ਼ਿੰਦਗੀ ਦੇ ਹਰ ਖੇਤਰ ਅੰਦਰ ਸੁਪਨਿਆਂ ਦੀ ਹੱਤਿਆ ਕਰਨ ਲਈ ਫੌਜੀ, ਨੀਮ ਫੌਜੀ, ਪੁਲਸ ਦਸਤਿਆਂ ਅਤੇ ਨਿੱਜੀ ਪਾਲੇ ਗਰੋਹਾਂ ਦੁਆਰਾ ਚੌਤਰਫਾਂ ਹੱਲਾ ਬੋਲਣ ਦਾ ਜਜ਼ਬਾਤੀ ਅੰਦਾਜ਼ 'ਚੋਂ ਲੋਕ ਮਨਾਂ ਨੂੰ ਝੰਜੋੜਵਾ ਵੇਰਵਾ ਪੇਸ਼ ਕੀਤਾ। ਖੁੱਲ੍ਹੀ ਕਵਿਤਾ ਅਤੇ ਰੰਗ ਮੰਚ ਦੀ ਸ਼ੈਲੀ ਵਰਗੀ ਤਕਰੀਰ ਦੇ ਸਿਖ਼ਰ ਤੇ ਤਾੜੀਆਂ ਦੀ ਗੂੰਜ਼ 'ਚੋ ਅਮੋਲਕ ਸਿੰਘ ਨੇ ਕਿਹਾ ਕਿ ਜਦੋਂ ਤੱਕ ਦੇਸੀ ਬਦੇਸ਼ੀ ਕੁੱਟ, ਲੁੱਟ ਤੇ ਦਾਬਾ ਖ਼ਤਮ ਕਰਨ ਦੀ ਲੋੜ ਨੂੰ ਉਭਾਰਿਆ। ਉਹਨਾਂ ਕਿਹਾ ਕਿ ਦੁਨੀਆਂ ਦੀ ਕੋਈ ਵੀ ਤਾਕਤ ਨਵੇਂ ਯੁੱਗ ਦੀ ਉਸਾਰੀ ਲਈ ਨਵੇਂ ਇਨਕਲਾਬੀ ਸੰਗਰਾਮਾਂ ਦੀਆਂ ਲਹਿਰਾਂ ਨੂੰ ਜਿੱਤ ਭਰੀਆਂ ਮੰਜਲਾਂ ਵੱਲ ਜਾਣ ਤੋਂ ਨਹੀਂ ਰੋਕ ਸਕਦੀ। ਅਮੋਲਕ ਸਿੰਘ ਨੇ ਕੌਮੀ ਅਨਮੋਲ ਹੀਰਿਆਂ ਦੀਆਂ ਸ਼ਹਾਦਤਾਂ ਦੀ ਸ਼ਤਾਬਦੀ ਮਨਾਉਣ ਦੇ ਇਤਿਹਾਸਕ ਮੁੱਲਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੁਨੀਆਂ ਦੇ ਕਿਸੇ ਵੀ ਕੋਨੇ ਅੰਦਰ ਸਾਮਰਾਜੀ ਤਾਕਤਾਂ ਅਤੇ ਉਹਨਾਂ ਦੇ ਹਿੱਤ-ਪਾਲਕਾਂ, ਹਰ ਵੰਨਗੀ ਦੇ ਦਾਬੇ, ਲੁੱਟ, ਅਨਿਆ, ਜਾਤ-ਪਾਤ, ਫ਼ਾਸ਼ੀ ਹੱਲਿਆਂ ਨੂੰ ਜੜ੍ਹੋਂ ਖ਼ਤਮ ਕਰਕੇ ਹੀ ਅਸੀਂ ਉਹਨਾਂ ਦੇ ਹਕੀਕੀ ਵਾਰਸ ਹੋਣ ਦੇ ਝੰਡਾ ਬਰਦਾਰ ਹੋ ਸਕਦੇ ਹਾਂ। ਉਹਨਾਂ ਕਿਹਾ ਕਿ ਕਨੇਡਾ ਅਤੇ ਭਾਰਤ ਅੰਦਰ ਵਸਦੇ ਮਿਹਨਤਕਸ਼ ਲੋਕਾਂ ਦੀਆਂ ਸਮੱਸਿਆਵਾਂ ਦੀ ਤੰਦ ਸਾਂਝੀ ਹੈ। ਇਸ ਲਈ ਵਿਚਾਰਾਂ ਅਤੇ ਅਮਲ ਦੀ ਪੱਧਰ ਤੇ ਪਰਸਪਰ ਸਹਿਯੋਗ ਨੂੰ ਜਰਬਾਂ ਦੇਣਾ ਸਮੇਂ ਦੀ ਲੋੜ ਹੈ ਤਾਂ ਜੋ ਗ਼ਦਰੀ ਦੇਸ਼ ਭਗਤਾਂ ਦੇ ਉਦੇਸ਼ਾਂ ਦੀ ਪੂਰਤੀ ਲਈ ਮਾਹੌਲ ਸਿਰਜਿਆ ਜਾ ਸਕੇ।

ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਵੱਲੋਂ 1913-14 ਵਿਚ ਗ਼ਦਰ ਲਹਿਰ ਦੀ ਉਚਾਣ ਮੌਕੇ ਲਿਖੀਆਂ ਗ਼ਦਰੀ ਗੂੰਜ਼ਾਂ ਵਿਚੋਂ "ਗ਼ਦਰ ਪਾਰਟੀ ਬੀੜਾ ਚੁੱਕਿਆ ਹਿੰਦ ਅਜ਼ਾਦ ਕਰਾਵਣ ਦਾ, ਆਓ! ਸ਼ੇਰੋ ਗ਼ਦਰ ਮਚਾਈਏ ਵੇਲਾ ਨਹੀਂ ਖੁੰਜਾਵਣ ਦਾ" ਕਵੀਸ਼ਰੀ ਦਾ ਮੰਚਣ ਕੀਤਾ ਗਿਆ। ਇਸ ਪੇਸ਼ਕਾਰੀ ਵਿਚ ਕਲਾ ਮੰਚ ਦੇ ਕਲਾਕਾਰਾਂ ਕਮਲਪ੍ਰੀਤ ਪੰਧੇਰ, ਜਸ਼ਨਪ੍ਰੀਤ ਗਿੱਲ, ਜਸਵਿੰਦਰ ਜੱਸ ਅਤੇ ਨਵਕਿਰਨ ਢੁੱਡੀਕੇ ਨੇ ਭਾਗ ਲਿਆ। ਜਿਕਰਯੋਗ ਹੈ ਇਹ ਕਵੀਸ਼ੀਰੀ ਪੰਜਾਬ ਦੇ ਸਿਰਮੌਰ ਕਵੀਸ਼ਰ ਜੋਗਾ ਸਿੰਘ ਜੋਗੀ ਦੇ ਜੱਥੇ ਦੀ ਅਵਾਜ਼ ਵਿਚ ਰਿਕਾਰਡ ਹੈ। ਸੁਖਵਿੰਦਰ ਸਿੰਘ ਤੂਰ ਅਤੇ ਹਰਨੇਕ ਸਿੰਘ ਬੱਧਨੀ ਵੱਲੋਂ ਆਪਣੀਆਂ ਭਾਵਪੂਰਤ ਰਚਨਾਵਾਂ ਨਾਲ ਹਾਜ਼ਰੀ ਲਵਾਈ ਗਈ। ਮਾਸਟਰ ਭਜਨ ਸਿੰਘ ਵੱਲੋਂ ਲੇਖਕ ਜਸਵੰਤ ਸਿੰਘ ਜ਼ਫ਼ਰ ਦੇ ਲੜਕੇ ਵਿਵੇਕ ਅਤੇ ਜਗਜੀਤ ਸਿੰਘ ਅਨੰਦ ਦੀ ਬੇਵਕਤੀ ਮੌਤ ਤੇ ਸ਼ੋਕ ਮਤਾ ਪੜਿਆ ਗਿਆ। ਐਕਸ ਸਰਵਿਸ ਮੈਨ ਸੁਸਾਇਟੀ ਦੇ ਪ੍ਰਧਾਨ ਹਰਗੁਰਜੀਤ ਸਿੰਘ ਮਿਨਾਹਸ ਵੱਲੋਂ ਸਟੇਜ ਤੋਂ ਆਪਣੇ ਵਿਚਾਰ ਪੇਸ਼ ਕੀਤੇ ਗਏ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਨ ਸਿੰਘ ਨੇ ਸਭ ਹਾਜ਼ਰੀਨ ਅਤੇ ਐਕਸ ਸਰਵਿਸ ਮੈਨ ਸੁਸਾਇਟੀ ਦੇ ਕਮੇਟੀ ਮੈਂਬਰਾ ਦਾ ਅੱਜ ਦੇ ਸਮਾਗਮ ਵਿਚ ਸਹਿਯੋਗ ਲਈ ਧੰਨਵਾਦ ਕੀਤਾ। ਐਸੋਸੀਏਸ਼ਨ ਦੀ ਅਗਲੀ ਮੀਟਿੰਗ ਅਗਸਤ ਦੇ ਪਹਿਲੇ ਐਤਵਾਰ ਹੋਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ 403-455-4220 ਜਾਂ ਪ੍ਰੋ.ਗੋਪਾਲ ਜੱਸਲ ਨਾਲ 403-970-3588 ਤੇ ਸਪੰਰਕ ਕੀਤਾ ਜਾ ਸਕਦਾ ਹੈ।

FOR ALL YOUR REAL ESTATE NEEDS
Contact Long time trusted name in the community
MLS MULTIPLE LISTING SERVICE
Gurbachan Singh Brar
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਸੰਪਾਦਕ ਦੀ ਕੈਨੇਡਾ ਫੇਰੀ ਬਾਰੇ ਇਕ ਸੰਖੇਪ ਰਿਪੋਰਟ





ਸੁਲਗਦੇ ਪਿੰਡ ਦੇ ਸੰਪਾਦਕ ਵਲੋਂ 17 ਅਪ੍ਰੈਲ ਤੋਂ 20 ਮਈ ਤਕ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਅਗਾਂਹਵਧੂ, ਜਮਹੂਰੀ ਸੰਸਥਾਵਾਂ ਦੇ ਸਮਾਗਮਾਂ ਵਿਚ ਹਿਸਾ ਲਿਆ ਗਿਆ। ਇਹ ਪ੍ਰੋਗਰਾਮ ਬ੍ਰਿਟਿਸ਼ ਕੋਲੰਬੀਆ ਤੋਂ ਛਪਦੇ ਮਾਸਿਕ ਅਗਾਂਹਵਧੂ ਰਸਾਲੇ ਰੈਡੀਕਲ ਦੇਸੀ ਅਤੇ ਮਹਿਕ ਪੰਜਾਬ ਦੀ ਟੀ.ਵੀ. ਪ੍ਰੋਗਰਾਮ ਵਲੋਂ ਸਾਂਝੇ ਤੌਰ 'ਤੇ ਉਲੀਕਿਆ ਗਿਆ ਸੀ। ਪ੍ਰੋਗਰਾਮਾਂ ਦੀ ਲੜੀ ਦਾ ਆਗਾਜ਼ ਦੋਵਾਂ ਅਦਾਰਿਆਂ ਵਲੋਂ 19 ਅਪ੍ਰੈਲ ਨੂੰ ਸਰੀ ਵਿਚ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਨੂੰ ਸਮਰਪਿਤ ਮੁੱਖ ਪ੍ਰੋਗਰਾਮ ਤੋਂ ਕੀਤਾ ਗਿਆ ਜਿਸ ਵਿਚ ਅਗਾਂਹਵਧੂ ਕਵੀ ਦਰਬਾਰ ਅਤੇ ਸੈਮੂਅਲ ਜੌਹਨ ਦਾ ਨਾਟਕ ਵੀ ਕਰਵਾਇਆ ਗਿਆ। ਮੁੱਖ ਵਕਤਾ ਵਜੋਂ ਬੂਟਾ ਸਿੰਘ ਵਲੋਂ ਅੰਗਰੇਜ਼ੀ ਰਾਜ ਹੇਠ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਅਤੇ ਆਜ਼ਾਦੀ ਦੀ ਜੱਦੋਜਹਿਦ ਦੇ ਬਸਤੀਵਾਦੀ ਦਮਨ ਤੋਂ ਲੈ ਕੇ 1947 ਦੀ ਸੱਤਾਬਦਲੀ ਤੋਂ ਬਾਦ 'ਆਜ਼ਾਦ' ਹਿੰਦੁਸਤਾਨ ਦੀ ਦਮਨ ਦੀ ਨੀਤੀ ਅਤੇ ਦੱਬੇਕੁਚਲੇ ਅਵਾਮ ਵਲੋਂ ਇਸ ਦੇ ਖ਼ਿਲਾਫ਼ ਟਾਕਰੇ ਤੇ ਹੱਕ-ਜਤਾਈ ਬਾਰੇ ਵਿਸਤਾਰ 'ਚ ਆਪਣੇ ਵਿਚਾਰ ਪੇਸ਼ ਕੀਤੇ ਗਏ। ਰੈਡੀਕਲ ਦੇਸੀ ਦੇ ਸੰਪਾਦਕ ਅਤੇ ਮਸ਼ਹੂਰ ਰੇਡੀਓ ਹੋਸਟ ਗੁਰਪ੍ਰੀਤ ਸਿੰਘ, ਮਹਿਕ ਪੰਜਾਬ ਦੀ ਟੀ.ਵੀ. ਪ੍ਰੋਗਰਾਮ ਦੇ ਸੰਚਾਲਕ ਕਮਲਜੀਤ ਸਿੰਘ ਥਿੰਦ, ਨਸਲਵਾਦ ਵਿਰੋਧੀ ਕਾਰਕੁੰਨ ਹਰਿੰਦਰ ਮਾਹਲ ਵਲੋਂ ਇਸ ਮੌਕੇ 'ਤੇ ਕੈਨੇਡਾ ਅਤੇ ਦੁਨੀਆ ਵਿਚ ਜਮਹੂਰੀ ਹੱਕਾਂ ਉਪਰ ਵਧ ਰਹੇ ਹਮਲਿਆਂ ਬਾਰੇ ਉਚੇਚੀ ਚਰਚਾ ਕੀਤੀ ਗਈ।

ਇਸ ਪ੍ਰਭਾਵਸ਼ਾਲੀ ਸਮਾਗਮ ਤੋਂ ਅੱਗੇ ਮਹੀਨਾ ਭਰ ਵੱਖ-ਵੱਖ ਰੂਪਾਂ ਵਿਚ ਚਰਚਾਵਾਂ ਦਾ ਸਿਲਸਿਲਾ ਚਲਿਆ। ਇਸ ਤਹਿਤ 3 ਮਈ ਨੂੰ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਮਾਸਟਰ ਭਜਨ ਸਿੰਘ ਗਿੱਲ ਹੋਰਾਂ ਦੇ ਉੱਦਮ ਨਾਲ ਇੰਕਾ ਸੀਨੀਅਰ ਸੋਸਾਇਟੀ ਕੈਲਗਰੀ ਵਿਖੇ 'ਭਾਰਤ ਅਤੇ ਜਮਹੂਰੀ ਹੱਕ' ਵਿਸ਼ੇ ਉਪਰ ਵਿਚਾਰ-ਚਰਚਾ ਕੀਤੀ ਗਈ ਜਿਸ ਵਿਚ ਸੁਗਲਦੇ ਪਿੰਡ ਦੇ ਸੰਪਾਦਕ ਦੇ ਨਾਲ-ਨਾਲ ਮਾਸਟਰ ਭਜਨ ਸਿੰਘ ਗਿੱਲ, ਕਮਲਪ੍ਰੀਤ ਕੌਰ ਪੰਧੇਰ ਆਦਿ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਸੰਪਾਦਕ ਵਲੋਂ ਹਿੰਦੁਸਤਾਨ ਦੇ ਹਾਲਾਤ ਬਾਰੇ ਸਰੋਤਿਆਂ ਵਲੋਂ ਉਠਾਏ ਸਵਾਲ ਅਤੇ ਨੁਕਤੇ ਤਫ਼ਸੀਲ ਨਾਲ ਸਪਸ਼ਟ ਕੀਤੇ ਗਏ। ਇਹ ਇਕ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਸੀ।

ਗ਼ਦਰੀ ਦੇਸ਼ਭਗਤਾਂ ਵਲੋਂ ਐਬਸਫੋਰਡ ਵਿਚ ਬਣਾਏ ਇਤਿਹਾਸਕ ਗੁਰਦੁਆਰਾ ਵਿਖੇ ਮਸ਼ਹੂਰ ਪੱਤਰਕਾਰ ਤੇ ਰੇਡੀਓ ਹੋਸਟ ਡਾ. ਗੁਰਵਿੰਦਰ ਸਿੰਘ ਧਾਲੀਵਾਲ ਦੇ ਉਦਮ ਨਾਲ ਸਾਹਿਤ ਸਭਾ ਐਬਸਫੋਰਡ ਵਲੋਂ ਵਿਚਾਰ-ਚਰਚਾ ਕਰਵਾਈ ਗਈ, ਜਿਸ ਵਿਚ ਮੁੱਖ ਵਕਤਾ ਬੂਟਾ ਸਿੰਘ ਸੀ। ਉਸ ਦੇ ਨਾਲ-ਨਾਲ ਇਸ ਸਮਾਗਮ ਵਿਚ ਡਾ. ਰਘੁਬੀਰ ਸਿੰਘ ਸਿਰਜਣਾ ਅਤੇ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਕੇ ਵਿਸ਼ੇ ਉਪਰ ਆਪਣੇ ਵਿਚਾਰ ਰੱਖੇ। ਇਥੇ ਗ਼ਦਰ ਲਹਿਰ ਬਾਰੇ ਛਪੀ ਨਵੀਂ ਬਹੁਤ ਹੀ ਅਹਿਮ ਕਿਤਾਬ 'ਸੁਪਨ-ਸੰਸਾਰ ਲਈ ਹੱਜ' (ਅਨੁਵਾਦ ਬੂਟਾ ਸਿੰਘ) ਲੋਕ-ਅਰਪਣ ਕੀਤੀ ਗਈ।

2 ਮਈ ਨੂੰ ਐਡਮਿੰਟਨ (ਐਲਬਰਟਾ) ਵਿਚ ਕਸ਼ਮੀਰ ਸਿੰਘ ਮੰਢਾਲੀ ਅਤੇ ਡਾ. ਪ੍ਰਿਥਵੀਰਾਜ ਕਾਲੀਆ ਦੀ ਪਹਿਲਕਦਮੀਂ ਨਾਲ ਭਰਵੀਂ ਵਿਚਾਰ-ਚਰਚਾ ਜਥੇਬੰਦ ਕੀਤੀ ਗਈ ਜਿਸ ਵਿਚ ਐਡਮਿੰਟਨ ਦੀਆਂ ਅਗਾਂਹਵਧੂ ਸਾਹਿਤਕ ਸ਼ਖਸੀਅਤਾਂ ਅਤੇ ਕਾਰਕੁੰਨਾਂ ਨੇ ਹਿੱਸਾ ਲਿਆ।

ਬਰੈਂਪਟਨ (ਓਨਟਾਰੀਓ) ਦੇ ਸੈਂਚਰੀ ਗਾਰਡਨ ਰੀਕ੍ਰੀਏਸ਼ਨ ਸੈਂਟਰ ਵਿਚ ਅਦਾਰਾ ਸਰੋਕਾਰਾਂ ਦੀ ਆਵਾਜ਼ ਵਲੋਂ 10 ਮਈ ਨੂੰ ਭਾਰਤ ਦੇ ਹਾਲਾਤ ਅਤੇ ਜਮਹੂਰੀ ਹੱਕ ਮਜ਼ਮੂਨ ਉਪਰ ਪ੍ਰਭਾਵਸ਼ਾਲੀ ਸਮਾਗਮ ਜਥੇਬੰਦ ਕੀਤਾ ਗਿਆ। ਜਿਸ ਵਿਚ ਬੂਟਾ ਸਿੰਘ ਨੇ ਮੁੱਖ ਵਕਤਾ ਵਜੋਂ ਵਿਸਤਾਰ 'ਚ ਆਪਣੇ ਵਿਚਾਰ ਪੇਸ਼ ਕੀਤੇ। ਸਰੋਕਾਰਾਂ ਦੀ ਆਵਾਜ਼ ਦੇ ਸੰਪਾਦਕ ਹਰਬੰਸ ਸਿੰਘ, ਪਰੋ-ਪੀਪਲ ਮੀਡੀਆ ਦੇ ਪ੍ਰਧਾਨ ਦਵਿੰਦਰ ਤੂਰ ਤੋਂ ਇਲਾਵਾ ਹੋਰ ਬੁਲਾਰਿਆਂ ਵਲੋਂ ਵਧ ਰਹੇ ਜਬਰ, ਖ਼ਾਸ ਕਰਕੇ ਕੈਨੇਡਾ ਵਿਚ ਹਾਰਪਰ ਸਰਕਾਰ ਦੀ ਤਰਫ਼ੋਂ ਅਮਰੀਕਾ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਲਿਆਂਦੇ ਗਏ ਦਹਿਸ਼ਤਵਾਦ ਵਿਰੋਧੀ ਕਾਨੂੰਨ ਸੀ-51 ਅਤੇ ਹੋਰ ਜਾਬਰ ਤੇ ਲੋਕ ਵਿਰੋਧੀ ਕਦਮਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਜਾਣੀ-ਪਛਾਣੀਂ ਸ਼ਖਸੀਅਤ ਨਾਹਰ ਔਜਲਾ ਅਤੇ ਅਵਤਾਰ ਔਜਲਾ ਦੀ ਟੀਮ ਵਲੋਂ ਬਹੁਤ ਹੀ ਪ੍ਰਭਾਵਸ਼ਾਲੀ ਨਾਟਕ 'ਜਿਊਂਦਾ-ਜਾਗਦਾ ਬੁੱਤ' ਅਤੇ ਨੌਜਵਾਨਾਂ ਵਲੋਂ ਗੀਤ ਪੇਸ਼ ਕੀਤੇ ਗਏ।

15 ਮਈ ਨੂੰ ਈਸਟ ਇੰਡੀਆ ਡਿਫੈਂਸ ਕਮੇਟੀ ਕੈਨੇਡਾ ਵਲੋਂ ਪ੍ਰਾਗਰੈਸਿਵ ਕਲਚਰਲ ਸੈਂਟਰ ਵਿਖੇ ਵਿਚਾਰ-ਚਰਚਾ ਕਰਵਾਈ ਗਈ। ਜਿਸ ਵਿਚ ਮੁੱਖ ਵਕਤਾ ਨਾਲ ਕਮੇਟੀ ਦੇ ਪ੍ਰਮੁੱਖ ਆਗੂਆਂ ਹਰਭਜਨ ਚੀਮਾ, ਪਰਮਿੰਦਰ ਕੌਰ ਸਵੈਚ, ਮਲਕੀਤ ਸਵੈਚ, ਕਿਰਪਾਲ ਬੈਂਸ, ਸੰਤੋਖ ਸਿੰਘ ਢੇਸੀ ਅਤੇ ਹੋਰ ਆਗੂਆਂ ਵਲੋਂ ਸਵਾਲ-ਸੰਵਾਦ ਕੀਤਾ ਗਿਆ।

17 ਮਈ ਨੂੰ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵਲੋਂ ਅਵਤਾਰ ਸਿੰਘ ਗਿੱਲ ਹੋਰਾਂ ਦੇ ਉੱਦਮ ਨਾਲ ਪ੍ਰਾਗਰੈਸਿਵ ਕਲਚਰਲ ਸੈਂਟਰ ਵਿਚ ਵਿਚਾਰ-ਚਰਚਾ ਆਯੋਜਤ ਕੀਤੀ

**(ਬਾਕੀ ਸਫ਼ਾ 27 'ਤੇ)**


FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates



urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION Applications for Family Class and APPEALS, Skilled Workers, Investors, Refugee Claims
REAL ESTATE Buying and Selling Commercial and Residential Land Development Condominium Projects WILLS & ESTATE CRIMINAL LAW
SMALL BUSINESS Buying and Selling Franchises, Shareholder Agreements and Incorporations FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਦੀਨਾਨਗਰ "ਦਹਿਸ਼ਤਗਰਦ" ਹਮਲੇ 'ਚੋਂ ਉੱਠਦੇ ਸਵਾਲ

**ਵਿਸ਼ੇਸ਼ ਪ੍ਰਤੀਨਿਧ**


27 ਜੁਲਾਈ ਦੀ ਸਵੇਰ ਨੂੰ ਹਥਿਆਰਬੰਦ ਬੰਦਿਆਂ ਦੇ ਇਕ ਗਰੁੱਪ ਨੇ ਗੁਰਦਾਸਪੁਰ ਜ਼ਿਲ੍ਹੇ ਦੇ ਦੀਨਾਨਗਰ ਸ਼ਹਿਰ ਵਿਚ ਦਾਖ਼ਲ ਹੋ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਥਾਣੇ 'ਤੇ ਹਮਲਾ ਕਰਕੇ ਉਥੇ ਕਬਜ਼ਾ ਕਰ ਲਿਆ। ਸਰਕਾਰੀ ਰਿਪੋਰਟਾਂ ਅਨੁਸਾਰ ਗਿਆਰਾਂ ਘੰਟੇ ਚੱਲੀ ਕਾਰਵਾਈ ਵਿਚ ਤਿੰਨ "ਦਹਿਸ਼ਤਗਰਦਾਂ" ਨੂੰ ਮਾਰਕੇ ਪੰਜਾਬ ਪੁਲਿਸ ਨੇ ਫ਼ੌਜ ਦੀ ਮਦਦ ਨਾਲ ਅੱਤਵਾਦ ਵਿਰੋਧੀ ਮੋਰਚਾ ਫ਼ਤਹਿ ਕਰ ਲਿਆ। ਫ਼ਤਹਿ ਦੇ ਜਸ਼ਨਾਂ ਵਿਚ ਧਰਮਨਿਰਪੱਖ ਰਾਜ ਦੀ ਪੰਜਾਬ ਪੁਲਿਸ "ਬੋਲੇ ਸੋ ਨਿਹਾਲ" ਦੇ ਜੈਕਾਰੇ ਲਾਉਣੀ ਵੀ ਨਹੀਂ ਭੁੱਲੀ। ਪੁਲਿਸ ਅਧਿਕਾਰੀਆਂ ਅਤੇ ਨਿਹੱਥੇ ਸ਼ਹਿਰੀਆਂ ਸਮੇਤ ਇਕ ਦਰਜਨ ਇਨਸਾਨਾਂ ਦੀਆਂ ਜਾਨਾਂ ਲੈਣ ਵਾਲੀ ਇਸ ਹਥਿਆਰਬੰਦ ਟੋਲੀ ਪਿੱਛੇ ਕਿਸਦਾ ਹੱਥ ਹੈ ਇਸ ਬਾਰੇ ਅਜੇ ਕਿਸੇ ਸਿੱਟੇ ਉਪਰ ਪਹੁੰਚਣਾ ਸੰਭਵ ਨਹੀਂ। ਹਰ ਕਾਰਵਾਈ ਪਿੱਛੇ ਗੁਆਂਢੀ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐੱਸ.ਆਈ. ਦਾ ਹੱਥ ਹੋਣ ਦਾ ਤੈਅਸ਼ੁਦਾ ਸਟੈਂਡਰਡ ਫ਼ਤਵਾ ਹਿੰਦੂਤਵੀ ਕੇਂਦਰ ਸਰਕਾਰ ਨੇ ਫਟਾਫਟ ਜਾਰੀ ਕਰ ਦਿੱਤਾ। ਪੰਜਾਬ ਦੇ ਮੁੱਖਮੰਤਰੀ ਨੇ ਵੀ ਇਸ ਨੂੰ ਸਰਹੱਦ ਪਾਰਲੇ ਦਹਿਸ਼ਤਗਰਦਾਂ ਦੀ ਕਾਰਵਾਈ ਕਰਾਰ ਦੇ ਕੇ ਕੰਮ ਨਿਬੇੜ ਦਿੱਤਾ ਅਤੇ ਨਾਲ ਹੀ ਇਸ ਨੂੰ "ਕੌਮੀ ਸਮੱਸਿਆ" ਦੱਸਕੇ ਇਸ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਦਿੱਤਾ ਜਿਸ ਵਲੋਂ ਸਰਹੱਦ ਨੂੰ ਸਹੀ ਤਰੀਕੇ ਨਾਲ ਸੀਲ ਨਾ ਕੀਤੇ ਜਾਣ ਕਾਰਨ "ਦਹਿਸ਼ਤਗਰਦ" ਪੁਰਅਮਨ ਪੰਜਾਬ ਵਿਚ ਆ ਘੁਸੇ। ਹੁਣ ਅਗਲੇ ਦਿਨਾਂ 'ਚ ਇਸ ਬਾਰੇ ਨਵੇਂ "ਇੰਕਸ਼ਾਫ਼" ਹੁੰਦੇ ਰਹਿਣਗੇ ਅਤੇ ਖ਼ੁਫ਼ੀਆ ਏਜੰਸੀਆਂ ਸਬੂਤ ਜੁਟਾਉਣਗੀਆਂ ਕਿ ਇਸ ਪਿੱਛੇ ਕਿਵੇਂ ਗੁਆਂਢੀ ਮੁਲਕ ਦਾ ਹੀ ਹੱਥ ਸੀ।

ਇਸ ਮੁਲਕ ਵਿਚ ਦਹਿਸ਼ਤਗਰਦ ਹਮਲਿਆਂ, ਖ਼ਾਸ ਕਰਕੇ ਬੀ.ਜੇ.ਪੀ. ਦੇ ਰਾਜ ਦੌਰਾਨ, ਦੇ ਪਿਛਲੇ ਇਤਿਹਾਸ ਦੇ ਮੱਦੇਨਜ਼ਰ ਇਹ ਹਮਲਾ ਵੀ ਅਟੱਲ ਸਵਾਲਾਂ ਦੇ ਘੇਰੇ 'ਚ ਹੈ। ਜੰਮੂ-ਕਸ਼ਮੀਰ ਦੇ ਪਿੰਡ ਚਿੱਠੀਸਿੰਘ ਪੁਰਾ ਵਿਚ ਤਿੰਨ ਦਰਜਨ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਹਮਲਾਵਰ ਵੀ ਫ਼ੌਜ ਦੀਆਂ ਵਰਦੀਆਂ 'ਚ ਸਰਹੱਦ ਪਾਰਲੇ "ਦਹਿਸ਼ਤਗਰਦ" ਦੱਸੇ ਗਏ ਸਨ। ਕੁਝ ਦਿਨ ਬਾਦ ਹਿੰਦੁਸਤਾਨੀ ਫ਼ੌਜ ਨੇ ਉਨ੍ਹਾਂ ਨੂੰ "ਮੁਕਾਬਲੇ" ਵਿਚ ਮਾਰ ਮੁਕਾਇਆ ਸੀ। ਪਰ ਬਾਦ ਵਿਚ ਭੇਤ ਖੁੱਲ੍ਹਿਆ ਕਿ ਉਹ ਤਾਂ ਫ਼ੌਜ ਵਲੋਂ ਫੜ੍ਹਕੇ ਮਾਰੇ ਆਮ ਪੇਂਡੂ ਸਨ ਜਿਸ ਦੀ ਤਸਦੀਕ ਉਨ੍ਹਾਂ ਦੇ ਡੀ ਐੱਨ ਏ ਟੈਸਟਾਂ ਤੋਂ ਹੋ ਗਈ ਸੀ। ਓਦੋਂ ਵੀ ਇਹ ਸਵਾਲ ਉੱਠਿਆ ਸੀ ਕਿ ਉਹ ਘਿਣਾਉਣੀ ਕਾਰਵਾਈ ਦਰਅਸਲ ਹਿੰਦੂਤਵੀ ਸਰਕਾਰ ਦੇ ਇਸ਼ਾਰੇ 'ਤੇ ਹਿੰਦੁਸਤਾਨੀ ਫ਼ੌਜ ਅਤੇ ਖ਼ੁਫ਼ੀਆ ਏਜੰਸੀਆਂ ਦਾ ਕੰਮ ਸੀ। ਇਹ ਵੀ ਯਾਦ ਰੱਖਣਾ ਹੋਵੇਗਾ ਕਿ ਬਿੱਲ ਕਲਿੰਟਨ ਦੀ ਫੇਰੀ ਤੋਂ ਐਨ ਪਹਿਲਾਂ ਕੀਤੇ ਗਏ




ਇਸ ਕਤਲੇਆਮ ਪਿੱਛੇ ਤਤਕਾਲੀ ਭਾਜਪਾ ਸਰਕਾਰ ਦਾ ਮਨੋਰਥ ਪਾਕਿਸਤਾਨ ਨੂੰ ਬਦਨਾਮ ਕਰਨਾ ਸੀ। ਪਰ ਬਿੱਲ ਕਲਿੰਟਨ ਪ੍ਰਸ਼ਾਸਨ ਨੇ ਓਦੋਂ ਇਕ ਹੋਰ ਅੰਦਾਜ਼ਾ ਵੀ ਲਗਾਇਆ ਸੀ ਜੋ ਸ਼ਾਇਦ ਹਕੀਕਤ ਦੇ ਸਭ ਤੋਂ ਨੇੜੇ ਸਨ। ਉਨ੍ਹਾਂ ਨੂੰ ਸ਼ੱਕ ਸੀ ਕਿ ਇਹ ਫ਼ੌਜ ਦੀਆਂ ਵਰਦੀਆਂ ਵਿਚ ਆਰ.ਐੱਸ.ਐੱਸ. ਦੇ ਕਾਡਰਾਂ ਦਾ ਕੰਮ ਸੀ। ਇਸ ਦਾ ਖ਼ੁਲਾਸਾ ਬਾਕਾਇਦਾ ਇਕ ਕਿਤਾਬ ਵਿਚ ਵੀ ਕੀਤਾ ਗਿਆ ਸੀ। ਇਸੇ ਤਰ੍ਹਾਂ, ਪਾਰਲੀਮੈਂਟ ਹਮਲੇ ਬਾਰੇ ਅੱਜ ਤਕ ਤੱਥਾਂ ਅਤੇ ਸਬੂਤਾਂ ਸਹਿਤ ਇਹ ਸਾਬਤ ਨਹੀਂ ਕੀਤਾ ਜਾ ਸਕਿਆ ਕਿ ਇਹ "ਪਾਕਿਸਤਾਨ ਦੇ ਇਸ਼ਾਰੇ 'ਤੇ ਦਹਿਸ਼ਤਗਰਦ ਹਮਲਾ" ਸੀ ਜਿਵੇਂ ਕਿ ਦਾਅਵਾ ਕੀਤਾ ਗਿਆ। ਹਾਲਾਂਕਿ "ਰਾਸ਼ਟਰ ਦੀ ਸਮੂਹਿਕ ਭਾਵਨਾ" ਨੂੰ ਸ਼ਾਂਤ ਕਰਨ ਲਈ ਹਿੰਦੁਸਤਾਨੀ ਨਿਆਂ ਪ੍ਰਣਾਲੀ ਵਲੋਂ ਇਕ ਬੇਕਸੂਰ ਕਸ਼ਮੀਰੀ ਅਫ਼ਜ਼ਲ ਗੁਰੂ ਨੂੰ ਫਰਵਰੀ 2013 'ਚ ਕਾਂਗਰਸ ਸਰਕਾਰ ਵਲੋਂ ਫਾਹੇ ਵੀ ਲਾਇਆ ਜਾ ਚੁੱਕਾ ਹੈ। ਮਾਲੇਗਾਓਂ ਅਤੇ ਮਹਾਂਰਾਸ਼ਟਰ ਵਿਚ ਹੋਏ ਹੋਰ ਬੰਬ ਧਮਾਕਿਆਂ ਲਈ ਵੀ ਮੁਸਲਮਾਨਾਂ ਦਹਿਸ਼ਤਗਰਦਾਂ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਸੀ। ਉਸ ਮਾਮਲੇ 'ਚ ਦਰਜਨਾਂ ਬੇਕਸੂਰ ਮੁਸਲਮਾਨ ਨੌਜਵਾਨਾਂ ਨੂੰ ਤਸੀਹੇ ਝੱਲਦਿਆਂ ਕਈ ਕਈ ਸਾਲ ਜੇਲ੍ਹਾਂ ਵਿਚ ਗੁਜ਼ਾਰਨੇ ਪਏ। ਉਸ ਮਾਮਲੇ ਦੀ ਤਹਿ 'ਚ ਪਹੁੰਚਣ ਦੀ ਕੋਸ਼ਿਸ਼ ਕਰਦਾ ਪੁਲਿਸ ਅਧਿਕਾਰੀ ਮਿਸਟਰ ਕਰਕਰੇ









ਖ਼ੁਦ ਹੀ ਗੋਲੀਆਂ ਦਾ ਨਿਸ਼ਾਨਾ ਬਣ ਗਿਆ ਸੀ। ਉਸ ਨੂੰ ਸ਼ੱਕੀ ਹਾਲਤ 'ਚ ਕਤਲ ਕਰ ਦਿੱਤਾ ਗਿਆ ਸੀ ਕਿਉਂਕਿ ਉਸਦੀ ਜਾਂਚ ਕਹਿ ਰਹੀ ਸੀ ਕਿ ਉਹ ਕਾਰਾ ਹਿੰਦੂਤਵੀ ਦਹਿਸ਼ਤਗਰਦਾਂ ਦਾ ਸੀ ਜਿਸ ਦੀਆਂ ਤਾਰਾਂ ਵੱਡੇ ਹਿੰਦੂਤਵੀ ਆਗੂ ਪ੍ਰਵੀਨ ਤੋਗੜੀਆ ਨਾਲ ਜੁੜੀਆਂ ਹੋਈਆਂ ਸਨ। ਕਰਕਰੇ ਨੇ ਕਈ ਘਿਨਾਉਣੇ ਚਿਹਰੇ ਸਾਹਮਣੇ ਵੀ ਲਿਆਂਦੇ। ਇਕ ਹੋਰ ਵੱਡੇ ਕਾਂਡ ਮੁੰਬਈ ਵਿਚ ਦਹਿਸ਼ਤਗਰਦ ਹਮਲੇ ਦੀ ਪ੍ਰਮਾਣਿਕਤਾ ਬਾਰੇ ਸਵਾਲ ਅਜੇ ਤੱਕ ਬੇਹੱਲ ਪਏ ਹਨ। ਜਿਨ੍ਹਾਂ ਦੇ ਜਵਾਬ ਦੇਣ ਅਤੇ ਜਾਂਚ ਕਰਾਉਣ ਦੀ ਥਾਂ ਸਰਕਾਰਾਂ ਨੇ ਖ਼ਾਮੋਸ਼ੀ ਧਾਰੀ ਰੱਖੀ ਹੈ।

ਹੁਣ ਯਾਕੂਬ ਮੈਨਨ ਨੂੰ ਫਾਂਸੀ ਦੇਣ ਦੀ ਤਿਆਰੀ ਦੇ ਮੌਕੇ 'ਤੇ ਅਤੇ ਪੰਜਾਬ ਵਿਚ ਸਿੱਖ ਬੰਦੀਆਂ ਦੀ ਰਿਹਾਈ ਲਈ ਚੱਲ ਰਹੇ ਪੁਰਅਮਨ ਸੰਘਰਸ਼ ਦੌਰਾਨ ਅਜਿਹੇ ਹਮਲੇ ਨੂੰ ਵੀ ਬਾਰੀਕੀ ਨਾਲ ਘੋਖਣ ਦੀ ਜ਼ਰੂਰਤ ਹੈ। ਕੀ ਇਸ ਪਿੱਛੇ ਮੁਸਲਿਮ "ਦਹਿਸ਼ਤਗਰਦਾਂ" ਦਾ ਹੱਥ ਹੈ ਜੋ ਅਜਿਹਾ ਇਕ ਹੋਰ ਮੁਸਲਮਾਨ ਯਾਕੂਬ ਮੈਮਨ ਨੂੰ ਫਾਹੇ ਲਾਉਣ ਦੇ ਐਲਾਨ ਤੋਂ ਭੜਕਕੇ ਅਜਿਹਾ ਕਰ ਸਕਦੇ ਹਨ? ਕੀ ਇਸ ਪਿੱਛੇ ਹਿੰਦੁਤਵੀ ਸਰਕਾਰ ਦਾ ਹੱਥ ਹੈ ਜੋ ਯਾਕੂਬ ਮੈਮਨ ਦੀ ਨਜਾਇਜ਼ ਫਾਂਸੀ ਵਿਰੁੱਧ ਉੱਠ ਰਹੀ ਵਿਰੋਧ ਦੀ ਆਵਾਜ਼ ਨੂੰ ਕਮਜ਼ੋਰ ਕਰਨ ਅਤੇ ਯਾਕੂਬ ਦੀ ਫਾਂਸੀ ਦੇ ਹੱਕ 'ਚ ਜਜ਼ਬਾਤੀ ਮਾਹੌਲ ਬਣਾਉਣ ਲਈ ਅਜਿਹੇ ਕਾਂਡ ਨੂੰ ਅੰਜਾਮ ਦਿਵਾ ਸਕਦੀ ਹੈ? ਸਵਾਲ ਇਹ ਵੀ ਹੈ ਕਿ ਕਸ਼ਮੀਰ ਵਿਚ ਫ਼ੌਜ ਅਤੇ ਸੁਰੱਖਿਆ ਤਾਕਤਾਂ ਦੀ ਵਿਆਪਕ ਮੁਸਤੈਦੀ, ਸਰਹੱਦ ਉਪਰ ਬੀ.ਐੱਸ.ਐੱਫ. ਵਲੋਂ ਲਗਾਤਾਰ ਨਜ਼ਰਸਾਨੀ ਦੇ ਬਾਵਜੂਦ ਇਹ "ਦਹਿਸ਼ਤਗਰਦ" ਹਿੰਦੁਸਤਾਨ ਵਿਚ ਕਿਵੇਂ ਦਾਖ਼ਲ ਹੋ ਗਏ? ਪਠਾਨਕੋਟ ਵਿੱਚੋਂ ਦੀ ਹੋ ਕੇ ਆਉਂਦਿਆਂ ਉਨ੍ਹਾਂ ਨੇ ਐਨੀ ਦੂਰ ਦੀਨਾਨਗਰ ਕਸਬੇ ਨੂੰ ਹੀ ਹਮਲੇ ਲਈ ਕਿਉਂ ਚੁਣਿਆ? ਉਹ ਦੀਨਾਨਗਰ ਤਕ ਕਿਵੇਂ ਪਹੁੰਚੇ? ਜੇ ਉਨ੍ਹਾਂ ਦਾ ਮਨੋਰਥ ਦਹਿਸ਼ਤ ਪਾਉਣਾ ਸੀ ਇਸ ਖ਼ਾਤਰ ਤਾਂ ਉਹ ਆਮ ਨਿਹੱਥੇ ਲੋਕਾਂ ਨੂੰ ਵੱਡੇ ਪੱਧਰ 'ਤੇ ਨਿਸ਼ਾਨਾ ਬਣਾ ਸਕਦੇ ਸਨ ਜਾਂ ਆਮ ਲੋਕਾਂ ਨੂੰ ਯਰਗਮਾਲ ਬਣਾਕੇ ਥਾਣੇ ਉਪਰ ਅਸਾਨੀ ਨਾਲ ਹੀ ਕਬਜ਼ਾ ਕਰ ਸਕਦੇ ਸਨ? ਉਨ੍ਹਾਂ ਨੇ ਥਾਣੇ ਉਪਰ ਸਿੱਧਾ ਕਬਜ਼ਾ ਕਰਨ ਦਾ ਢੰਗ ਹੀ ਕਿਉਂ ਚੁਣਿਆ? ਪੁਲਿਸ ਅਤੇ ਫ਼ੌਜ ਨੇ ਉਨ੍ਹਾਂ ਨੂੰ ਮੁਕਾਬਲੇ 'ਚ ਮਾਰਨਾ ਹੀ ਕਿਉਂ ਜ਼ਰੂਰੀ ਸਮਝਿਆ? ਉਨ੍ਹਾਂ ਨੂੰ ਜਿਊਂਦੇ ਫੜਨ ਦੀ ਕੋਸ਼ਿਸ਼ ਕਿਉਂ ਨਹੀਂ ਕੀਤੀ ਗਈ ਜਿਸ ਨਾਲ ਉਨ੍ਹਾਂ ਦੀ ਅਸਲ ਸ਼ਨਾਖ਼ਤ ਅਤੇ ਉਨ੍ਹਾਂ ਪਿੱਛੇ ਕੰਮ ਕਰਦੀਆਂ ਤਾਕਤਾਂ ਦਾ ਪਰਦਾਫਾਸ਼ ਹੋਣਾ ਸੀ? ਚਾਰ ਤੋਂ ਸ਼ੁਰੂ ਹੋ ਕੇ ਇਕ ਔਰਤ ਸਮੇਤ ਪੰਦਰਾਂ ਦਹਿਸ਼ਤਗਰਦ ਆਖ਼ਿਰ ਤਿੰਨ ਕਿਵੇਂ ਰਹਿ ਗਏ? ਬਾਕੀ ਕਿਥੇ ਗਏ?

ਇਸ ਲਈ ਸ਼ਾਤਰ ਹੁਕਮਰਾਨਾਂ ਦੀ ਸੁਰ 'ਚ ਸੁਰ ਮਿਲਾਕੇ ਦਹਿਸ਼ਤਗਰਦੀ ਦੀ ਨਿਖੇਧੀ ਕਰਨ ਤੋਂ ਪਹਿਲਾਂ ਜ਼ਰੂਰੀ ਹੈ ਇਨ੍ਹਾਂ ਸਵਾਲਾਂ ਨੂੰ ਜ਼ਿਹਨ 'ਚ ਰੱਖਕੇ ਸੋਚ-ਵਿਚਾਰ ਕਰਨਾ। ਫਾਂਸੀਆਂ ਦੀਆਂ ਸਜ਼ਾਵਾਂ, ਜ਼ਾਲਮ ਤੋਂ ਜ਼ਾਲਮ ਕਾਨੂੰਨਾਂ ਦੇ ਬਾਵਜੂਦ ਜੇ "ਦਹਿਸ਼ਤਗਰਦੀ" ਨੂੰ ਠੱਲ ਨਹੀਂ ਪੈ ਰਹੀ ਤਾਂ ਹਿੰਦੁਸਤਾਨੀ ਸਮਾਜੀ-ਸਿਆਸੀ ਢਾਂਚੇ ਦੀ ਭੂਮਿਕਾ, ਭਾਵ ਉਨ੍ਹਾਂ ਮੂਲ ਕਾਰਨਾਂ ਦੀ ਸ਼ਨਾਖ਼ਤ ਕਰਨੀ ਜ਼ਰੂਰੀ ਹੈ ਜਿਥੇ ਜਮਹੂਰੀ ਵਿਰੋਧ ਨੂੰ ਦਹਿਸ਼ਤਗਰਦ ਰਾਜ-ਮਸ਼ੀਨਰੀ ਵਲੋਂ ਹੁਕਮਰਾਨਾਂ ਦੇ ਇਸ਼ਾਰੇ 'ਤੇ ਬੇਰਹਿਮੀ ਨਾਲ ਕੁਚਲਿਆ ਜਾਂਦਾ ਹੈ ਅਤੇ ਗੁਆਂਢੀ ਮੁਲਕਾਂ ਪ੍ਰਤੀ ਹਿੰਦੂਤਵੀ ਸਰਕਾਰ ਦੀ ਜੰਗਬਾਜ਼ ਤੇ ਧੌਂਸਬਾਜ਼ ਪਹੁੰਚ ਨਿੱਤ ਨਵੇਂ ਟਕਰਾਓ ਪੈਦਾ ਕਰਕੇ ਖ਼ਿੱਤੇ ਦੇ ਅਮਨ ਨੂੰ ਭੰਗ ਕਰਦੀ ਹੈ। ਇਓਂ ਦਹਿਸ਼ਤਗਰਦ ਪ੍ਰਤੀਕਰਮ ਤਾਂ ਮਹਿਜ਼ ਦੋਮ ਮੁੱਦਾ ਹੈ। ਮੁੱਖ ਮੁੱਦਾ ਤਾਂ ਦਹਿਸ਼ਤਗਰਦੀ ਨੂੰ ਪੈਦਾ ਕਰਨ ਵਾਲੇ ਹਾਲਾਤ ਅਤੇ ਇਨ੍ਹਾਂ ਲਈ ਜ਼ਿੰਮੇਵਾਰ ਇਨਸਾਨੀਅਤ ਦੁਸ਼ਮਣ ਹੁਕਮਰਾਨਾਂ ਜਮਾਤਾਂ ਦੀਆਂ ਘਿਨਾਉਣੀਆਂ ਨੀਤੀਆਂ ਹਨ।

ਸੁਆਲ ਸੰਵਾਦ

# ਪੂਨੇ ਦੇ ਸੁਆਲਾਂ ਦਾ ਪੰਜਾਬ ਨਾਲ ਰਿਸ਼ਤਾ



ਦਲਜੀਤ ਅਮੀ

ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਪੂਨੇ ਦੇ ਚੇਅਰਮੈਨ ਦੀ ਨਾਮਜ਼ਦਗੀ ਵਿਵਾਦ ਦਾ ਸਬੱਬ ਬਣੀ ਹੈ। ਅਦਾਰੇ ਦੇ ਵਿਦਿਆਰਥੀਆਂ ਤੋਂ ਲੈ ਕੇ ਫ਼ਿਲਮ ਸਨਅਤ ਦੀਆਂ ਨਾਮਵਰ ਸ਼ਖ਼ਸ਼ੀਅਤਾਂ ਦੇ ਨਾਲ-ਨਾਲ ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀਆਂ ਨੇ ਗਜੇਂਦਰ ਚੌਹਾਨ ਦੀ ਨਾਮਜ਼ਦਗੀ ਨੂੰ ਗ਼ਲਤ ਕਰਾਰ ਦਿੱਤਾ ਹੈ। ਵਿਰੋਧੀ ਧਿਰ ਦੀਆਂ ਸਿਆਸੀ ਪਾਰਟੀਆਂ ਨੇ ਵਿਰੋਧ ਦੀ ਸੁਰ ਵਿੱਚ ਸੁਰ ਮਿਲਾਈ ਹੈ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਰਸਾਲੇ ਵਿੱਚ ਇੱਕ ਲੇਖ ਨੇ ਨਿਯੁਕਤੀ ਉੱਤੇ ਕੀਤੇ ਸੁਆਲਾਂ ਨੂੰ ਮੁਲਕ ਅਤੇ ਹਿੰਦੂ ਵਿਰੋਧੀ ਕਰਾਰ ਦਿੱਤਾ ਹੈ। ਭਾਜਪਾ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀਆ ਵਿਦਿਆਰਥੀ ਪ੍ਰੀਸ਼ਦ ਨੇ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਬਾਹਰ ਚੱਲ ਰਹੇ ਧਰਨੇ ਖ਼ਿਲਾਫ਼ ਧਰਨੇ-ਮੁਜ਼ਾਹਰੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਦੀ ਦਲੀਲ ਹੈ ਕਿ ਮੁਲਕ ਦੇ ਖ਼ਜ਼ਾਨੇ ਵਿੱਚੋਂ ਚੱਲ ਰਹੇ ਅਦਾਰੇ ਵਿੱਚ ਕੰਮ-ਕਾਰ ਠੱਪ ਕਰਨਾ ਆਵਾਮ ਨਾਲ ਧੋਖਾ ਹੈ।

ਇਸ ਬਹਿਸ ਦੇ ਹਵਾਲੇ ਨਾਲ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੀ ਕਾਰਰਗੁਜ਼ਾਰੀ ਨਾਲ ਜੁੜੇ ਮਸਲੇ ਖ਼ਾਰਜ ਨਹੀਂ ਹੋ ਜਾਂਦੇ ਪਰ ਇਸ ਹਵਾਲੇ ਨਾਲ ਜੋੜ ਕੇ ਚਿਰਕਾਲੀ ਸੁਆਲਾਂ ਦੀ ਚਰਚਾ ਕਰਨੀ ਲਾਜ਼ਮੀ ਹੋ ਗਈ ਹੈ। ਇਸ ਬਹਿਸ ਦੇ ਦੋਵਾਂ ਪਾਲਿਆਂ ਵਿੱਚ ਸ਼ਰਧਾ ਦੇ ਤੱਤਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਇੱਕ ਪਾਸੇ ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੀ ਹਰ ਕਮੀ ਉੱਤੇ ਪਰਦਾ ਪਾਉਣ ਦਾ ਤਰਦੱਦ ਹੋ ਰਿਹਾ ਹੈ ਤਾਂ ਦੂਜੇ ਪਾਸਿਓਂ ਗਜੇਂਦਰ ਦੀ ਨਾਮਜ਼ਦਗੀ ਨੂੰ ਯੋਗਤਾ ਅਤੇ ਸਰਕਾਰ ਦੇ ਅਖ਼ਤਿਆਰੀ ਖ਼ਾਤੇ ਵਿੱਚ ਪਾ ਕੇ ਪ੍ਰਵਾਨਗੀ ਦੀ ਤਵੱਕੋ ਕੀਤੀ ਜਾ ਰਹੀ ਹੈ। ਦੋਵਾਂ ਪਾਸਿਆਂ ਦੀਆਂ ਦਲੀਲਾਂ ਇਨ੍ਹਾਂ ਚੌਖਟਿਆਂ ਵਿੱਚ ਸਮਾਉਣੀਆਂ ਮੁਸ਼ਕਲ ਹਨ। ਇੱਕ ਪਾਸੇ ਇਸ ਨੂੰ ਨਿਘਾਰ ਦੀ ਕਾਂਗਰਸੀ ਰੀਤ ਨੂੰ ਭਾਜਪਾ ਵੱਲੋਂ ਕਾਇਮ ਰੱਖਣ ਦੀ ਮਸ਼ਕ ਨਾਲ ਜੋੜਿਆ ਜਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਨੂੰ ਅਦਾਰੇ ਨੂੰ ਲੱਗ ਰਹੇ ਖ਼ੋਰੇ ਦੀ ਨੁਮਾਇੰਦਗੀ ਜਾਂ ਅਗਲੀ ਕੜੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਸੁਆਲ ਦੋ ਪੁੱਖੋਂ ਅਹਿਮ ਬਣਦਾ ਹੈ; ਇਹ ਮੁੱਦਾ ਕਿਉਂ ਅਤੇ ਕਿੰਨਾ ਅਹਿਮ ਹੈ? ਇਸ ਪੂਰੀ ਬਹਿਸ ਵਿੱਚੋਂ ਪੰਜਾਬ ਤਕਰੀਬਨ ਗ਼ੈਰ-ਹਾਜ਼ਰ ਕਿਉਂ ਹੈ? ਕੌਮੀ ਮੁਕਤੀ ਲਹਿਰ ਦਾ ਮਕਸਦ ਜਮਹੂਰੀਅਤ ਨਾਲ ਜੁੜਿਆ ਹੋਇਆ ਸੀ ਅਤੇ ਸੰਵਿਧਾਨ ਇਸੇ ਮਕਸਦ ਨੂੰ ਠੋਸ ਵਾਅਦੇ ਵਜੋਂ ਪ੍ਰਵਾਨ ਕਰਦਾ ਹੈ। ਜਮਹੂਰੀਅਤ ਦਾ ਮਤਲਬ ਸਿਰਫ਼ ਚੋਣਾਂ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ। ਮਜ਼ਬੂਤ ਅਦਾਰਿਆਂ ਦੀ ਅਣਹੋਂਦ ਵਿੱਚ ਜਮਹੂਰੀਅਤ ਨੂੰ ਯਕੀਨੀ ਬਣਾਉਣਾ ਮੁਸ਼ਕਲ ਹੈ। ਅਦਾਰਿਆਂ ਨੇ ਸੰਵਿਧਾਨਕ, ਮਨੁੱਖੀ, ਜਮਹੂਰੀ ਅਤੇ ਸ਼ਹਿਰੀ ਹਕੂਕ ਦੀ ਰਾਖੀ ਬਿਨਾਂ ਕਿਸੇ ਵਿਤਕਰੇ ਤੋਂ ਕਰਨੀ ਹੁੰਦੀ ਹੈ। ਇਸ ਤੋਂ ਅੱਗੇ ਅਦਾਰਿਆਂ ਨੇ ਆਵਾਮ ਨੂੰ ਜਮਹੂਰੀ ਹਕੂਕ ਮਾਨਣ ਵਾਲੀ ਹਾਲਤ ਵਿੱਚ ਲਿਆਉਣਾ ਹੁੰਦਾ ਹੈ। ਇਸ ਪੱਖੋਂ ਵਿਦਿਅਕ ਅਦਾਰਿਆਂ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਵਿਦਿਆ ਰਾਹੀਂ ਆਵਾਮ ਨੂੰ, ਆਪਣੀਆਂ ਸਮਰੱਥਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਦੇ ਸਮਰੱਥ ਬਣਾਇਆ ਜਾ ਸਕਦਾ ਹੈ ਜਾਂ ਸ਼ਰਧਾਲੂ ਬਣਾਉਣ ਦੇ ਰਾਹ ਤੋਰਿਆ ਜਾ ਸਕਦਾ ਹੈ। ਗਜੇਂਦਰ ਚੌਹਾਨ ਦੀ ਨਾਮਜ਼ਦਗੀ ਸਿਆਸੀ ਹੈ। ਉਨ੍ਹਾਂ ਦੀ ਯੋਗਤਾ ਉੱਤੇ ਸੁਆਲ ਹਨ। ਉਨ੍ਹਾਂ ਦੇ ਕੰਮ ਉੱਤੇ ਮਿਆਰ ਨਾਲ ਜੁੜੇ ਸੁਆਲ ਹਨ। ਇਨ੍ਹਾਂ ਤੋਂ ਇਲਾਵਾ ਅਹਿਮ ਤੱਥ ਇਹ ਹੈ ਕਿ ਉਹ ਅਦਾਕਾਰ ਵਜੋਂ ਤਕਰੀਬਨ ਵਿਹਲੇ ਹਨ। ਗਜੇਂਦਰ ਚੌਹਾਨ ਦੀ ਨਾਮਜ਼ਦਗੀ ਵੇਲੇ ਵਧੇਰੇ ਯੋਗਤਾ ਵਾਲੇ ਉਮੀਦਵਾਰਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਨ੍ਹਾਂ ਸਾਰੇ ਪੱਖਾਂ ਤੋਂ ਇਲਾਵਾ ਉਸ ਦਾ ਫ਼ਿਲਮ ਪੜ੍ਹਨ-ਪੜ੍ਹਾਉਣ ਨਾਲ ਕੋਈ ਰਾਬਤਾ ਨਹੀਂ ਹੈ।

ਮਿਆਰੀ ਪੱਖਾਂ ਦੇ ਸੁਆਲ ਤਾਂ ਸਿਰਫ਼ ਦਲੀਲ ਦਾ ਵਜ਼ਨ ਵਧਾਉਣ ਲਈ ਕੀਤੇ ਜਾ ਰਹੇ ਹਨ। ਦਰਅਸਲ ਇਸ ਅਹੁਦੇ ਉੱਤੇ ਹਮੇਸ਼ਾ ਸਿਆਸੀ ਨਾਮਜ਼ਦਗੀ ਹੁੰਦੀ ਰਹੀ ਹੈ। ਕਈ ਵਾਰ ਸਿਆਸੀ ਮਿਹਰਬਾਨੀ ਅਤੇ ਯੋਗਤਾ ਦਾ ਮੇਲ ਹੁੰਦਾ ਰਿਹਾ ਹੈ। ਭਾਜਪਾ ਨੇ ਸਰਕਾਰ ਬਣਾਉਣ ਤੋਂ ਬਾਅਦ ਨਾਮਜ਼ਦਗੀ ਵਾਲੇ ਅਹੁਦਿਆਂ ਉੱਤੇ ਆਪਣੇ ਹਮਾਇਤੀਆਂ ਅਤੇ ਹਮਦਰਦਾਂ ਨੂੰ ਨਾਮਜ਼ਦ ਕੀਤਾ ਹੈ। ਇਨ੍ਹਾਂ ਨਾਮਜ਼ਦਗੀਆਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਤਜਰੀਹਾਂ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਸੋਚ ਦੀ ਨਿਸ਼ਾਨਦੇਹੀ ਕਰਨ ਲਈ ਸਿਆਸੀ ਮਾਹਰ ਹੋਣਾ ਜ਼ਰੂਰੀ ਨਹੀਂ ਹੈ। ਇਹ ਰੁਝਾਨ ਮੰਤਰੀਆਂ ਦੀ ਚੋਣ ਅਤੇ ਮਹਿਕਮਿਆਂ ਦੀ ਵੰਡ ਤੋਂ ਸ਼ੁਰੂ ਹੋ ਕੇ ਪੁਰਾਣੇ ਗਵਰਨਰਾਂ ਨੂੰ ਹਟਾਉਣ ਨਾਲ ਸ਼ੁਰੂ ਹੋਇਆ ਸੀ। ਉਸ ਤੋਂ ਬਾਅਦ ਵਿਦਿਆ ਅਤੇ ਖੋਜ ਦੇ ਖੇਤਰ ਨਾਲ ਜੁੜੇ ਅਦਾਰਿਆਂ ਵਿੱਚ ਨਿਯੁਕਤੀਆਂ ਸੁਆਲਾਂ ਦੇ ਘੇਰੇ ਵਿੱਚ ਆਉਂਦੀਆਂ ਰਹੀਆਂ ਹਨ। ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਤੋਂ ਪਹਿਲਾਂ ਇੰਡੀਅਨ ਕਾਊਂਸਿਲ ਆਫ਼ ਹਿਸਟੋਰੀਕਲ ਰੀਸਰਚ, ਇੰਡੀਅਨ ਕਾਊਂਸਿਲ ਆਫ਼ ਸੋਸ਼ਲ ਸਾਇੰਸ ਐਂਡ ਰੀਸਰਚ, ਨੈਸ਼ਨਲ ਬੁੱਕ ਡੀਪੂ, ਅਡਵਾਂਸ ਸਟੱਡੀਜ਼ ਇੰਸਟੀਚਿਊਟ ਅਤੇ ਹੋਰ ਅਦਾਰਿਆਂ ਦੇ ਮੁਖੀਆਂ ਵਜੋਂ ਭਾਜਪਾ ਦੇ ਹਮਾਇਤੀਆਂ ਨੂੰ ਨਿਯੁਕਤ ਕੀਤਾ ਗਿਆ ਹੈ। ਕਈ ਕੇਂਦਰੀ ਅਤੇ ਸੂਬਾਈ ਯੂਨੀਵਰਸਿਟੀਆਂ ਵਿੱਚ ਉਪ-ਕੁਲਪਤੀ ਦੀ ਨਿਯੁਕਤੀ ਵੇਲੇ ਭਾਜਪਾ ਨਾਲ ਹਮਦਰਦੀ ਜਾਂ ਸਿਆਸੀ ਨੇੜਤਾ ਅਹਿਮ ਯੋਗਤਾ ਮੰਨੀ ਗਈ ਹੈ।

ਨਾਮਜ਼ਦ ਜਾਂ ਨਿਯੁਕਤ ਹੋਣ ਵਾਲਿਆਂ ਦੀ ਭਾਜਪਾ ਨਾਲ ਸਿਆਸੀ ਨੇੜਤਾ ਮਾਅਨੇ ਰੱਖਦੀ ਹੈ। ਚੁਣੀ ਹੋਈ ਸਰਕਾਰ ਨੇ ਆਪਣੀ ਸੋਚ ਨੂੰ ਲਾਗੂ ਕਰਨ ਲਈ ਆਪਣੇ ਭਰੋਸੇ ਵਾਲੇ ਬੰਦੇ ਲਗਾਉਣੇ ਹਨ। ਇਹ ਰੁਝਾਨ ਉਸ ਵੇਲੇ ਮਾਅਨੇ ਰੱਖਦਾ ਹੈ ਜਦੋਂ ਅਦਾਰਿਆਂ ਦੀ ਖ਼ੁਦਮੁਖ਼ਤਿਆਰੀ ਨੂੰ ਸਿਆਸੀ ਸੋਚ ਤੋਂ ਉੱਪਰ ਮੰਨ ਲਿਆ ਜਾਵੇ। ਭਾਜਪਾ ਅਤੇ ਕਾਂਗਰਸ ਦੀ ਸੋਚ ਵਿੱਚ ਇਤਿਹਾਸ, ਸਮਾਜ ਅਤੇ ਵਿਗਿਆਨ ਦੀ ਸਮਝ ਵਿੱਚ ਕਸ਼ਮੀਰ ਤੋਂ ਕੰਨਿਆਕੁਮਾਰੀ ਜਿੰਨਾ ਫ਼ਾਸਲਾ ਤਾਂ ਸਦਾ ਰਿਹਾ ਹੈ। ਇਨ੍ਹਾਂ ਹਾਲਾਤ ਵਿੱਚ ਭਾਜਪਾ ਦੇ ਸਰਕਾਰ ਬਣਉਣ ਨੂੰ 'ਅੱਠ ਸੌ ਸਾਲ ਬਾਅਦ ਹਿੰਦੂ ਰਾਜ ਦੇ ਪਰਤਣ ਵਜੋਂ' ਪੇਸ਼ ਕੀਤਾ ਜਾਣਾ ਕੋਈ ਅੱਲੋਕਾਰੀ ਗੱਲ ਨਹੀਂ ਹੈ। ਭਾਜਪਾ ਤੋਂ ਇਸ ਦੇ ਹਮਾਇਤੀ ਅਤੇ ਵਿਰੋਧੀ ਮੁਲਕ ਦੇ ਤਮਾਮ ਅਦਾਰਿਆਂ ਦੀ ਸੋਚ ਨੂੰ ਹਿੰਦੂਵਾਦੀ ਮੋੜਾ ਦੇਣ ਦੀ ਤਵੱਕੋ ਕਰਦੇ ਹਨ ਜਾਂ ਖ਼ਦਸ਼ਾ ਜ਼ਾਹਰ ਕਰਦੇ ਹਨ। ਤਵੱਕੋ ਅਤੇ ਖ਼ਦਸ਼ਿਆਂ ਦਾ ਇਹ ਰੁਝਾਨ ਚੋਣਾਂ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਸ ਤੋਂ ਬਾਅਦ ਭਾਜਪਾ ਦੀਆਂ ਨਾਮਜ਼ਦਗੀਆਂ ਅਤੇ ਨਿਯੁਕਤੀਆਂ ਨਾਲ ਸਮੱਸਿਆ ਕੀ ਹੈ? ਸਮੱਸਿਆ ਦੋ ਪੱਧਰ ਉੱਤੇ ਹੈ: ਇੱਕ ਤਾਂ ਸੰਵਿਧਾਨ ਮੁਤਾਬਕ ਭਾਰਤ ਧਰਮ ਨਿਰਪੱਖ ਸਮਾਜਵਾਦੀ ਮੁਲਕ ਹੈ, ਦੂਜਾ ਇਹ ਫ਼ੈਸਲੇ ਭਾਰਤ ਨੂੰ ਹਿੰਦੂਵਾਦੀ ਮੁਲਕ ਬਣਾਉਣ ਦੀ ਬਹੁਲਤਾ ਮੁਖੀ ਸੋਚ ਦੇ ਧਾਰਨੀ ਹਨ।

ਇਸ ਤੋਂ ਬਾਅਦ ਦਲੀਲ ਇਹ ਵੀ ਦਿੱਤੀ ਜਾ ਸਕਦੀ ਹੈ ਕਿ ਭਾਜਪਾ ਹਿੰਦੂਵਾਦੀ ਸੋਚ ਨੂੰ ਲਾਗੂ ਕਰਨ ਲਈ ਯੋਗ ਉਮੀਦਵਾਰਾਂ ਨੂੰ ਨਜ਼ਰਅੰਦਾਜ਼ ਕਿਉਂ ਕਰਦੀ ਹੈ? ਬਹੁਤ ਸਾਰੇ ਉਮੀਦਵਾਰ ਹਨ ਜਿਨ੍ਹਾਂ ਦੀ ਯੋਗਤਾ ਅਤੇ ਭਾਜਪਾਈ ਸੋਚ ਸੁਆਲਾਂ ਦੇ ਘੇਰੇ ਤੋਂ ਬਾਹਰ ਹੈ। ਅਨੁਪਮ ਖੇਰ ਤੋਂ ਹੇਮਾ ਮਾਲਿਨੀ ਤੱਕ ਦੀ ਵੱਡੀ ਫਹਿਰਿਸਤ ਹੈ। ਅਨੁਪਮ ਖੇਰ ਜਾਂ ਕਿਰਨ ਖੇਰ ਦੀ ਯੋਗਤਾ ਅਤੇ ਸੋਚ ਭਾਜਪਾ ਨਾਲ ਮੇਲ ਖਾਂਦੀ ਹੈ ਪਰ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਗਜੇਂਦਰ ਚੌਹਾਨ ਦੀ ਚੋਣ ਕਰਨ ਦਾ ਕੀ ਮਤਲਬ ਹੈ? ਇਹੋ ਦਲੀਲ ਸਮਰਿਤੀ ਇਰਾਨੀ ਨੂੰ ਮਨੁੱਖੀ ਵਸੀਲੇ ਅਤੇ ਵਿਕਾਸ ਮੰਤਰੀ ਬਣਾਉਣ ਵੇਲੇ ਵੀ ਪੇਸ਼ ਕੀਤੀ ਗਈ ਸੀ। ਜੇ ਸਮਰਿਤੀ ਇਰਾਨੀ ਤੋਂ ਗਜੇਂਦਰ ਚੌਹਾਨ ਤੱਕ ਦੇ ਰੁਝਾਨ ਨੂੰ ਵੇਖਿਆ ਜਾਵੇ ਤਾਂ ਭਾਜਪਾ ਦੀ ਸੋਚ ਦੇ ਨਾਲ-ਨਾਲ ਜੁਗਤ ਵੀ ਸਾਹਮਣੇ ਆ ਜਾਂਦੀ ਹੈ। ਜਦੋਂ ਛੋਟੇ ਕੱਦ ਦੇ ਉਮੀਦਵਾਰ ਨੂੰ ਵੱਡੇ ਅਹੁਦੇ ਉੱਤੇ ਬਿਰਾਜਮਾਨ ਕੀਤਾ ਜਾਂਦਾ ਹੈ ਤਾਂ ਪੂਰੇ ਮਹਿਕਮੇ ਦੀ ਪਸ਼ੇਮਾਨੀ ਅਤੇ ਦਖ਼ਲਅੰਦਾਜ਼ੀ ਦਾ ਸੁੱਬ ਬੰਨ੍ਹ ਦਿੱਤਾ ਜਾਂਦਾ ਹੈ। ਛੋਟੇ ਕੱਦ ਦਾ ਨਾਮਜ਼ਦ ਜੀਅ ਆਵਾਮ ਜਾਂ ਅਦਾਰੇ ਦੀ ਥਾਂ ਆਪਣੇ ਉੱਤੇ ਮਿਹਰਬਾਨ ਹੋਏ 'ਮਾਲਕ' ਜਾਂ ਢਾਣੀ ਲਈ ਜਵਾਬਦੇਹ ਹੁੰਦਾ ਹੈ। ਇਸ ਤੋਂ ਬਾਅਦ 'ਮਾਲਕ' ਦੀ ਦਖ਼ਲਅੰਦਾਜ਼ੀ ਲਈ ਪਿਛਲਾ ਦਰਵਾਜ਼ਾ ਖੁੱਲ੍ਹ ਜਾਂਦਾ ਹੈ ਅਤੇ ਮਹਿਕਮੇ ਦੀ ਖ਼ੁਦਮੁਖ਼ਤਿਆਰੀ ਲਈ ਉੱਠਣ ਵਾਲੀ ਹਰ ਆਵਾਜ਼ ਦੀ ਸੰਘੀ ਬੇਕਿਰਕੀ ਨਾਲ ਨੱਪੀ ਜਾਂਦੀ ਹੈ। ਮਿਹਰਬਾਨੀਆਂ ਲਈ ਜਵਾਬਦੇਹ ਮੰਤਰੀ-ਸੰਤਰੀ 'ਮਾਲਕ' ਤੋਂ ਦੋ ਕਦਮ ਅੱਗੇ ਹੋ ਕੇ ਪੁਰਾਣੇ 'ਮਾਲਕ' ਦੇ ਵਫ਼ਾਦਾਰਾਂ ਅਤੇ ਸੋਚਵਾਨਾਂ ਨੂੰ ਸਬਕ ਸਿਖਾਉਣ ਦਾ ਮੌਕਾ ਤਾੜਦਾ ਹਨ। ਘੱਟ ਯੋਗਤਾ ਵਾਲੇ ਬੰਦੇ ਨੂੰ ਮੁਖੀ ਵਜੋਂ ਨਾਮਜ਼ਦ ਕਰਨ ਦਾ ਮਕਸੱਦ ਵਧੇਰੇ ਯੋਗਤਾ ਵਾਲੇ ਇੰਤਜ਼ਾਮੀਆ ਅਤੇ ਹੋਰ ਅਮਲੇ ਨੂੰ ਪਸ਼ੇਮਾਨ ਕਰਨਾ ਵੀ ਹੁੰਦਾ ਹੈ। ਸਮਰਿਤੀ ਇਰਾਨੀ ਦੇ ਸਾਹਮਣੇ ਵਿਦਿਅਕ ਅਦਾਰਿਆਂ ਦੇ ਯੋਗ ਮੁਖੀਆਂ ਅਤੇ ਉਪ-ਕੁਲਪਤੀਆਂ ਦੀ ਸਾਰੀ ਯੋਗਤਾ ਨਿਗੂਣੀ ਹੋ ਜਾਂਦੀ ਹੈ। ਦਰਅਸਲ ਸਮਰਿਤੀ ਇਰਾਨੀ ਉਨ੍ਹਾਂ ਸਾਰਿਆਂ ਇਹ ਦੱਸਣ ਦੀ ਜੁਗਤ ਹੈ ਕਿ 'ਮਾਲਕ' ਕੌਣ ਹੈ? ਇਨ੍ਹਾਂ ਹਾਲਾਤ ਵਿੱਚ ਅਦਾਰੇ ਦੀ ਸੋਚ ਦਾ ਮੁਹਾਣ ਬਦਲਣ ਦੇ ਨਾਲ-ਨਾਲ ਖ਼ੁਦਮੁਖ਼ਤਿਆਰੀ ਦਾ ਤਾਣ ਨਿਕਲ ਜਾਂਦਾ ਹੈ। ਆਜ਼ਾਦ-ਖ਼ਿਆਲੀ ਅਤੇ ਖੁੱਲ੍ਹ-ਨਜ਼ਰੀ ਦੁਆਲੇ ਸ਼ਿਕੰਜਾ ਕਸਿਆ ਜਾਂਦਾ ਹੈ। ਇਹ ਅਦਾਰੇ ਆਵਾਮ ਦੀ ਮੁਖ਼ਾਤਬ ਹੋਣ ਦੀ ਥਾਂ 'ਮਾਲਕ' ਦੀ ਮਿਹਰਬਾਨੀ ਦੀ ਨੁਮਾਇਸ਼ ਹੋ ਜਾਂਦੇ ਹਨ। ਇਸ ਨੁਮਾਇਸ਼ ਦੇ ਰੀਤ ਬਣ ਜਾਣ ਦੀ ਸੰਭਾਵਨਾ ਸਦਾ ਕਾਇਮ ਰਹਿੰਦੀ ਹੈ।

ਫ਼ਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਦੇ ਮਾਮਲੇ ਵਿੱਚ ਪੰਜਾਬ ਦੀ ਚੁੱਪ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਪੰਜਾਬ ਇਸ ਅਦਾਰੇ ਨਾਲ ਜੁੜੇ ਵਿਵਾਦ ਤੋਂ ਨਿਰਲੇਪ ਕਿਉਂ ਹੈ? ਸਿੱਖਿਆ ਦੇ ਭਗਵੇਕਰਨ ਖ਼ਿਲਾਫ਼ ਟਕਸਾਲੀ ਸੱਜਾ-ਖੱਬਾ ਹੁੰਗਾਰਾ ਇਸ ਮਾਮਲੇ ਵਿੱਚ ਗ਼ੈਰ-ਹਾਜ਼ਰ ਕਿਉਂ ਹੈ? ਜੁਆਬ ਲੱਭਣ ਲਈ ਦੂਜਿਆਂ ਸੂਬਿਆਂ ਦੇ ਹੁੰਗਾਰੇ, ਅਦਾਰੇ ਦਾ ਪੰਜਾਬ ਤੋਂ ਫ਼ਾਸਲਾ ਜਾਂ ਇਸ ਅਦਾਰੇ ਤੋਂ ਪੜ੍ਹਣ ਵਾਲੇ ਪੰਜਾਬੀਆਂ ਦੀ ਨਿਗੂਣੀ ਗਿਣਤੀ ਨੂੰ ਦਲੀਲ ਬਣਾਇਆ ਜਾ ਸਕਦਾ ਹੈ। ਇਹ ਦਲੀਲ ਇਸ ਸਮੁੱਚੇ ਰੁਝਾਨ ਨਾਲ ਜੁੜ ਕੇ ਖਾਰਜ ਹੋ ਜਾਂਦੀ ਹੈ ਅਤੇ ਸਿਧਾਂਤਕ ਪੱਖੋਂ ਪੱਲਾ ਛੁਡਾਉਣ ਵਾਲੀ ਜ਼ਿਆਦਾ ਜਾਪਦੀ ਹੈ। ਇਸ ਮਿਆਰੀ ਸੁਆਲ ਸਾਹਮਣੇ ਮਿਕਦਾਰੀ ਦਲੀਲ ਬਹੁਤ ਕਮਜ਼ੋਰ ਪੈਂਦੀ ਹੈ। ਇਸ ਚੁੱਪ ਦਾ ਜੁਆਬ ਪੰਜਾਬ ਦੇ ਅਦਾਰਿਆਂ ਦੀ ਹਾਲਤ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿੱਚ ਵਿਦਿਅਕ ਅਦਾਰਿਆਂ ਦੀਆਂ ਨਿਯੁਕਤੀਆਂ ਕਦੇ ਚਰਚਾ ਦਾ ਵਿਸ਼ਾ ਬਣਦੀਆਂ ਹੀ ਨਹੀਂ। ਸਾਰੀਆਂ ਯੂਨੀਵਰਸਿਟੀਆਂ ਵਿੱਚ ਭਰਤੀ ਅਤੇ ਤਰੱਕੀਆਂ ਦੀ ਯੋਗਤਾ ਦਾ ਪਹੁੰਚ ਨਾਲ ਰਿਸ਼ਤਾ ਜ਼ਿਆਦਾ ਅਹਿਮ ਮੰਨਿਆ ਜਾਂਦਾ ਹੈ। ਉਪ-ਕੁਲਪਤੀਆਂ ਦੀਆਂ ਨਿਯੁਕਤੀਆਂ ਉੱਤੇ ਸੁਆਲ ਕਰਨ ਦਾ ਤਾਣ ਕਦੇ ਯੂਨੀਵਰਸਿਟੀਆਂ ਦੇ 'ਵਿਦਵਾਨ ਲਾਣੇ' ਵਿੱਚ ਰਿਹਾ ਹੀ ਨਹੀਂ। ਪ੍ਰੋਫੈਸਰਾਂ ਦੀਆਂ ਤਰੱਕੀਆਂ ਦਾ ਸੁਆਲ ਕਦੇ ਸੰਜੀਦਾ ਤੌਰ ਉੱਤੇ ਵਿਚਾਰਿਆ ਹੀ ਨਹੀਂ ਗਿਆ। ਪੰਜਾਬ ਦੇ ਅਖ਼ਬਾਰਾਂ ਵਿੱਚ ਕਦੇ ਮੀਡੀਆ ਸਲਾਹਕਾਰਾਂ ਅਤੇ ਕਮਿਸ਼ਨਾਂ ਦੇ ਮੁਖੀਆਂ ਦੀ ਯੋਗਤਾ ਬਾਰੇ ਬਹਿਸ ਨਹੀਂ ਹੋਈ। ਕਦੇ ਇਹ ਪੁੱਛਿਆ ਹੀ ਨਹੀਂ ਗਿਆ ਕਿ ਕਲਾ ਅਤੇ ਸਾਹਿਤ ਨਾਲ ਜੁੜੇ ਅਦਾਰਿਆਂ ਦੀਆਂ ਨਾਮਜ਼ਦਗੀਆਂ ਵੇਲੇ ਕੀ ਮੁੱਦੇ ਵਿਚਾਰੇ ਗਏ। ਪੰਜਾਬ ਦੇ ਸ਼੍ਰੋਮਣੀ ਸਨਮਾਨ ਦੀ ਫ਼ਹਿਰਿਸਤ ਵਿੱਚ ਸ਼ਾਮਿਲ ਨਾਮਾਂ ਦੇ ਕੰਮ ਦੀ ਚਰਚਾ ਕਰਨ ਦੀ ਤਕਰੀਬਨ ਮਨਾਹੀ ਹੈ। ਇਨ੍ਹਾਂ ਨਾਮਾਂ ਦੀ ਚੋਣ ਦੌਰਾਨ ਵਿਚਾਰੇ ਗਏ ਦੂਜੇ ਉਮੀਦਵਾਰਾਂ ਦੇ ਨਾਮ ਅਤੇ ਚੋਣ ਦੌਰਾਨ ਦਿੱਤੀਆਂ ਗਈਆਂ ਦਲੀਲਾਂ ਕਦੇ ਨਸ਼ਰ ਨਹੀਂ ਹੁੰਦੀਆਂ। ਇਨਾਮ ਹਾਸਲ ਕਰਨ ਦੀਆਂ ਜੁਗਤਾਂ ਦੀ ਚਰਚਾ ਮਹਿਫ਼ਲਾਂ ਵਿੱਚ ਚੁਗਲੀ-ਰੰਗ ਜ਼ਰੂਰ ਭਰਦੀ ਹੈ।

ਵਫ਼ਾਦਾਰੀ ਅਤੇ ਰਿਸ਼ਤੇਦਾਰੀ ਜਾਂ ਖ਼ਾਤਰਦਾਰੀ ਦੀ ਯੋਗਤਾ ਕਾਰਨ ਹੋਈ ਭਰਤੀ ਦੇ ਨਤੀਜੇ ਵਜੋਂ ਪੰਜਾਬ ਦੇ ਅਦਾਰੇ ਕਦੇ ਪੈਰੀਂ ਨਹੀਂ ਹੋ ਸਕੇ। ਆਜ਼ਾਦ-ਖ਼ਿਆਲੀ, ਖੁੱਲ੍ਹ-ਨਜ਼ਰੀ ਅਤੇ ਖ਼ੁਦ-ਮੁਖਤਿਆਰੀ ਦਾ ਸੁਆਦ ਨਾ ਵੇਖਣ ਵਾਲੇ ਅਦਾਰੇ ਇਨ੍ਹਾਂ ਸੁਆਲਾਂ ਨੂੰ ਮੁਖ਼ਾਤਬ ਮਨੁੱਖ ਕਿਵੇਂ ਪੈਦਾ ਕਰਨਗੇ? ਜੇ ਕੋਈ ਸੁਆਲ ਆ ਜਾਵੇ ਤਾਂ ਇਹ ਆਪਣੀ ਹੋਂਦ ਕਿਵੇਂ ਬਚਾਉਣਗੇ? ਸੁਆਲੀ ਦੀ ਹੋਣੀ ਸਨਕ ਨਾਲ ਜੋੜ ਕੇ ਰੱਦ ਕਿਉਂ ਨਹੀਂ ਕੀਤੀ ਜਾਵੇਗੀ? ਜੇ ਇਨ੍ਹਾਂ ਸੁਆਲਾਂ ਸਨਮੁੱਖ ਸਰਕਾਰੀ ਅਦਾਰਿਆਂ ਦੀ ਹਾਲਤ ਖਸਤਾ ਹੈ ਤਾਂ ਸਮਾਜਿਕ-ਸਾਹਿਤਕ ਅਦਾਰਿਆਂ ਨੇ ਕੀ ਹੁੰਗਾਰਾ ਦਿੱਤਾ ਹੈ? ਉਨ੍ਹਾਂ ਦੀ ਚੁੱਪ ਨੂੰ ਕਿਵੇਂ ਸਮਝਿਆ ਜਾਵੇ? ਜ਼ਿਆਦਾਤਰ ਅਦਾਰਿਆਂ ਉੱਤੇ ਸਾਬਕਾ ਅਫ਼ਸਰਸ਼ਾਹੀ, ਪੁਲਿਸ ਅਫ਼ਸਰ ਅਤੇ ਸਾਬਕਾ ਜਰਨੈਲ-ਕਰਨੈਲ ਕਾਬਜ਼ ਹਨ ਜੋ ਵਫ਼ਾਦਾਰੀ ਨੂੰ ਸਭ ਤੋਂ ਵੱਡਾ ਗੁਣ ਮੰਨਦੇ ਹਨ। ਇਸ ਤੋਂ ਬਾਅਦ ਕੁਝ ਅਦਾਰੇ ਜਾਇਦਾਦਾਂ ਜਾਂ ਜਗੀਰਾਂ ਤੱਕ ਮਹਿਦੂਦ ਹੋ ਗਏ ਹਨ ਜਾਂ ਸਿਆਸੀ ਆਗੂਆਂ ਦੇ ਨਾਮਲੇਵਾ ਨੁਮਾਇਸ਼ੀ ਪ੍ਰਧਾਨਾਂ ਦੀ 'ਦੂਰਅੰਦੇਸ਼ੀ' ਸੋਚ ਨਾਲ ਚੱਲ ਰਹੇ ਹਨ। ਕੁਝ ਸਾਹਿਤਕ ਅਤੇ ਸਮਾਜਿਕ ਜਥੇਬੰਦੀਆਂ ਪੱਤਰਕਾਰਾਂ ਦੇ ਭਰੋਸੇ ਨਾਲ ਜਾਂ ਕਿਸੇ ਜਾਣੂ ਦੀ ਬੇਨਤੀ ਨਾਲ ਪੂਨੇ ਦੇ ਸੰਘਰਸ਼ ਨਾਲ ਹਮਦਰਦੀ ਪ੍ਰਗਟ ਕਰਦਾ ਬਿਆਨ ਜਾਰੀ ਕਰ ਸਕਦੇ ਹਨ। ਇਸ ਤੋਂ ਜ਼ਿਆਦਾ ਤਵੱਕੋ ਪੰਜਾਬ ਤੋਂ ਕਿਵੇਂ ਕੀਤੀ ਜਾ ਸਕਦੀ ਹੈ?

# ਮੋਦੀ ਦੇ ਰਾਜ 'ਚ ਵਧ ਰਿਹਾ ਕਿਸਾਨੀ ਸੰਕਟ

**ਮੋਹਨ ਸਿੰਘ**

ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਅਤੇ ਰਾਸ਼ਟਰੀ ਸਵੈਮਸੇਵਕ ਸੰਘ ਦੀ ਅਪਾਰ ਕਿਰਪਾ ਨਾਲ ਸੱਤਾ 'ਚ ਆਈ ਸੀ। ਇਸ ਕਰਕੇ ਸੱਤਾ 'ਚ ਆਉਂਦਿਆਂ ਹੀ ਮੋਦੀ ਨੇ ਇੱਕ ਪਾਸੇ ਕਾਰਪੋਰੇਟਾਂ ਦਾ ਆਰਥਿਕ ਏਜੰਡਾ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਅਤੇ ਦੂਜੇ ਪਾਸੇ ਇਸ ਨੇ ਆਰਐਸਐਸ ਅਤੇ ਉਸ ਦੀਆਂ ਜਥੇਬੰਦੀਆਂ ਨੂੰ ਦੇਸ਼ ਭਰ ਅੰਦਰ ਉਨ੍ਹਾਂ ਦੇ ਭਗਵਾਂਕਰਨ ਦੀ ਮੁਹਿੰਮ ਨੂੰ ਖੁੱਲ੍ਹੀ ਛੁੱਟੀ ਦਿੱਤੀ। ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਲਈ ਇਸ ਨੇ ਯੂਪੀਏ ਸਰਕਾਰ ਦੇ ਭੂਮੀ ਗ੍ਰਹਿਣ ਕਾਨੂੰਨ 'ਚ ਕਾਰਪੋਰੇਟ ਪੱਖੀ ਸੋਧਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਯੂਪੀਏ ਸਰਕਾਰ ਨੇ ਜੋ ਭੂਮੀ ਗ੍ਰਹਿਣ ਕਾਨੂੰਨ 2013 ਲਿਆਂਦਾ ਸੀ, ਭਾਵੇਂ ਉਹ ਵੀ ਕਾਰਪੋਰੇਟ ਘਰਾਣਿਆਂ ਦੇ ਪੱਖ 'ਚ ਲਿਆਂਦਾ ਗਿਆ ਸੀ। ਇਹ ਕਾਨੂੰਨ ਇਸ ਕਰਕੇ ਲਿਆ ?ਣਾ ਪਿਆ ਸੀ ਕਿਉਂਕਿ ਨਵੀਆਂ ਆਰਥਿਕ ਨੀਤੀਆਂ ਤਹਿਤ ਪਿਛਲੇ ਦੋ ਦਹਾਕਿਆਂ 'ਚ ਜਿਸ ਢੰਗ ਨਾਲ 1894 ਦੇ ਕਾਨੂੰਨ ਤਹਿਤ ਦੇ ਜ਼ਬਰੀ ਭੂਮੀ ਗ੍ਰਹਿਣ ਕੀਤੀ ਜਾ ਰਹੀ ਸੀ, ਉਸ ਦਾ ਦੇਸ਼ ਭਰ ਅੰਦਰ ਵਿਰੋਧ ਹੋ ਰਿਹਾ ਸੀ। ਇਸ ਬਰਤਾਨਵੀ ਰਾਜ ਦੇ ਜਾਬਰ ਕਾਨੂੰਨ ਨੂੰ ਸੁਪਰੀਮ ਕੋਰਟ ਨੇ ਜ਼ਬਰ ਦਾ ਇੰਜਨ ਕਿਹਾ ਸੀ।

ਇਸ ਕਰਕੇ ਯੂਪੀਏ ਸਰਕਾਰ ਨੂੰ 1894 ਵਾਲਾ ਕਾਨੂੰਨ ਬਦਲ ਕੇ ਨਵਾਂ ਬਣਾਉਣ ਦੀ ਕਵਾਇਦ ਕਰਨੀ ਪਈ। ਯੂਪੀਏ ਸਰਕਾਰ ਅਜਿਹਾ ਕਾਨੂੰਨ ਬਣਾਉਣਾ ਚਾਹੁੰਦੀ ਜੋ ਕਾਰਪਰੇਟ ਘਰਾਣਿਆਂ ਦੇ ਹਿੱਤ ਪੂਰਦਾ ਹੋਵੇ। ਪਰ ਉਸ ਸਮੇਂ ਸਰਕਾਰ 'ਤੇ ਦੇਸ਼ ਭਰ ਅੰਦਰ ਕਿਸਾਨਾਂ ਦੇ ਉਠ ਰਹੇ ਸ਼ੰਘਰਸ਼ਾਂ ਦਾ ਦਬਾਅ ਸੀ। ਇਸ ਦਬਾਅ ਕਾਰਨ ਸਰਕਾਰ ਨੂੰ ਇਸ ਕਾਨੂੰਨ 'ਚ ਕੁਝ ਅਜਿਹੀਆਂ ਮਦਾਂ ਵੀ ਪਾਉਣੀਆਂ ਪਈਆਂ ਸਨ ਜਿਹੜੀਆਂ ਕਿਸਾਨਾਂ ਨੂੰ ਕੁਝ ਹੱਦ ਤੱਕ ਰਾਹਤ ਦਿੰਦੀਆਂ ਹੋਣ ਅਤੇ ਇਹ ਇਸ ਕਾਨੂੰਨ ਨੂੰ ਮਾਨਵੀ ਚਿਹਰਾ ਪਰਦਾਨ ਕਰਦੀਆਂ ਹੋਣ।

ਇਸ ਕਾਨੂੰਨ ਬਣਾਉਣ ਸਮੇਂ ਇਸ 'ਚ ਵਾਰ ਵਾਰ ਸੋਧਾਂ ਕਰਨੀਆਂ ਪਈਆਂ ਸਨ ਅਤੇ ਇਸ ਨੂੰ ਬਣਾਉਣ ਲਈ ਛੇ-ਸੱਤ ਸਾਲ ਲੱਗ ਗਏ ਸਨ। ਪਹਿਲਾਂ ਇਸ ਕਾਨੂੰਨ ਦੇ ਖਰੜੇ 'ਚ ਸ਼ਹਿਰਾਂ ਦੀ ਜ਼ਮੀਨ ਨੂੰ ਐਕੁਆਇਰ ਕਰਨ ਸਮੇਂ ਤਿੰਨ ਗੁਣਾਂ ਅਤੇ ਪੇਂਡੂ ਖੇਤਰ ਦੀ ਜ਼ਮੀਨ ਐਕੁਆਇਰ ਕਰਨ ਸਮੇਂ ਛੇ ਗੁਣਾਂ ਕੀਮਤ ਦੇਣਾ ਰੱਖਿਆ ਗਿਆ ਪਰ ਕਾਰਪੋਰੇਟ ਘਰਾਣਿਆਂ ਦੇ ਦਬਾਅ ਕਾਰਨ ਕਾਨੂੰਨ ਪਾਸ ਕਰਨ ਸਮੇਂ ਸਹਿਰਾਂ ਵਿੱਚ ਇਹ ਦੋ ਗੁਣਾਂ ਅਤੇ ਪੇਂਡੂ ਖੇਤਰ 'ਚ ਚਾਰ ਗੁਣਾਂ ਕਰ ਦਿੱਤਾ ਗਿਆ। ਇਸ ਕਾਨੂੰਨ ਨਾਲ ਵੀ ਭਾਵੇਂ ਕਿਸਾਨ ਸੰਗਠਨ ਸਹਿਮਤ ਨਹੀਂ ਸਨ ਪਰ ਯੂਪੀਏ ਸਰਕਾਰ ਨੇ ਇਸ ਨੂੰ ਪਾਸ ਕਰਾਉਣ ਲਈ ਭਾਜਪਾ ਅਤੇ ਹੋਰ ਪਾਰਲੀਮਾਨੀ ਪਾਰਟੀਆਂ ਦੀ ਸਹਿਮਤੀ ਲੈ ਕੇ ਇਹ ਕਾਨੂੰਨ ਪਾਸ ਕਰ ਲਿਆ ਸੀ। ਪਰ ਮੋਦੀ ਸਰਕਾਰ ਨੇ ਸੱਤਾ 'ਚ ਆਉਂਦਿਆਂ ਹੀ ਇਸ ਕਾਨੂੰਨ 'ਚ ਕਾਰਪੋਰੇਟ ਘਰਾਣਿਆਂ ਨੂੰ ਖ਼ੁਸ਼ ਕਰਨ ਲਈ ਵੱਡੀਆਂ ਤਬਦੀਲੀਆਂ ਕਰਕੇ ਤਿੰਨ ਵਾਰ ਆਰਡੀਨੈਂਸ ਲਿਆਂਦੇ ਹਨ। ਇਸ 2013 ਵਾਲੇ ਕਾਨੂੰਨ 'ਚੋਂ ਸਰਕਾਰੀ ਕੰਮਾਂ ਲਈ 80 ਪ੍ਰਤੀਸ਼ਤ ਅਤੇ ਨਿੱਜੀ ਅਤੇ ਸਰਕਾਰੀ ਸਾਂਝੇਦਾਰੀ ਲਈ 70 ਪ੍ਰਤੀਸ਼ਤ ਕਿਸਾਨਾਂ ਦੀ ਸਹਿਮਤੀ ਲੈਣ, ਜ਼ਮੀਨ ਐਕਆਇਰ ਸਮੇਂ ਲੋਕਾਂ 'ਤੇ ਬੁਰੇ ਪ੍ਰਭਾਵ ਪੈਣ ਵਾਲੀ ਸਮਾਜਿਕ ਜਾਇਜ਼ੇ ਦਾ ਸਰਵੇ ਕਰਨ, ਜਿਸ ਉਦੇਸ਼ ਲਈ ਜ਼ਮੀਨ ਐਕਆਇਰ ਕੀਤੀ ਗਈ ਹੈ, ਉਸ ਦੀ ਜ਼ਮੀਨ ਦੀ ਪੰਜ ਸਾਲ 'ਚ ਵਰਤੋਂ ਨਾ ਕਰਨ 'ਤੇ ਵਾਪਿਸ ਜ਼ਮੀਨ ਮਾਲਕ ਕੋਲ ਜਾਣ, ਸੇਜੂ ਅਤੇ ਬਹੁ-ਫ਼ਸਲੀ ਜ਼ਮੀਨ ਐਕਆਇਰ ਨਾ ਕਰ ਸਕਨ, ਜ਼ਮੀਨ ਗ਼ਲਤ ਢੰਗ ਨਾਲ ਐਕਆਇਰ ਕਰਨ ਵਾਲੇ ਅਧਿਕਾਰੀਆਂ ਨੂੰ ਸਜ਼ਾ ਦੇਣ ਆਦਿ ਕਿਸਾਨਾਂ ਪੱਖੀ ਮਦਾਂ ਨੂੰ ਕੱਢ ਕੇ ਮੋਦੀ ਸਰਕਾਰ ਸਰੇਆਮ ਕਾਰਪੋਰੇਟ ਘਰਾਣਿਆ ਦੇ ਪੱਖ 'ਚ ਖੜ੍ਹ ਗਈ ਹੈ।

ਭਾਜਪਾ ਨੇ ਆਪਣੇ ਚੋਣ ਮੈਨੀਫ਼ੈਸਟੋ 'ਚ ਲਿਖਿਆ ਸੀ ਕਿ ਸੱਤਾ ਆਉਣ 'ਤੇ ਇਹ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰੇਗੀ ਜਿਸ 'ਚ ਕਿਸਾਨੀ ਦੀਆਂ ਫ਼ਸਲਾਂ ਦੇ ਲਾਗਤਾਂ 'ਤੇ 50 ਪ੍ਰਤੀਸ਼ਤ ਮੁਨਾਫ਼ਾ ਦੇਣ ਤੋਂ ਇਲਾਵਾ ਬਹੁਤ ਸਾਰੇ ਹੋਰ ਕਿਸਾਨ ਪੱਖੀ ਸੁਝਾਅ ਦਿੱਤੇ ਗਏ ਸਨ। ਮੋਦੀ ਦੀ ਐਨਡੀਏ ਸਰਕਾਰ ਨੇ ਯੂਪੀਏ ਦੇ ਕਦਮਾਂ 'ਤੇ ਚਲਦਿਆਂ ਫ਼ਸਲਾਂ ਦਾ ਘੱਟੋ ਘੱਟ ਸਹਾਇਕ ਮੁੱਲ ਨਿਰਧਾਰਤ ਕਰਕੇ ਉਸ ਦੀ ਸਰਕਾਰੀ ਖ਼ਰੀਦ ਕਰਨ ਤੋਂ ਭੱਜਣ ਦੀ ਤਿਆਰੀ ਕਰ ਲਈ ਹੈ ਅਜਿਹਾ ਕਰਨ ਲਈ ਇਸ ਨੇ ਸ਼ਾਂਤਾ ਕਮੇਟੀ ਦੀਆਂ ਸਿਫ਼ਾਰਸ਼ਾਂ ਮੰਨਣ ਲਈ ਕਦਮ ਚੁੱਕ ਲਏ ਹਨ। ਇੱਕ ਪਾਸੇ ਸਰਕਾਰ ਵੱਡੇ ਕਾਰਪੋਰੇਟ ਘਰਾਣਿਆਂ ਨੂੰ ਟੈਕਸਾਂ 'ਚ ਛੋਟਾਂ ਦੇ ਰਹੀ ਹੈ ਅਤੇ ਉਨ੍ਹਾਂ ਵੱਲੋਂ ਸਰਕਾਰੀ ਬੈਂਕਾਂ ਤੋਂ ਲਏ ਖਰਬਾਂ ਰੁਪਇਆਂ 'ਤੇ ਲੀਕ ਮਾਰ ਰਹੀ ਹੈ ਜਾਂ ਉਨ੍ਹਾਂ ਨੂੰ ਲੰਬੀ ਮਿਆਦ ਦੇ ਕਰਜ਼ਿਆਂ 'ਚ ਤਬਦੀਲ ਕਰ ਰਹੀ ਹੈ ਪਰ ਦੂਜੇ ਪਾਸੇ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਖ਼ਤਮ ਕਰਨ ਲਈ ਕਦਮ ਪੁਟ ਰਹੀ ਹੈ। ਅਜਿਹਾ ਕਰਨ ਲਈ ਇਸ ਨੇ ਅਗਲੇ ਚਾਰ ਸਾਲਾਂ 'ਚ ਯੂਰੀਏ ਦੀ ਸਬਸਿਡੀ 'ਚ 4800 ਕਰੋੜ ਰੁਪਏ ਦੀ ਕਟੌਤੀ ਕਰਨ ਦੀ ਤਿਆਰੀ ਕਰ ਲਈ ਹੈ।

ਸਰਕਾਰ ਨੇ ਇਸ ਸਾਲ ਵਿਦੇਸ਼ਾਂ 'ਚੋਂ ਯੂਰੀਏ ਦੀ ਖ਼ਰੀਦ 'ਚ ਜਾਣ ਬੁਝ ਕੇ ਦੇਰੀ ਕਰਨ ਰਾਹੀਂ ਕਿਸਾਨਾਂ ਨੂੰ ਦਰਸਾ ਦਿੱਤਾ ਹੈ ਕਿ ਸਰਕਾਰ ਆਉਂਦੇ ਸਾਲਾਂ 'ਚ ਯੂਰੀਏ 'ਤੇ ਸਬਸਿਡੀ 'ਤੇ ਕਟੌਤੀ ਕਰੇਗੀ। ਯੂਪੀਏ ਸਰਕਾਰ ਨੇ 2010 'ਚ ਖਾਦ ਨੀਤੀ 'ਚ ਤਬਦੀਲੀ ਕਰਕੇ 2009 'ਚ 1.17 ਲੱਖ ਕਰੋੜ ਦੀ ਸਬਸਿਡੀ ਨੂੰ 2010 'ਚ 70,000 ਕਰੋੜ ਰੁਪਏ ਤੱਕ ਲੈ ਆਂਦਾ ਸੀ। ਇਸ ਨੀਤੀ ਤਹਿਤ ਡੀ.ਏ.ਪੀ. ਖਾਦ ਦੀ ਕੀਮਤ ਕੰਟਰੋਲ ਮੁਕਤ ਹੋ ਗਈ ਸੀ ਅਤੇ ਖਾਦ ਕੰਪਨੀਆਂ ਨੂੰ ਇਸ ਦੀ ਕੀਮਤ ਨਿਰਧਾਰਤ ਕਰਨ ਖੁੱਲ੍ਹ ਮਿਲ ਗਈ ਸੀ ਜਿਸ ਦੇ ਸਿੱਟੇ ਵਜੋਂ ਡੀ.ਏ.ਪੀ. ਦੀ ਇੱਕ ਬੋਰੀ ਦੀ ਕੀਮਤ ਪੰਜ ਸਾਲਾਂ 'ਚ 487 ਰੁਪਏ ਤੋਂ ਵਧ ਕੇ 1320 ਰੁਪਏ ਹੋ ਗਈ। ਇਸ ਸਾਲ ਇਸ ਦੀ ਇੱਕ ਬੋਰੀ ਦੀ ਕੀਮਤ 'ਚ 120 ਰੁਪਏ ਦਾ ਹੋਰ ਵਾਧਾ ਕੀਤਾ ਗਿਆ ਹੈ। ਸਬਸਿਡੀ ਕਾਰਨ ਇਸ ਸਮੇਂ ਯੂਰੀਏ ਦੀ ਇਸ ਇੱਕ ਬੋਰੀ ਦੀ ਸਥਾਨਿਕ ਟੈਕਸਾਂ ਤੋਂ ਬਿਨਾਂ ਕੀਮਤ 268 ਰੁਪਏ ਹੈ। ਕਿਉਂਕਿ ਆਉਂਦੇ ਸਾਲਾਂ 'ਚ ਸਰਕਾਰ ਯੂਰੀਏ 'ਤੇ ਸਬਸਿਡੀ ਖ਼ਤਮ ਕਰ ਜਾ ਰਹੀ ਹੈ ਅਤੇ ਇਸ ਦੀ ਕੀਮਤ ਨੂੰ ਕੰਟਰੋਲ ਮੁਕਤ ਕਰ ਰਹੀ ਹੈ। ਇਸ ਤਰ੍ਹਾਂ ਆਉਂਦੇ ਸਾਲਾਂ 'ਚ ਯੂਰੀਏ ਅਤੇ ਹੋਰ ਖਾਦਾਂ ਦੀਆਂ ਕੀਮਤਾਂ 'ਚ ਵਾਧਾ ਹੋਣ ਨਾਲ ਖੇਤੀ ਦੀਆਂ ਲਾਗਤਾਂ 'ਚ ਵੱਡਾ ਵਾਧਾ ਹੋ ਜਾਵੇਗਾ। ਇੱਕ ਪਾਸੇ ਖੇਤੀ ਲਾਗਤਾਂ 'ਚ ਵੱਡੀ ਪੱਧਰ 'ਤੇ ਵਾਧਾ ਹੋ ਰਿਹਾ ਪਰ ਕੇਂਦਰੀ ਸਰਕਾਰ ਨੇ ਝੋਨੇ ਦੇ ਘੱਟੋ ਘੱਟ ਸਹਾਇਕ ਮੁੱਲ 'ਚ ਸਿਰਫ਼ 50 ਰੁਪਏ ਪ੍ਰਤੀ ਕੁਵਿੰਟਲ ਵਾਧਾ ਕੀਤਾ ਹੈ।

ਇਸ ਨਾਲ ਕਿਸਾਨੀ ਦਾ ਸੰਕਟ ਹੋਰ ਗਹਿਰਾ ਹੋਵੇਗਾ। ਸਰਕਾਰ ਪਿਛਲੇ ਕਈ ਸਾਲਾਂ ਤੋਂ ਪਾਣੀ ਦਾ ਪੱਧਰ ਆਏ ਸਾਲ ਨੀਵਾਂ ਹੋਣ ਕਾਰਨ ਪੈਦਾ ਹੋ ਰਹੇ ਪਾਣੀ ਦੇ ਸੰਕਟ ਨੂੰ ਨਜਿੱਠਣ ਅਤੇ ਬਾਸਮਤੀ ਨੂੰ ਵਿਦੇਸ਼ੀ ਮੰਡੀ 'ਚ ਵੇਚਣ ਲਈ ਬਾਸਮਤੀ ਦੀ ਪੂਸਾ 1121 ਦੀ ਕਿਸਮ ਨੂੰ ਉਤਸ਼ਾਹਤ ਕਰਦੀ ਰਹੀ ਹੈ ਪਰ ਬਾਸਮਤੀ ਦਾ ਘੱਟੋ ਘੱਟ ਸਹਾਇਕ ਮੁੱਲ ਤੈਅ ਨਾ ਹੋਣ ਕਾਰਨ ਅਤੇ ਇਸ ਦੇ ਮੰਡੀਕਰਨ ਦੀ ਗਰੰਟੀ ਨਾ ਹੋਣ ਕਰਕੇ ਇਸ ਦੀ ਰੇਟ ਜੋ 2013-14 'ਚ 4500 ਪ੍ਰਤੀ ਕੁਵਿੰਟਲ ਸਨ, ਉਹ ਗਿਰ ਕੇ 2014-15 'ਚ 2000 ਰੁਪਏ ਦੇ ਲਗਪਗ ਹੋ ਗਏ ਸਨ। ਐਤਕੀ ਬੇਮੌਸਮੀ ਬਾਰਸ਼ ਹੋਣ ਕਣਕ ਦੇ ਝਾੜ ਘਟਣ, ਬਾਸਮਤੀ ਦੀ ਮੁੱਲ 'ਚ ਗਿਰਾਵਟ, ਕਿੰਨੂਆਂ, ਆਲੂਆਂ ਖ਼ਰਬੂਜਿਆਂ ਅਤੇ ਤਰਬੂਜ ਦੀ ਬੇਕਦਰੀ ਹੋਣ ਕਾਰਨ ਕਿਸਾਨਾਂ ਲਈ ਖੇਤੀ ਧੰਦਾ ਹੋਰ ਵੀ ਘਾਟੇਵੰਦਾ ਸੌਦਾ ਬਣ ਗਿਆ ਹੈ। ਚੀਨੀ ਦੇ ਭਾਅ 'ਚ ਗਿਰਾਵਟ ਦਾ ਬਹਾਨਾ ਬਣਾ ਕੇ ਮਿੱਲ ਮਾਲਕਾਂ ਨੇ ਕਿਸਾਨਾਂ ਦੇ 20,000 ਕਰੋੜ ਰੁਪਏ ਫਸਾ ਲਏ ਹਨ ਅਤੇ ਇਕੱਲੇ ਪੰਜਾਬ 'ਚ ਇਹ ਰਕਮ 600 ਕਰੋੜ ਰੁਪਏ ਹੈ। ਹੁਣ ਭਾਵੇਂ ਮਿੱਲ ਮਾਲਕਾਂ ਨੇ ਮੋਦੀ ਸਰਕਾਰ ਤੋਂ ਕਿਸਾਨਾਂ ਨੂੰ ਗੰਨੇ ਦਾ ਭੁਗਤਾਨ ਕਰਨ ਦੇ ਬਹਾਨੇ 6,000 ਕਰੋੜ ਰੁਪਏ ਬਿਨਾਂ ਵਿਆਜ ਦੇ ਬਟੋਰ ਲਏ ਹਨ, ਪਰ ਕਿਸਾਨਾਂ ਦੇ ਪੈਸੇ ਅਜੇ ਵੀ ਫਸੇ ਪਏ ਹਨ ਜਿਸ ਕਾਰਨ ਕਿਸਾਨ ਹੁਣ ਗੰਨਾ ਬੀਜਣ ਤੋਂ ਤੋਬਾ ਕਰ ਰਹੇ ਹਨ।

ਕੇਂਦਰ ਸਰਕਾਰ ਨੇ 79 ਫ਼ਸਲਾਂ ਦੇ ਘੱਟੋ ਘੱਟ ਸਹਾਇਕ ਮੁੱਲ ਤੈਅ ਕੀਤੇ ਹੋਏ ਹਨ ਪਰ ਕਣਕ ਅਤੇ ਝੋਨੇ ਨੂੰ ਛੱਡ ਕੇ ਬਾਕੀ ਫ਼ਸਲਾਂ ਦੇ ਮੰਡੀਕਰਨ ਦੀ ਸਮੱਸਿਆ ਕਾਰਨ ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਬਹੁਤੀ ਵਾਰ ਘੱਟ ਭਾਅ 'ਤੇ ਵੇਚਣੀਆਂ ਪੈ ਰਹੀਆਂ ਹਨ ਅਤੇ ਜਦੋਂ ਕੌਮਾਂਤਰੀ ਅਤੇ ਕੌਮੀ ਤੌਰ 'ਤੇ ਫ਼ਸਲਾਂ ਦੀ ਪੈਦਾਵਾਰ ਘੱਟ ਜਾਂਦੀ ਹੈ ਤਾਂ ਕਦੇ ਕਦਾਈਂ ਕਿਸਾਨਾਂ ਨੂੰ ਇਸ ਦਾ ਵਧ ਰੇਟ ਵੀ ਮਿਲ ਜਾਂਦਾ ਹੈ। ਸਰਕਾਰ ਨੇ ਦਾਲਾਂ ਦਾ ਘੱਟੋ ਘੱਟ ਸਹਾਇਕ ਮੁੱਲ ਤੈਅ ਕੀਤਾ ਹੋਇਆ ਹੈ ਪਰ ਇਨ੍ਹਾਂ ਦੇ ਮੰਡੀਕਰਨ ਦੀ ਕੋਈ ਵਿਵਸਥਾ ਨਾ ਹੋਣ ਕਾਰਨ ਕਈ ਵਾਰ ਕਿਸਾਨਾਂ ਨੂੰ ਇਹ ਘੱਟ ਰੇਟ 'ਤੇ ਵੇਚਣੀਆਂ ਪੈਂਦੀਆਂ ਹਨ ਪਰ ਐਤਕੀ ਦਾਲਾਂ ਦੀ ਪੈਦਾਵਾਰ ਪਿਛਲੇ ਸਾਲ ਦੇ 19.25 ਮਿਲੀਅਨ ਟਨ ਤੋਂ ਘੱਟ ਕੇ 17.38 ਮਿਲੀਅਨ ਟਨ ਰਹਿ ਗਈ ਹੈ। ਇਸ ਦੇ ਸਿੱਟੇ ਵਜੋਂ ਦਾਲਾਂ ਦੇ ਭਾਅ ਅਸਮਾਨੀ ਚੜ੍ਹ ਗਏ ਹਨ। ਕਾਲੇ ਛੋਲਿਆਂ ਦਾ ਸਰਕਾਰ ਨੇ ਘੱਟੋ ਘੱਟ ਸਹਾਇਕ ਮੁੱਲ 3000-3100 ਰੁਪਏ ਕੁਵਿੰਟਲ ਤੈਅ ਕੀਤਾ ਹੋਇਆ ਹੈ ਪਰ ਇਹ ਪਿਛਲੇ ਤਿੰਨ ਸਾਲਾਂ 'ਚ ਮੰਡੀ 'ਚ ਸਹਾਇਕ ਮੁੱਲ ਤੋਂ ਵੀ ਨੀਚੇ 2600-2700 ਰੁਪਏ ਕੁਵਿੰਟਲ ਵਿਕਦੇ ਰਹੇ ਹਨ ਪਰ ਐਤਕੀ ਪ੍ਰਚੂਨ 'ਚ ਕਾਲੇ ਛੋਲੇ 76 ਰੁਪਏ ਵਿਕ ਰਹੇ ਹਨ ਜੋ ਪਿਛਲੇ ਸਾਲ 'ਚ 46 ਰੁਪਏ ਸਨ। ਇਸੇ ਤਰ੍ਹਾਂ ਅਰਹਰ ਪਿਛਲੇ ਸਾਲ ਦੇ 73 ਦੇ ਮੁਕਾਬਲੇ ਐਤਕੀ 110 ਰੁਪਏ, ਮਾਂਹ 71 ਦੇ ਮੁਕਾਬਲੇ 109 ਰੁਪਏ, ਮੂੰਗੀ 104 ਦੇ ਮੁਕਾਬਲੇ 109 ਅਤੇ ਮਸਰ 69 ਦੀ ਬਜਾਏ 94 ਰੁਪਏ ਵਿਕ ਰਹੀ ਹੈ। ਇਸ ਤਰ੍ਹਾਂ ਮੋਦੀ ਦੇ ਰਾਜ 'ਚ ਮਹਿੰਗਾਈ ਨੇ ਲੋਕਾਂ ਦਾ ਨੱਕ 'ਚ ਦਮ ਕੀਤਾ ਹੋਇਆ ਹੈ।

ਨਵ-ਉਦਾਰਵਾਦੀ ਨੀਤੀਆਂ ਤਹਿਤ ਭਾਰਤੀ ਹਾਕਮਾਂ ਨੇ ਭਾਰਤੀ ਆਰਥਿਕਤਾ ਨੂੰ ਵਿਸ਼ਵ ਆਰਥਿਕਤਾ ਨਾਲ ਜੋੜ ਦਿੱਤਾ ਹੈ। ਇਸ ਤਰ੍ਹਾਂ ਭਾਰਤ ਦਾ ਜ਼ਰੱਈ ਖੇਤਰ ਵੀ ਵਿਸ਼ਵ ਮੰਡੀ ਨਾਲ ਜੁੜ ਗਿਆ ਹੈ ਜਿਸ ਦੇ ਸਿੱਟੇ ਵਜੋਂ ਸੰਸਾਰ ਮੰਡੀ ਭਾਰਤ ਦੀਆਂ ਖੇਤੀ ਉਪਜਾਂ ਦੀਆਂ ਕੀਮਤਾਂ ਨੂੰ ਪ੍ਰਭਾਵਤ ਕਰਨ ਲੱਗ ਪਈ ਹੈ। ਖਾਧ ਅਤੇ ਖੇਤੀ ਜਥੇਬੰਦੀ (ਐਫ਼ਏਓ) ਵੱਲੋਂ ਜਾਰੀ ਅੰਕੜਿਆਂ ਮੁਤਾਬਿਕ 2003-04 ਨੂੰ 100 ਆਧਾਰ ਮੰਨ ਕੇ ਖਾਧ ਵਸਤਾਂ 'ਚ 2011 ਤੱਕ 238 ਅੰਕਾਂ ਦਾ ਵਾਧਾ ਹੋਇਆ ਸੀ ਪਰ ਪਿਛਲੀ ਅਪਰੈਲ 2014 ਤੋਂ ਮਈ 2015 ਤੱਕ 'ਵਿਸ਼ਵ ਖਾਧ ਸੂਚਕ ਅੰਕ' 'ਚ 210.4 ਤੋਂ 171 ਤੱਕ ਦੀ 40 ਪ੍ਰਤੀਸ਼ਤ ਗਿਰਾਵਟ ਆਈ ਹੈ। ਪਰ ਭਾਰਤ 'ਚ ਪਹਿਲਾਂ ਮਾਨਸੂਨ 'ਚ ਘੱਟ ਬਾਰਸ਼ ਹੋਣ ਕਾਰਨ ਬਿਜਾਈ ਪਛੜਣ ਜਾਂ ਘੱਟ ਹੋਣ ਅਤੇ ਫਿਰ ਬੇਮੌਸਮੀ ਬਾਰਸ਼ ਕਾਰਨ ਖੇਤੀ ਪੈਦਾਵਾਰ ਮਾੜੇ ਰੁਖ ਪ੍ਰਭਾਵਤ ਹੋਈ ਹੈ। ਕੌਮਾਂਤਰੀ ਅਤੇ ਕੌਮੀ ਕਾਰਨਾਂ ਕਰਕੇ ਦਾਲਾਂ ਨੂੰ ਛੱਡ ਕੇ ਬਾਕੀ ਫ਼ਸਲਾਂ ਦੀਆਂ ਕੀਮਤਾਂ 'ਚ ਗਿਰਾਵਟ ਆਈ ਹੈ। ਕਪਾਹ ਦੀਆਂ ਕੀਮਤਾਂ ਜੋ 2013-14 'ਚ 4800-4900 ਰੁਪਏ ਕੁਵਿੰਟਲ ਸਨ, ਉਹ 2014-15 'ਚ ਘੱਟ ਕੇ 3900-4000 ਰਹਿ ਗਈਆਂ ਹਨ। ਬਾਸਮਤੀ 4100-4200 ਤੋਂ 2500-2600, ਸੋਇਆਬੀਨ 3600-3700 ਤੋਂ 3000-3100, ਰਬੜ ਦੀਆਂ ਕੀਮਤਾਂ 150-155 ਤੋਂ 115-120 ਪ੍ਰਤੀ ਕੁਵਿੰਟਲ ਰਹਿ ਗਈਆਂ ਅਤੇ ਚੀਨੀ 'ਚ 29-31 ਤੋਂ 25 ਰੁਪਏ ਕਿਲੋ ਤੱਕ ਦੀ ਗਿਰਾਵਟ ਹੋਈ ਹੈ। ਇੱਕ ਪਾਸੇ ਫ਼ਸਲਾਂ ਦੇ ਭਾਅ ਘਟਣ ਅਤੇ ਦੂਜੇ ਪਾਸੇ ਫ਼ਸਲਾਂ ਦੇ ਝਾੜ ਘਟਣ ਕਾਰਨ ਕਿਸਾਨਾਂ ਨੂੰ ਵੱਡਾ ਘਾਟਾ ਪੈ ਰਿਹਾ ਹੈ। ਜਿਸ ਕਰਕੇ ਕਿਸਾਨਾਂ ਸਿਰ ਕਰਜ਼ਾ ਹੋਰ ਵਧ ਗਿਆ ਹੈ ਅਤੇ ਕਿਸਾਨਾਂ ਲਈ ਠੇਕੇ 'ਤੇ ਮਹਿੰਗੀਆਂ ਜ਼ਮੀਨਾ ਲੈਣਾ ਮੁਸ਼ਕਿਲ ਹੋ ਰਿਹਾ ਹੈ। ਮਹਿੰਗੇ ਠੇਕੇ ਲੈ ਕੇ ਜ਼ਮੀਨ ਠੇਕੇ 'ਤੇ ਦੇਣ ਵਾਲਿਆਂ ਅਤੇ ਲੈਣ ਵਾਲਿਆਂ 'ਚ ਤਕਰਾਰ ਵਧਿਆ ਹੈ। ਪੰਜਾਬ ਅਤੇ ਹਰਿਆਣਾ 'ਚ ਕਈ ਥਾਵਾਂ 'ਤੇ ਜ਼ਮੀਨ ਦਾ ਠੇਕਾ 60,000 ਰੁਪਏ ਪ੍ਰਤੀ ਏਕੜ ਤੱਕ ਪਹੁੰਚ ਗਿਆ ਸੀ। ਕਰਿੱਡ ਦੇ ਪ੍ਰੋਫ਼ੈਸਰ ਸ਼ੇਰ ਸਿੰਘ ਸੰਘਵਾਂ ਦੇ ਅਧਿਐਨ ਮੁਤਾਬਿਕ ਬਾਸਮਤੀ ਕੀਮਤ ਪਿਛਲੇ ਸਾਲਾਂ 'ਚ 4500 ਰੁਪਏ ਕੁਵਿੰਟਲ ਅਤੇ ਇੱਕ ਏਕੜ ਦਾ 20 ਕੁਵਿੰਟਲ ਝਾੜ ਮੰਨ ਕੇ ਕਿਸਾਨ ਨੂੰ 90,000 ਹਜ਼ਾਰ ਪ੍ਰਾਪਤ ਹੁੰਦਾ ਸੀ। ਇਸ ਵਿੱਚੋਂ 60,000 ਰੁਪਏ ਠੇਕਾ ਅਤੇ 2,000 ਲਾਗਤ ਪਾ ਕੇ ਉਸ ਨੂੰ 10,000 ਪਰਿਵਾਰਕ ਲੇਬਰ ਦੇ ਬਚ ਜਾਂਦੇ ਸਨ। ਇਸੇ ਤਰ੍ਹਾਂ ਕਣਕ 'ਚੋ ਉਸ ਨੂੰ 15000 ਰੁਪਏ ਹੋਰ ਬਚ ਜਾਂਦੇ ਸਨ। ਇਸ ਤਰ੍ਹਾਂ ਨੂੰ ਇੱਕ ਏਕੜ 'ਚੋ ਘਰੇਲੂ ਖਰਚੇ ਲਈ 25000 ਰੁਪਏ ਪ੍ਰਤੀ ਏਕੜ ਬਚ ਸਕਦੇ ਸਨ। ਜੇਕਰ ਉਹ ਕੋਈ ਵਿਆਜ ਨਹੀਂ ਦਿੰਦਾ। ਪਰ ਬਾਸਮਤੀ ਦੀ ਕੀਮਤ 'ਚ ਹੁਣ 2000 ਰੁਪਏ ਪ੍ਰਤੀ ਕੁਵਿੰਟਲ ਹੋਣ 'ਤੇ ਹੁਣ ਉਸ ਨੂੰ ਭਾਰੀ ਘਾਟਾ ਪੈ ਰਿਹਾ ਹੈ।


ਬੇਮੌਸਮੀ ਬਾਰਸ਼ ਦਾ ਹੁਣ ਤੱਕ ਕੋਈ ਇਵਜ਼ਾਨਾ ਨਹੀਂ ਦਿੱਤਾ ਗਿਆ। ਪੰਜਾਬ ਦੇ ਕਿਸਾਨਾਂ ਸਿਰ 35000 ਕਰੋੜ ਚੜ੍ਹਿਆ ਹੋਇਆ ਹੈ। ਪੰਜਾਬ ਦੇ ਕਿਸਾਨ ਸਿਰ ਔਸਤ 89.000 ਰੁਪਏ ਪ੍ਰਤੀ ਕਿਸਾਨ ਕਰਜ਼ਾ ਹੈ ਅਤੇ ਪੰਜਾਬ ਦੇ ਪੇਂਡੂ ਮਜ਼ਦੂਰ ਵੀ ਇਸ ਤੋਂ ਬਚੇ ਹੋਏ ਨਹੀਂ ਹਨ। ਇਸ ਕਰਜ਼ੇ ਦੀ ਪੰਡ ਕਾਰਨ 6926 ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ। ਅਤੇ ਇਸ ਵਾਸਤੇ 20 ਕਰੋੜ ਰੁਪਏ ਬਜਟ 'ਚ ਰੱਖੇ ਵੀ ਸਨ। ਪੰਜਾਬ ਸਰਕਾਰ ਨੇ ਖ਼ੁਦਕੁਸ਼ੀਆਂ ਪੀੜਤ ਕਿਸਾਨਾਂ ਨੂੰ ਤਿੰਨ ਲੱਖ ਰੁਪਏ ਇਵਜ਼ਾਨਾ ਦੇਣ ਦਾ ਐਲਾਨ ਕੀਤਾ ਸੀ ਪਰ ਪੰਜਾਬ ਸਰਕਾਰ ਨੇ ਅਜੇ ਤੱਕ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਇਵਜ਼ਾਨਾ ਨਹੀਂ ਦਿੱਤਾ॥ ਸਰਕਾਰ ਨੇ ਬੇਮੌਸਮੀ ਬਾਰਸ਼ ਹੋਣ ਦਾ ਅਜੇ ਤੱਕ ਇਵਜ਼ਾਨਾ ਦੇਣਾ ਸ਼ੁਰੂ ਨਹੀਂ ਕੀਤਾ। ਕਿਸਾਨਾਂ ਮਜ਼ਦੂਰਾਂ ਦੀ ਬਾਂਹ ਫੜਨ ਅਤੇ ਉਨ੍ਹਾਂ ਦੀ ਪੀੜਾ ਨੂੰ ਘਟਾਉਣ ਲਈ, ਕੋਈ ਰਾਹਤ ਪ੍ਰਦਾਨ ਕਰਨ ਦੀ ਬਜਾਏ ਖੇਤੀ ਮੰਤਰੀ ਤੋਤਾ ਸਿੰਘ ਉਨ੍ਹਾਂ ਨੂੰ ਫੋਕੇ ਦਿਲਾਸੇ ਦਿੰਦਾ ਕਹਿ ਰਿਹਾ ਕਿ ਮਜ਼ਦੂਰਾਂ ਕਿਸਾਨਾਂ ਨੂੰ ਖ਼ੁਦਕੁਸ਼ੀਆਂ ਨਹੀਂ ਕਰਨੀਆਂ ਚਾਹੀਦੀਆਂ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮੋਦੀ ਦੇ ਇੱਕ ਸਾਲ ਅੰਦਰ ਜਰੱਈ ਸੰਕਟ ਹੋਰ ਵਧ ਗਿਆ ਹੈ ਅਤੇ ਇੱਕ ਅਪਰੈਲ ਤੋਂ ਬਾਅਦ ਹੁਣ ਤੱਕ ਇਕੱਲੇ ਪੰਜਾਬ 'ਚ 50 ਤੋਂ ਵੱਧ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਕਰਨ ਤੋਂ ਬਿਨਾਂ ਕੋਈ ਰਾਹ ਦਿਖਾਈ ਨਹੀਂ ਦਿੰਦਾ। ਭਾਰਤੀ ਹਾਕਮ ਜੋ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੇ ਹਨ, ਖ਼ੁਦਕੁਸ਼ੀਆਂ ਉਨ੍ਹਾਂ ਨੀਤੀਆਂ ਦਾ ਹੀ ਸਿੱਟਾ ਹੈ। ਇਸ ਕਰਕੇ ਜਰੱਈ ਸੰਕਟ ਦਾ ਹੱਲ ਇਸ ਲੋਟੂ-ਪ੍ਰਬੰਧ ਨੂੰ ਤਬਦੀਲ ਕਰਕੇ ਇੱਕ ਲੁੱਟ-ਰਹਿਤ ਸਮਾਜ ਸਿਰਜ ਕੇ ਹੀ ਕੀਤਾ ਜਾ ਸਕਦਾ ਹੈ।



**ACCOUNTANT**
Corporate & Personal Business
Attends: CRA Audits and Appeals
**SUKHDEV SINGH CPA, CGA**
TEL: (905) 793-0909 FAX: (905)-450-2165
10-2084 STEELES AVE EAST, BRAMPTON, L6T 5A6
EMAIL: sukhdevcga@gmail.com

# ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦਾ ਮਸਲਾ

-ਨਵਕਿਰਨ ਪੱਤੀ



ਪੰਜਾਬ ਵਿੱਚ ਇੰਨੀ ਦਿਨੀ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਮਸਲਾ ਸੁਰਖੀਆ ਵਿੱਚ ਹੈ। ਉਂਝ ਤਾਂ ਇਹ ਮਸਲਾ ਸਥਿਤੀਆਂ ਅਤੇ ਹਲਾਤਾਂ ਦੀ ਉਪਜ ਹੈ ਪਰ ਇਸਦੇ ਫੌਰੀ ਚਰਚਿਤ ਹੋਣ ਦਾ ਮੁੱਖ ਕਾਰਨ ਪਹਿਲਾ ਦੋ ਵਾਰ ਗੁਰਬਖਸ਼ ਸਿੰਘ ਖਾਲਸਾ ਦਾ ਭੁੱਖ ਹੜਤਾਲ ਉੱਪਰ ਬੈਠਣਾ ਅਤੇ ਹੁਣ ਸੂਰਤ ਸਿੰਘ ਖਾਲਸਾ ਵੱਲੋਂ ਕੀਤੀ ਭੁੱਖ ਹੜਤਾਲ ਬਣਿਆ ਹੈ। ਸ਼ਾਇਦ ਇਸੇ ਦਬਾਅ ਤਹਿਤ ਹੀ ਇੱਕਾ-ਦੁੱਕਾ ਵਿਅਕਤੀਆਂ ਨੂੰ ਪੰਜਾਬ ਦੀਆਂ ਜੇਲਾਂ ਵਿੱਚ ਤਬਦੀਲ ਵੀ ਕੀਤਾ ਜਾ ਰਿਹਾ ਹੈ।

ਇਸ ਮਸਲੇ ਤੇ ਸ਼ੰਘਰਸ਼ ਕਰ ਰਹੀਆਂ ਧਿਰਾਂ ਕੋਈ ਸਪੱਸ਼ਟ ਨੀਤੀ ਨਹੀਂ ਰੱਖ ਸਕੀਆਂ ਤੇ ਇਸ ਵਿਸ਼ਾਲ ਮੁੱਦੇ ਦੀ ਲਿਸਟ ਸੀਮਤ ਹੁੰਦੀ ਜਾ ਰਹੀ ਹੈ। ਸਿੱਖ ਆਗੂਆਂ/ਜੱਥੇਬੰਦੀਆਂ ਵੱਲੋਂ ਸਿਰਫ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਹੀ ਮਸਲਾ ਉਠਾਉਣਾ ਮਸਲੇ ਨੂੰ ਸੀਮਤ ਕਰਕੇ ਤੰਗਦਿਲੀ ਨਾਲ ਵੇਖਣਾ ਹੈ ਕਿਉਂਕਿ ਇਹ ਮਸਲਾ ਬਾਕੀ ਘੱਟਗਿਣਤੀਆਂ, ਗਰੀਬਾਂ, ਦਲਿਤਾਂ, ਆਦਿਵਾਸੀਆਂ ਲਈ ਵੀ ਉਹਨਾਂ ਹੀ ਮਹੱਤਵਪੂਰਨ ਹੈ ਜਿੰਨਾ ਸਿੱਖ ਘੱਟਗਿਣਤੀਆਂ ਲਈ। ਭਾਰਤੀ ਰਾਜ ਆਮ ਲੋਕਾਂ ਖਾਸ ਕਰਕੇ ਗਰੀਬਾਂ, ਦਲਿਤਾਂ, ਘੱਟ-ਗਿਣਤੀਆਂ, ਕੌਮੀਅਤਾਂ ਅਤੇ ਇਨਕਲਾਬੀਆਂ ਨੂੰ ਰਾਜਤੰਤਰ ਰਾਹੀਂ ਬੇਰਹਿਮੀ ਨਾਲ ਕੁਚਲਣ ਵਾਲੇ ਮੁਲਕਾਂ ਵਿੱਚੋਂ ਇੱਕ ਮੋਹਰੀ ਮੁਲਕ ਹੈ। ਜਿੱਥੇ ਨਾ ਸਿਰਫ ਬੇਕਸੂਰ ਲੋਕ ਜੇਲ੍ਹਾਂ ਵਿੱਚ ਸਜ਼ਾ ਭੁਗਤ ਰਹੇ ਹਨ ਸਗੋਂ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਦੀ ਥਾਂ ਸਾਲਾਂ ਬੱਧੀ ਜੇਲ੍ਹਾਂ ਵਿੱਚ ਡੱਕ ਕੇ ਮਾਨਸਿਕ, ਸਮਾਜਿਕ, ਸਰੀਰਕ ਅਤੇ ਆਰਥਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਸਮੇਂ ਇੱਕ ਅੰਦਾਜੇ ਮੁਤਾਬਿਕ ਪੰਜਾਬ ਦੇ ਕੋਈ 280 ਕੈਦੀਆਂ ਸਮੇਤ ਦੇਸ਼ ਭਰ ਵਿੱਚ ਹਜ਼ਾਰਾਂ ਕੈਦੀ ਆਪਣੀ ਸਜ਼ਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿੱਚ ਰੁਲ ਰਹੇ ਹਨ।

ਭਾਰਤ ਵਿੱਚ ਕੈਦੀਆਂ ਦੀ ਗਿਣਤੀ 4,11,992 ਦੇ ਕਰੀਬ ਹੈ ਜਿਨ੍ਹਾਂ ਵਿੱਚੋਂ 2,78,508 ਕੈਦੀ ਵਿਚਾਰ ਅਧੀਨ ਹਨ ਭਾਵ 67.6 ਫੀਸਦੀ (ਬਹੁ ਗਿਣਤੀ) ਕੈਦੀ ਅਜਿਹੇ ਹਨ ਜਿੰਨ੍ਹਾਂ ਨੂੰ ਅਦਾਲਤ ਨੇ ਦੋਸ਼ੀ ਕਰਾਰ ਨਹੀਂ ਦਿੱਤਾ ਅਤੇ ਉਸਦਾ ਕੇਸ ਅਦਾਲਤ ਦੇ ਵਿਚਾਰ ਅਧੀਨ ਹੈ। ਹਾਲਾਂਕਿ ਹਾਲ ਹੀ ਵਿੱਚ ਭਾਰਤ ਦੇ ਸਾਬਕਾ ਚੀਫ ਜਸਟਿਸ ਕੇ. ਜੀ. ਬਾਲਾਕ੍ਰਿਸ਼ਨ ਖੁਦ ਕਹਿ ਚੁੱਕੇ ਹਨ ਕਿ 'ਜੇਲ੍ਹਾਂ ਸਜ਼ਾਯਾਫਤਾ ਕੈਦੀਆਂ ਦੇ ਲਈ ਹਨ ਨਾ ਕਿ ਵਿਚਾਰ-ਅਧੀਨ ਕੈਦੀਆਂ ਲਈ'। ਪਰ ਫਿਰ ਵੀ ਬਿਨ੍ਹਾਂ ਵਜਾ ਇਨ੍ਹਾਂ ਕੈਦੀਆਂ ਨੂੰ ਜੇਲ੍ਹਾਂ ਵਿੱਚ ਰੱਖਿਆ ਹੋਇਆ ਹੈ। ਕੌਮੀ ਜ਼ੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਭਾਰਤ ਦੇ ਕੁੱਲ ਕੈਦੀਆਂ ਵਿੱਚੋਂ 28.5 ਫੀਸਦੀ ਕੈਦੀ ਵੱਖੋ-ਵੱਖ ਘੱਟਗਿਣਤੀ ਭਾਈਚਾਰਿਆਂ ਨਾਲ ਸਬੰਧਤ ਹਨ ਜਦਕਿ ਮੁਲਕ ਦੀ ਕੁੱਲ ਅਬਾਦੀ ਵਿੱਚ ਇਨ੍ਹਾਂ ਦੀ ਹਿੱਸੇਦਾਰੀ ਮਹਿਜ 20 ਫੀਸਦੀ ਹੈ। ਦਸੰਬਰ 2013 ਤੱਕ ਜੇਲ੍ਹਾਂ ਵਿੱਚ 19.7 ਫੀਸਦੀ ਮੁਸਲਮਾਨ ਭਾਈਚਾਰੇ ਦੇ ਲੋਕ ਬੰਦ ਸਨ ਜਿੰਨ੍ਹਾਂ ਵਿੱਚੋਂ ਸਿਰਫ 5.4 ਫੀਸਦੀ ਉੱਪਰ ਹੀ ਜੁਰਮ ਤਹਿ ਹੁੰਦਾ ਹੈ ਜਦਕਿ ਬਾਕੀ ਬੇਕਸੂਰ ਹੀ ਸਜ਼ਾ ਭੁਗਤਦੇ ਹਨ ਇਹੋ ਹਾਲ ਸਿੱਖਾਂ ਦਾ ਹੈ ਜੋ ਜੇਲ੍ਹਾਂ ਵਿੱਚ 4.5 ਫੀਸਦੀ ਹਨ ਤੇ ਸਜ਼ਾ ਸਿਰਫ 2.8 ਫੀਸਦੀ ਨੂੰ ਹੁੰਦੀ ਹੈ। ਹਕੀਕਤ ਇਹ ਹੈ ਕਿ ਸਾਮਰਾਜੀ ਨੀਤੀਆਂ ਲਾਗੂ ਕਰਦਿਆਂ ਸਾਡੀ ਸਰਕਾਰ ਨੇ ਅਣ-ਐਲਾਨੀ ਐਮਰਜੈਂਸੀ ਠੋਸੀ ਹੋਈ ਹੈ ਜਿੱਥੇ ਜ਼ਬਰ ਰਾਹੀਂ ਲੋਕਾਂ ਨੂੰ ਦਹਿਸ਼ਤਜ਼ਦਾ ਕਰਦਿਆਂ ਜੇਲ੍ਹੀਂ ਡੱਕਿਆ ਜਾ ਰਿਹਾ ਹੈ। ਸਥਾਪਤੀ ਵਿਰੋਧੀ ਵਿਚਾਰਾਂ ਵਾਲਿਆਂ ਨਾਲ ਜੇਲ੍ਹਾਂ ਭਰੀਆਂ ਜਾ ਰਹੀਆਂ ਹਨ। ਇਹੋ ਕਾਰਨ ਹੈ ਕਿ 3,47,859 ਕੈਦੀਆਂ ਨੂੰ ਰੱਖਣ ਦੀ ਸਮੱਰਥਾ ਵਾਲੀਆਂ ਭਾਰਤ ਦੀਆਂ 1391 ਜੇਲ੍ਹਾਂ ਅੰਦਰ 4,11,992 ਕੈਦੀ ਬੰਦ ਕਰ ਰੱਖੇ ਹਨ ਜੋ ਆਮ ਨਾਲੋਂ 118.4 ਫੀਸਦੀ ਵੱਧ ਹਨ।

ਇਸ ਪ੍ਰਬੰਧ ਵਿੱਚ ਸਭਨਾ ਲਈ ਇੱਕ ਸਾਰ ਨਿਯਮ ਲਾਗੂ ਨਾ ਹੋਣ ਕਾਰਨ ਆਰਥਿਕ ਅਤੇ ਰਾਜਨੀਤਕ ਪੱਖੋਂ ਪਹੁੰਚ ਵਾਲੇ ਲੋਕ ਆਪਣੇ ਸਿਆਸੀ ਅਸਰ ਰਸੂਖ ਦੇ ਜ਼ੋਰ ਮੁਕੱਦਮੇ ਦਰਜ ਹੋਣ ਅਤੇ ਸਜਾਵਾਂ ਤੋਂ ਬਚ ਨਿਕਲਦੇ ਹਨ। ਜੇਕਰ ਸਜ਼ਾਵਾ ਹੋ ਵੀ ਜਾਣ ਤਾਂ ਕਦੇ ਵੀ ਪੂਰੀਆਂ ਸਜ਼ਾਵਾਂ ਜੇਲ੍ਹਾਂ ਵਿੱਚ ਨਹੀਂ ਕੱਟਦੇ ਸਗੋਂ ਅਕਸਰ ਹੀ ਆਪਣੀਆਂ ਸਜਾਵਾਂ ਮੁਆਫ ਕਰਵਾ ਲੈਂਦੇ ਹਨ। ਦਿੱਲੀ ਦੰਗਿਆਂ ਦੇ ਕੁੱਝ ਦੋਸ਼ੀਆਂ ਦੀ ਸਜ਼ਾ ਦਿੱਲੀ ਸਰਕਾਰ ਨੇ ਮੁਆਫ ਕਰ ਦਿੱਤੀ ਸੀ, ਗੁਜਰਾਤ ਦੰਗਿਆਂ ਦੀ ਦੋਸ਼ੀ ਸਾਬਕਾ ਮੰਤਰੀ ਮਾਇਆ ਕੋਡਨਾਨੀ ਜੇਲ੍ਹ ਵਿੱਚੋਂ ਪੈਰੋਲ ਦੀ ਸਹੂਲਤ ਲੈ ਚੁੱਕੀ ਹੈ। ਪਿੱਛਲੇ ਦਿਨੀ ਫਿਲਮਸਟਾਰ ਸਲਮਾਨ ਖਾਨ ਨੇ ਇਹ ਸਿੱਧ ਕਰ ਵਿਖਾਇਆ ਹੈ ਕਿ ਪੈਸੇ ਦੇ ਜ਼ੋਰ, ਵਕੀਲਾਂ ਦੀ ਫੌਜ ਖੜ੍ਹੀ ਕਰਕੇ ਜੇਲ੍ਹ ਜਾਣ ਤੋਂ ਬਚਿਆ ਜਾ ਸਕਦਾ ਹੈ।

ਭਾਰਤ ਵਿੱਚ ਉਮਰ ਕੈਦ ਦੀ ਪਰਿਭਾਸ਼ਾ ਇੰਡੀਅਨ ਪੀਨਲ ਕੋਡ ਦੀ ਧਾਰਾ 57 ਮੁਤਾਬਿਕ 20 ਸਾਲ ਦੀ ਸਜ਼ਾ ਹੈ, ਹਾਂ ਸਰਕਾਰਾਂ ਕੋਲ ਇਹ ਅਖਤਿਆਰ ਹੈ ਕਿ ਉਹ 20 ਸਾਲ ਤੋਂ ਪਹਿਲਾਂ ਵੀ ਕੈਦ ਵਿੱਚ ਛੋਟ, ਮੁਆਫੀ ਜਾਂ ਸਜ਼ਾ ਬਦਲਕੇ ਰਿਹਾਅ ਕਰ ਸਕਦੀਆਂ ਹਨ, ਪਰ ਇਸ ਮਸਲੇ ਵਿੱਚ ਫਾਇਦਾ ਰਸੂਖਵਾਨਾ ਦਾ ਹੀ ਹੋਇਆ ਹੈ। ਕਈਆਂ ਨੂੰ ਸਜ਼ਾ ਪੂਰੀ ਹੋਣ 'ਤੇ ਵੀ ਰਿਹਾਅ ਨਹੀਂ ਕੀਤਾ ਜਾਂਦਾ ਕਈਆਂ ਨੂੰ ਥੋੜ੍ਹੇ ਸਮੇਂ ਵਿੱਚ ਹੀ ਛੋਟ ਦੇ ਦਿੱਤੀ ਜਾਂਦੀ ਹੈ। ਰਾਜੀਵ ਗਾਂਧੀ ਹੱਤਿਆ ਕਾਂਢ ਨਾਲ ਸਬੰਧਤ ਵਿਅਕਤੀਆਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਦਾ ਕੇਸ ਅਦਾਲਤ ਵਿੱਚ ਹੋਣ ਕਾਰਨ ਸਰਕਾਰ ਕੋਲ ਇਸ ਮੁੱਦੇ 'ਤੇ ਬਚਣ ਦਾ ਬਹਾਨਾ ਮਿਲ ਗਿਆ ਹੈ। ਉਂਝ ਚਰਚਿਤ ਪੁਲੀਸ ਕੈਟ ਇੰਸਪੈਕਟਰ ਗੁਰਮੀਤ ਸਿੰਘ 'ਪਿੰਕੀ' ਦੀ ਉਮਰ ਕੈਦ ਦੀ ਸਜ਼ਾ ਸਰਕਾਰ ਦੀ ਸ਼ਿਫਾਰਸ਼ 'ਤੇ ਗਵਰਨਰ ਸਾਹਿਬ ਨੇ ਮੁਆਫ ਕਰ ਦਿੱਤੀ ਸੀ ਅਤੇ ਉਸਨੂੰ ਸਿਰਫ 7 ਸਾਲ 7 ਮਹੀਨੇ ਅਤੇ 14 ਦਿਨ ਹੀ ਕੈਦ ਕੱਟਣੀ ਪਈ। ਹਾਲਾਂਕਿ ਉਸਦੇ ਕੈਦ ਸਮੇਂ ਦੌਰਾਨ ਵੀ ਉਸਨੂੰ ਖੁੱਲ੍ਹੀ ਜੇਲ੍ਹ ਨਾਭਾ ਰੱਖਣ ਦੀਆਂ ਚਰਚਾਵਾਂ ਸਨ।

ਸੱਚ ਤਾਂ ਇਹ ਹੈ ਕਿ ਕੈਦੀਆਂ ਦੀ ਰਿਹਾਈ ਦੀ ਪ੍ਰਕਿਰਿਆ ਅੰਗਰੇਜ਼ਾਂ ਦੇ ਜ਼ਮਾਨੇ ਵਾਲੀ ਹੈ ਜੋ ਉਨ੍ਹਾਂ ਨੇ ਆਪਣੇ ਧਾੜਵੀ ਰਾਜ ਦੀ ਸਲਾਮਤੀ ਲਈ ਬਣਾਈ ਸੀ। ਉਸ ਸਮੇਂ ਵੀ ਰਿਹਾਈ ਅੰਗਰੇਜ਼ਾਂ ਦੇ ਪਿੰਡਾਂ ਸ਼ਹਿਰਾਂ ਵਿੱਚ ਬੈਠੇ ਨੁਮਾਇੰਦਿਆਂ ਰਾਹੀਂ ਹੁੰਦੀ ਸੀ ਤੇ ਅੱਜ ਵੀ ਇਸ ਪ੍ਰਕਿਰਿਆ ਅਨੁਸਾਰ ਸਜ਼ਾ ਪੂਰੀ ਕਰ ਚੁੱਕੇ ਕੈਦੀ ਨੂੰ ਆਪਣੀ ਰਿਹਾਈ ਲਈ ਪ੍ਰਸ਼ਾਸ਼ਨ ਤੋਂ ਕਲੀਨ ਚਿੱਟ ਲੈਣੀ ਪੈਂਦੀ ਹੈ।

ਇਹ ਹਿੰਦੁਸਤਾਨੀ 'ਨਿਆਂ-ਪ੍ਰਬੰਧ' ਦਾ ਪੱਖ ਪਾਤੀ ਰਵੱਈਆ ਹੀ ਹੈ ਕਿ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ, ਗੁਜ਼ਰਾਤ ਦੇ ਦੰਗਿਆਂ ਦੇ ਗੁਨਾਹਗਾਰ, ਗੋਧਰਾ ਕਾਂਢ ਦੇ ਜ਼ਿੰਮੇਵਾਰ ਅਜਾਦ ਘੁੰਮ ਰਹੇ ਹਨ। ਆਏ ਦਿਨ ਘੱਟ-ਗਿਣਤੀਆਂ ਖਿਲਾਫ਼ ਭੜਕਾਊ ਬਿਆਨ ਦੇਣ ਵਾਲੇ ਮੰਤਰੀ ਪਦ ਜਿਹੇ ਰੁਤਬਿਆਂ ਤੇ ਬਿਰਾਜਮਾਨ ਹਨ ਪਰ ਦੂਜੇ ਪਾਸੇ ਜ਼ਿਆਦਾਤਰ ਲੋਕ ਸਾਧਨਾਂ ਅਤੇ ਸ੍ਰੋਤਾਂ ਦੀ ਘਾਟ ਕਾਰਨ ਜੇਲ੍ਹਾਂ ਵਿੱਚ ਹਨ ਜਦਕਿ ਕੁਝ ਸਥਾਪਤੀ ਵਿਰੋਧੀ ਵਿਚਾਰਾਂ ਕਰਕੇ ਜੇਲ੍ਹਾਂ ਵਿੱਚ ਹਨ।

2017 ਦੀਆਂ ਵਿਧਾਨ ਸਭਾ ਚੋਣਾਂ 'ਚ ਪੰਥਕ ਏਜੰਡਾ ਵਰਤਣ ਲਈ ਤਤਪਰ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਿਰਫ ਦੋ ਕੈਦੀਆਂ ਨੂੰ ਪੰਜਾਬ ਦੀਆਂ ਜੇਲ੍ਹਾਂ ਵਿੱਚ ਤਬਦੀਲ ਹੋਣ 'ਤੇ ਅਤੇ ਦੋ-ਤਿੰਨ ਨੂੰ ਵਿਦੇਸ਼ੋ ਪੰਜਾਬ ਲਿਆਉਣ ਦੇ ਯਤਨ ਕਰਕੇ ਹੀ ਸਿੱਖ ਹਿਤੈਸ਼ੀ ਬਣ ਰਹੇ ਹਨ ਅਤੇ ਭਾਰਤੀ ਜਨਤਾ ਪਾਰਟੀ ਵੀ ਇਸ ਮਸਲੇ 'ਤੇ ਆਪਣੀ ਰਾਜਨੀਤੀ ਕਰ ਰਹੀ ਹੈ। ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੇ ਮਸਲੇ 'ਤੇ ਪੰਜਾਬ ਸਰਕਾਰ ਜੋ ਮਰਜ਼ੀ ਸਫਾਈਆਂ ਦੇਵੇ ਪਰ ਪਿਛਲੇ ਦਿਨੀ ਇੱਕ ਸੰਸਦ ਮੈਂਬਰ ਵੱਲੋਂ ਲੋਕ ਸਭਾ ਵਿੱਚ ਕੈਦੀਆਂ ਦੀ ਰਿਹਾਈ ਦੇ ਉਠਾਏ ਮੁੱਦੇ ਦੇ ਜਵਾਬ ਵਿੱਚ ਭਾਰਤ ਸਰਕਾਰ ਦੇ ਗ੍ਰਹਿ ਰਾਜ ਮੰਤਰੀ ਸ਼੍ਰੀ ਹਰੀ ਭਾਈ ਪਰਖੀ ਭਾਈ ਚੌਧਰੀ ਨੇ ਲਿਖਤੀ ਤੌਰ ਤੇ ਦੱਸਿਆ ਕਿ ਜੇਲ੍ਹਾਂ ਦਾ ਪ੍ਰਬੰਧ ਪੂਰੀ ਤਰ੍ਹਾਂ ਰਾਜ ਸਰਕਾਰਾਂ ਦੇ ਅਧੀਨ ਹੈ। ਕੈਦੀਆਂ ਦੀ ਰਿਹਾਈ ਵੀ ਸੂਬਾ ਸਰਕਾਰਾਂ ਦੇ ਨਿਯਮਾਂ ਅਨੁਸਾਰ ਹੀ ਹੋਣੀ ਹੈ। ਉਨ੍ਹਾਂ ਅਨੁਸਾਰ ਭਾਵੇਂ ਸੁਪਰੀਮ ਕੋਰਟ ਨੇ ਉਮਰ ਕੈਦ ਦੀ ਸਜ਼ਾ ਪ੍ਰਾਪਤ ਕੈਦੀਆਂ ਨੂੰ ਛੋਟ ਦੇਣ 'ਤੇ ਰੋਕ ਲਾਈ ਹੋਈ ਹੈ ਫਿਰ ਵੀ ਇਹ ਮਸਲਾ ਰਾਜ ਸਰਕਾਰਾਂ ਨਾਲ ਹੀ ਸਬੰਧਤ ਹੈ। ਲੋਕ ਹਿਤੈਸ਼ੀ ਬਣਨ ਦਾ ਤਾਜ਼ ਪਹਿਨਣ ਤੋਂ ਪਹਿਲਾਂ ਪੰਜਾਬ ਸਰਕਾਰ ਨੂੰ ਪੰਜਾਬ ਨਾਲ ਸਬੰਧਤ ਅੰਕੜਿਆਂ ਨੂੰ ਵੇਖਣਾ ਹੋਵੇਗਾ। ਪੰਜਾਬ 5 ਸਾਲ ਤੋਂ ਵੱਧ ਸੁਣਵਾਈ ਅਧੀਨ ਲਟਕ ਰਹੇ 317 ਹਵਾਲਾਤੀਆਂ ਦੀ ਗਿਣਤੀ ਨਾਲ ਦੇਸ਼ ਭਰ 'ਚੋਂ ਦੂਜੇ ਨੰਬਰ ਤੇ ਹੈ। ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪੰਜਾਬ ਪੁਲਿਸ ਦੇ ਜ਼ੁਲਮਾਂ, ਨਿਜ਼ਾਇਜ਼ ਹਿਰਾਸਤ ਵਿੱਚ ਰੱਖਣ, ਕੁੱਟ-ਕੁੱਟ ਕੇ ਮਾਰਨ ਆਦਿ ਵਿਰੁੱਧ 2005 ਤੋਂ 2013 ਤੱਕ 9 ਸਾਲਾਂ ਵਿੱਚ 83 ਹਜ਼ਾਰ 8 ਸੌ 84 ਸ਼ਿਕਾਇਤਾਂ ਮਿਲੀਆਂ ਜਿਨ੍ਹਾਂ ਵਿੱਚੋਂ ਸਿਰਫ 2119 ਦੀ ਹੀ ਸੁਣਵਾਈ ਹੋਈ ਜਦਕਿ 81 ਹਜ਼ਾਰ 7 ਸੌ 65 ਸ਼ਿਕਾਇਤਾਂ ਅਜੇ ਵੀ ਲਟਕ ਰਹੀਆਂ ਹਨ, ਇਹ ਵੀ ਤੱਥ ਹੈ ਕਿ ਬਹੁਤੇ ਮਸਲੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਨਹੀਂ ਪੁੱਜਦੇ। ਪੰਜਾਬ ਦੀਆਂ ਜੇਲ੍ਹਾਂ ਵਿੱਚ ਮੌਤਾਂ ਦੀ ਗਿਣਤੀ ਵੀ ਦਿਨੋ-ਦਿਨ ਵੱਧ ਰਹੀ ਹੈ। ਇਕੱਲੀ 'ਮਾਡਰਨ' ਜੇਲ੍ਹ ਕਪੂਰਥਲਾ ਵਿੱਚ ਹੀ 2011 ਤੋਂ 2015 ਤੱਕ 57 ਮੌਤਾਂ ਹੋਈਆਂ ਹਨ। ਇਸ ਮੌਜੂਦਾ ਸਰਕਾਰ ਦੇ ਪਿਛਲੇ 8 ਸਾਲਾਂ ਦੇ ਕਾਰਜਕਾਲ ਵਿੱਚ ਪੰਜਾਬ ਦੇ ਲੋਕਾਂ ਤੇ ਰਾਜਕੀ ਜ਼ਬਰ ਦਾ ਕੁਹਾੜਾ ਹੋਰ ਵੀ ਤਿੱਖਾ ਹੋਇਆ ਹੈ ਅਤੇ ਅੰਕੜਿਆਂ ਤੋਂ ਲੱਗਦਾ ਹੈ ਕਿ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਵੀ ਲੋਕਾਂ ਉਪਰ ਬੋਝ ਹੀ ਸਾਬਿਤ ਹੋ ਰਿਹਾ ਹੈ।

ਆਉਣ ਵਾਲੇ ਸਮੇਂ ਵਿੱਚ ਸਰਕਾਰਾਂ ਰਾਜਕੀ ਮਸ਼ੀਨਰੀ ਨੂੰ ਵੱਧ ਦਮਨਕਾਰੀ ਅਧਿਕਾਰਾਂ ਨਾਲ ਲੈਸ ਕਰਕੇ ਜਮਹੂਰੀ ਹੱਕਾਂ ਤੇ ਡਾਕਾ ਮਾਰਨ ਜਾ ਰਹੀਆਂ ਹਨ। ਵੱਧ ਤੋਂ ਵੱਧ ਅਧਿਕਾਰਾਂ ਨਾਲ ਲੈਸ ਪੁਲਿਸ, ਪ੍ਰਸ਼ਾਸ਼ਨ ਸਥਾਪਤੀ ਵਿਰੋਧੀ ਵਿਚਾਰਾਂ ਨੂੰ ਕੁਚਲਣ ਲਈ ਅਦਾਲਤੀ ਫੈਸਲਿਆਂ ਨੂੰ ਟਿੱਚ ਜਾਣ ਰਿਹਾ ਹੈ ਜਿਵੇਂ ਕਿ ਫਰਵਰੀ 2011 ਵਿੱਚ ਸੁਪਰੀਮ ਕੋਰਟ ਦੇ ਜਸਟਿਸ ਮਾਰਕੰਡਾ ਕਾਟਜੂ ਅਧਾਰਿਤ ਬੈਂਚ ਨੇ ਇੱਕ ਕੇਸ ਦਾ ਫੈਸਲਾ ਦਿੰਦਿਆ ਕਿਹਾ ਕਿ ਵਿਚਾਰਾ ਦੇ ਅਧਾਰ ਤੇ ਕਿਸੇ ਨੂੰ ਕੈਦ ਨਹੀਂ ਕੀਤਾ ਜਾ ਸਕਦਾ ਭਾਵੇਂ ਉਹ ਕਿਸੇ ਪਾਬੰਦੀਸ਼ੁਦਾ ਸਗੰਠਨ ਦਾ ਕਾਰਕੁੰਨ ਵੀ ਕਿਉਂ ਨਾ ਹੋਵੇ ਪਰ ਫਿਰ ਵੀ ਹਜ਼ਾਰਾਂ ਲੋਕ ਇਸੇ ਵਜ਼ਾ ਕਰਕੇ ਰਿਹਾਅ ਨਹੀਂ ਕੀਤੇ ਜਾ ਰਹੇ ਕਿ ਉਹ ਸਰਕਾਰ ਵਿਰੋਧੀ ਵਿਚਾਰਾਂ ਦੇ ਹਨ।

ਭਾਰਤ ਪੱਧਰ ਤੇ ਸਿਆਸੀ ਅਤੇ ਇਖਲਾਕੀ ਕੈਦੀਆਂ ਦੀ ਰਿਹਾਈ ਸੰਬੰਧੀ ਕਮੇਟੀ ਬਣੀ ਸੀ ਪਰ ਪੰਜਾਬ ਵਿੱਚ ਉਸਦੀ ਅਵਾਜ਼ ਨਹੀਂ ਉੱਠੀ ਸੀ ਹੁਣ ਸਿੱਖ ਜਥੇਬੰਦੀਆਂ ਨੂੰ ਵੀ ਸਿਰਫ ਸਿੱਖ ਕੈਦੀਆਂ ਦੀ ਰਿਹਾਈ ਦੀ ਸੰਕੀਰਨਤਾ 'ਚੋਂ ਬਾਹਰ ਆਉਣਾ ਚਾਹੀਦਾ ਹੈ ਅਤੇ ਇਸੇ ਤਰ੍ਹਾਂ ਇਨਕਲਾਬੀ ਜਮਹੂਰੀ ਜੱਥੇਬੰਦੀਆਂ ਨੂੰ ਵੀ ਸਾਰੇ ਸਿਆਸੀ, ਇਖਲਾਕੀ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਸਮੇਤ ਸਿੱਖ ਕੈਦੀਆਂ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਭਾਰਨਾ ਚਾਹੀਦਾ ਹੈ। ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੇ ਨਾਲ-ਨਾਲ ਵਿਚਾਰ ਅਧੀਨ ਕੈਦੀਆਂ ਦੀ ਰਿਹਾਈ ਦਾ ਮੁੱਦਾ ਵੀ ਏਜੰਡੇ 'ਤੇ ਰਹਿਣਾ ਚਾਹੀਦਾ ਹੈ ਕਿਉਂਕਿ ਮੁਕੱਦਮਾ ਚਲਾਏ ਬਗੈਰ ਕੈਦ ਰੱਖਣਾ ਜਮਹੂਰੀ ਹੱਕਾਂ ਤੇ ਡਾਕਾ ਹੈ।

ਜਮਹੂਰੀ ਅਧਿਕਾਰ ਸਭਾ, ਪੰਜਾਬ ਨੇ 13 ਸਤੰਬਰ ਦੇ ਦਿਨ ਨੂੰ ਸਿਆਸੀ ਕੈਦੀਆਂ ਦੇ ਹੱਕਾਂ ਲਈ ਦਿਵਸ ਵੱਜੋਂ ਮਨਾਉਣ ਦਾ, ਤਹਿ ਕੀਤਾ ਹੈ ਜੋ ਇੱਕ ਸ਼ੁੱਭ ਸੰਦੇਸ਼ ਹੈ ਇਸੇ ਤਰ੍ਹਾਂ ਬਾਕੀ ਇਨਕਲਾਬੀ ਜਮਹੂਰੀ, ਘੱਟ ਗਿਣਤੀ, ਦਲਿਤ ਜਥੇਬੰਦੀਆਂ ਨੂੰ ਵੀ ਪਹਿਲਕਦਮੀ ਕਰਦਿਆਂ ਜਮਹੂਰੀ ਹੱਕਾਂ ਦੀ ਲਹਿਰ ਖੜ੍ਹੀ ਕਰਨੀ ਹੋਵੇਗੀ। ਸਮੂਹ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਕਰਵਾਉਣਾ ਅਤੇ ਵਿਚਾਰ-ਅਧੀਨ, ਸਿਆਸੀ ਕੈਦੀਆਂ ਦੇ ਹੱਕਾਂ ਲਈ ਜੱਦੋ-ਜਹਿਦ ਅੱਜ ਜਮਹੂਰੀ ਹੱਕਾਂ ਲਈ ਅਹਿਮ ਕਾਰਜ ਵੱਜੋਂ ਲੈਣੇ ਜਾਣੇ ਚਾਹੀਦੇ ਹਨ।

+91-98885-44001

## OUT OF PROPORTION

### PERCENTAGE OF POPULATION

| | In Prison | India |
|---|---|---|
| Muslims | 20% | 13.4% |
| Dalits | 22% | 16.6% |
| Adivasis | 11% | 8.6% |
| Total | 53% | 38.6% |

Source: Prison Statistics of India 2013; Census

## ਕਿਸਾਨ ਆਗੂ ਤਖ਼ਤੂਪੁਰਾ ਦੇ ਕਾਤਲਾਂ ਨੂੰ ਬਰੀ ਕਰਨਾ ਨਿਰਾਸ਼ਾਜਨਕ, ਦੁੱਖਦਾਈ ਅਤੇ ਇਨਸਾਫ਼ ਦੇ ਤਕਾਜੇ ਤੋਂ ਉਲਟ ਫੈਸਲਾ : ਭਾਕਿਯੂ

ਚੰਡੀਗੜ੍ਹ : ਅਬਾਦਕਾਰਾਂ ਦੀ ਕਿਸਾਨ ਲਹਿਰ ਦੇ ਉੱਘੇ ਘੁਲਾਟੀਏ ਸਾਧੂ ਸਿੰਘ ਤਖ਼ਤੂਪੁਰਾ ਦੇ ਕਾਤਲਾਂ ਨੂੰ ਸਾਫ਼ ਬਰੀ ਕਰਨ ਦੇ ਅਦਾਲਤੀ ਫੈਸਲੇ 'ਤੇ ਤਿੱਖੀ ਪ੍ਰਤੀਕ੍ਰਿਆ ਜਾਹਿਰ ਕਰਦੇ ਹੋਏ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਇਸ ਨੂੰ ਨਿਰਾਸ਼ਾਜਨਕ, ਦੁੱਖਦਾਈ ਅਤੇ ਇਨਸਾਫ਼ ਦੇ ਤਕਾਜੇ ਤੋਂ ਉਲਟ ਕਰਾਰ ਦਿੱਤਾ ਗਿਆ ਹੈ ਅਤੇ ਇਸਦੇ ਵਿਰੁੱਧ ਉੱਚ ਅਦਲਤ ਵਿੱਚ ਅਪੀਲ ਕਰਨ ਦਾ ਨਿਰਣਾ ਲਿਆ ਗਿਆ ਹੈ।; ਜੱਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀਕਲਾਂ ਵੱਲੋਂ ਇੱਥੇ ਜਾਰੀ ਕੀਤੇ ਗਏ ਸਾਂਝੇ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਇਸ ਫੈਸਲੇ ਨਾਲ ਜੱਥੇਬੰਦੀ ਦੀਆਂ ਸਮੂਹ ਸਫ਼ਾਂ ਅੰਦਰ ਤਿੱਖਾ ਰੋਸ ਪੈਦਾ ਹੋਇਆ ਹੈ। ਚੇਤੇ ਰਹੇ ਕਿ 16 ਫਰਵਰੀ 2010 ਨੂੰ ਅੰਮ੍ਰਿਤਸਰ ਜਿਲ੍ਹੇ ਦੇ ਸਰਹੱਦੀ ਪਿੰਡ ਭਿੰਡੀ ਔਲਖ ਲਾਗੇ ਦਿਨ ਦਿਹਾੜੇ ਜੀਪ ਤੇ ਜਾ ਰਹੇ ਕਿਸਾਨਾ ਉਪਰ ਭੂ-ਮਾਫੀਆ ਗ੍ਰੋਹ ਵੱਲੋਂ ਜਾਨਲੇਵਾ ਹਮਲਾ ਕਰਕੇ ਸ਼੍ਰੀ ਸਾਧੂ ਸਿੰਘ ਤਖ਼ਤੂਪੁਰਾ ਨੂੰ ਜਾਨੋ ਮਾਰ ਦਿਤਾ ਗਿਆ ਸੀ ਅਤੇ ਉਸਨੂੰ ਛੁਡਾ ਰਹੇ 3-4 ਕਿਸਾਨਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ ਗਿਆ ਸੀ। ਇਨ੍ਹਾਂ ਜ਼ਖਮੀਆਂ ਦੇ ਮੈਡੀਕਲ ਸਰਟੀਫਿਕੇਟਾਂ ਤੇ ਠੋਸ ਗਵਾਹੀਆਂ ਨੂੰ ਨਜ਼ਰ ਅੰਦਾਜ਼ ਕਰਕੇ ਸਭਨਾ ਦੋਸ਼ੀਆਂ ਨੂੰ ਸਾਫ਼ ਬਰੀ ਕਰਨਾ ਇਨਸਾਫ ਦਾ ਗਲਾ ਘੁੱਟਣ ਤੁੱਲ ਹੈ। ਬਿਆਨ ਵਿੱਚ ਦੋਸ਼ ਲਾਇਆ ਗਿਆ ਹੈ ਕਿ ਮੁੱਢ ਤੋਂ ਹੀ ਪੁਲਸ ਤੇ ਸਰਕਾਰ ਵੱਲੋਂ ਕਤਲ ਦੇ ਦੋਸ਼ੀਆਂ ਨੂੰ ਬਚਾਉਣ ਦੀ ਕਵਾਇਦ ਸ਼ੁਰੂ ਕਰ ਦਿੱਤੀ ਗਈ ਸੀ। ਕਤਲ ਦੀ ਸਾਜਿਸ਼ ਦੇ ਮੁੱਖ ਸੂਤਰਧਾਰ ਸੱਤਾਧਾਰੀ ਅਕਾਲੀ ਆਗੂਆਂ ਸਮੇਤ ਥਾਣੇਦਾਰ ਰਛਪਾਲ ਸਿੰਘ ਨੂੰ ਬਚਾਉਣ ਖਾਤਰ ਉਨ੍ਹਾਂ ਦੇ ਖਿਲਾਫ਼ ਸਬੂਤ ਇਕੱਠੇ ਵੀ ਨਹੀ ਕੀਤੇ ਗਏ। ਮੌਕੇ ਦੇ ਜ਼ਖ਼ਮੀ ਜਵਾਹਾਂ ਵਲੋਂ ਜਿੱਥੇ ਅਦਾਲਤ ਵਿੱਚ ਬਿਆਨ ਦਿੱਤੇ ਗਏ ਉੱਥੇ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਸਾਹਮਣੇ ਵੀ ਬਿਆਨ ਦਿੱਤੇ ਗਏ ਸਨ। ਪਰੰਤੂ ਪੁਲਿਸ ਨੇ ਇਹ ਬਿਆਨ ਰਿਕਾਰਡ ਵਿਚ ਦਰਜ ਨਹੀ ਕੀਤੇ ਅਤੇ ਅਕਾਲੀ ਆਗੂ ਵੀਰ ਸਿੰਘ ਲੋਪੋਕੇ ਸਮੇਤ 4 ਜਣਿਆਂ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ ਸੀ। ਬੇਸ਼ੱਕ ਬਾਅਦ ਵਿੱਚ ਇਸਤਗਾਸਾ ਦਾਇਰ ਕਰਕੇ ਇਨ੍ਹਾ ਚੋਹਾਂ ਦੋਸੀਆਂ ਨੂੰ ਵੀ ਕਟਹਿਰੇ ਵਿੱਚ ਸਦ ਲਿਆ ਗਿਆ ਸੀ। ਇੱਕ ਦੋਸ਼ੀ ਸੰਦੀਪ ਸਿੰਘ ਕੋਹਾੜਾ ਵੱਲੋਂ ਵਾਅਦਾਮੁਆਫ ਗਵਾਹ ਬਨਣ ਦੀ ਅਰਜੀ ਵੀ ਨਜਰ ਅੰਦਾਜ਼ ਕਰ ਦਿੱਤੀ ਗਈ ਸੀ। ਗਵਾਹਾਂ ਨਾਲ ਦੁਬਾਰਾ ਜੇਹਰਾ ਕਰਨ ਦੀ ਆਗਿਆ ਦੋਸ਼ੀਆਂ ਦੇ ਵਕੀਲ ਨੂੰ ਤਾਂ ਦੇ ਦਿੱਤੀ ਗਈ ਪਰੰਤੂ ਮੁਦਈ ਧਿਰ ਦੇ ਵਕੀਲ ਨੂੰ ਨਹੀ ਦਿੱਤੀ ਗਈ। ਇਨ੍ਹਾ ਤੱਥਾ ਦੇ ਮੱਦੇਨਜ਼ਰ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਇਨਸਾਫ਼ ਦੇ ਤਕਾਜੇ ਨੂੰ ਮੁੱਖ ਰੱਖਦਿਆਂ ਕਤਲ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਇਸ ਫੈਸਲੇ ਵਿਰੁਧ ਅਪੀਲ ਅਦਾਲਤ ਵਿੱਚ ਦਾਖ਼ਲ ਕਰਨ ਦੀ ਸਰਕਾਰੀ ਕਾਨੂੰਨੀ ਜਿੰਮੇਵਾਰੀ ਨਿਭਾਈ ਜਾਵੇ।



# ਪ੍ਰਵਾਸੀ ਭਾਈਚਾਰੇ ਵੱਲੋਂ ਅਕਸ ਵਿਗਾੜਨ ਵਾਲਾ ਵਿਰੋਧ

**ਵਿਦੇਸ਼ਾਂ ਅੰਦਰ ਬੈਠੇ ਰੈਡੀਕਲ ਗਰੁੱਪ ਪੰਜਾਬ ਅੰਦਰ ਲੋਕਾਂ ਵੱਲੋਂ ਚੁਣੇ ਸਿੱਖ ਧਾਰਮਿਕ ਅਤੇ ਰਾਜਨੀਤਕ ਨੁਮਾਇੰਦਿਆਂ ਦਾ ਵਿਰੋਧ ਕਰਕੇ ਕੀ ਪ੍ਰਾਪਤ ਕਰਨਾ ਚਾਹੁੰਦੇ ਹਨ? ਇੰਨਾਂ ਵਿਚੋਂ ਕਈ ਕਲ੍ਹ ਪੰਜਾਬ ਅੰਦਰ ਰੈਡੀਕਲਾਂ ਜਾਂ ਖਾੜਕੂਆਂ ਨਾਲ ਸਨ। ਇੰਨਾਂ ਦਾ ਬਦਲ ਕਾਂਗਰਸ, ਆਮ ਆਦਮੀ ਪਾਰਟੀ, ਪੀ. ਪੀ. ਪੀ., ਭਾਜਪਾ ਆਦਿ ਕੀ ਸਿੱਖ ਰੈਡੀਕਲਾਂ, ਖਾੜਕੂਆਂ ਜਾਂ ਖਾਲਿਸਤਾਨ ਵਾਦੀਆਂ ਦੇ ਹੱਕ ਵਿਚ ਹਨ? ਸਿੱਖ ਪੰਥਕ ਸ਼ਕਤੀਆਂ ਦੇ ਪੰਜਾਬ, ਭਾਰਤ ਅਤੇ ਕੌਮਾਂਤਰੀ ਪੱਧਰ ’ਤੇ ਏਕੇ ਬਿਨਾਂ ਵਿਸ਼ਵ ਦੇ ਕਿਸੇ ਦੇਸ਼ ਜਾਂ ਪ੍ਰਾਂਤ ਜਾਂ ਇਲਾਕੇ ਵਿਚ ਉਨ੍ਹਾਂ ਦੀ ਧਾਰਮਿਕ, ਰਾਜਨੀਤਕ, ਆਰਥਿਕ, ਸਭਿਆਚਾਰਕ ਹੋਂਦ ਦੀ ਰਾਖੀ ਸੰਭਵ ਨਹੀਂ।**



ਦਰਬਾਰਾ ਸਿੰਘ ਕਾਹਲੋਂ

ਪੰਜਾਬ ’ਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਵੱਲੋ ਵਿਦੇਸ਼ਾਂ ਵਿਚ ਵਸੇ ਸਿੱਖ ਅਤੇ ਪੰਜਾਬੀ ਭਾਈਚਾਰੇ ਨੂੰ ਸਿੱਖ ਅਤੇ ਪੰਜਾਬੀ ਸਭਿਆਚਾਰ ਦੀ ਮੁੱਖ ਧਾਰਾ ਦਾ ਗਤੀਸ਼ੀਲ ਅੰਗ ਬਣਾਈ ਰਖਣ, ਪੰਜਾਬ ਅੰਦਰ ਅਕਾਲੀ ਭਾਜਪਾ ਸਰਕਾਰ ਦੀਆਂ ਵਿਕਾਸਮਈ ਪ੍ਰਾਪਤੀਆਂ ਤੋ ਜਾਣੂ ਕਰਾਉਣ, ਪੰਜਾਬ ਅੰਦਰ ਸ਼ਾਂਤੀ ਭਰੇ ਮਾਹੌਲ ਦੀ ਸਥਾਪਨਾ ਕਰਕੇ ਬੇਝਿਜਕ ਵਧੀਆ ਨਿਵੇਸ਼ ਦੇ ਮੌਕੇ ਪ੍ਰਾਪਤ ਕਰਨ, ਪ੍ਰਵਾਸੀ ਸਿੱਖਾਂ ਦੇ ਵੱਖ-ਵੱਖ ਦੇਸ਼ਾਂ ਵਿਚ ਧਾਰਮਿਕ ਮਸਲਿਆਂ ਦੀ ਜਾਣਕਾਰੀ ਪ੍ਰਾਪਤ ਕਰਨ, ਸਿੱਖਾਂ ਅਤੇ ਪੰਜਾਬੀਆਂ ਦੀਆਂ ਪੰਜਾਬ ਅੰਦਰ ਜ਼ਮੀਨਾਂ, ਜਾਇਦਾਦਾਂ, ਸਮਾਜਿਕ ਤਨਾਜ਼ਿਆਂ, ਵਿਆਹ-ਸ਼ਾਦੀਆਂ, ਪ੍ਰਸ਼ਾਸਨਿਕ ਅਤੇ ਪੁਲਸ ਜ਼ਿਆਦਤੀਆਂ, ਪ੍ਰਵਾਸ ਵੀਜ਼ਿਆਂ, ਸਿੱਖਿਆ ਕੋਰਸਾਂ ਆਦਿ ਸਬੰਧੀ ਸਮੱਸਿਆਵਾਂ ਬਾਰੇ ਮੌਕੇ ’ਤੇ ਜਾਨਣ ਅਤੇ ਉਨ੍ਹਾਂ ਨੂੰ ਦੂਰ ਕਰਨ ਸਬੰਧੀ ਗਠਿਤ ਪ੍ਰਵਾਸੀ ਮਾਮਲਿਆਂ ਬਾਰੇ ਤੰਤਰ ਦੀ ਜਾਣਕਾਰੀ ਦੇਣ ਆਦਿ ਸਬੰਧੀ ਮੰਤਰੀਆਂ ਅਤੇ ਉੱਘੇ ਆਗੂਆਂ ਦੀ ਅਗਵਾਈ ਵਿਚ ਵਿਦੇਸ਼ਾਂ ’ਚ ਵੱਖ-ਵੱਖ ਟੀਮਾਂ ਭੇਜੀਆਂ ਗਈਆਂ।

ਪੰਜਾਬ ਅੰਦਰ ਕਾਂਗਰਸ, ਆਮ ਆਦਮੀ ਪਾਰਟੀ, ਪੀਪਲਜ਼ ਪਾਰਟੀ ਆੱਫ ਪੰਜਾਬ, ਭਾਰਤੀ ਜਨਤਾ ਪਾਰਟੀ ਸ਼੍ਰੋਮਣੀ ਅਕਾਲੀ ਦਲ (ਮਾਨ) ਅਤੇ ਹੋਰ ਰੈਡੀਕਲ ਗਰੁੱਪਾਂ, ਬਸਪਾ ਆਦਿ ਵੱਲੋਂ ਫਰਵਰੀ-ਮਾਰਚ 2017 ਨੂੰ ਹੋਣ ਜਾ ਰਹੀਆਂ ਰਾਜ ਵਿਧਾਨ ਸਭਾ ਚੋਣਾਂ ਵਿਚ ਪ੍ਰਵਾਸੀ ਪੰਜਾਬੀਆਂ ਦਾ ਸਮਰਥਨ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਵੱਡੀ ਪੱਧਰ ’ਤੇ ਤੇਜ਼ ਉਪਰਾਲਿਆਂ ਮੱਦੇਨਜ਼ਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਅਜਿਹੀ ਰਣਨੀਤਕ ਜੁਮੇਂਵਾਰੀ ਇੰਨਾਂ ਟੀਮਾਂ ਨੂੰ ਸੌਂਪੀ। ਪਿਛਲੇ ਕੁਝ ਸਮੇਂ ਤੋਂ ਇਸ ਦਿਸ਼ਾ ਵਿਚ ਆਮ ਆਦਮੀ ਪਾਰਟੀ ਅਤੇ ਪੀਪਲਜ਼ ਪਾਰਟੀ ਆੱਫ ਪੰਜਾਬ ਅਤੇ ਰੈਡੀਕਲ ਪੰਥਕ ਗਰੁੱਪਾਂ ਨੇ ਵੱਡੀਆਂ ਪ੍ਰਾਪਤੀਆਂ ਦਰਜ ਕੀਤੀਆਂ। ਸੱਤਾਧਾਰੀ ਅਕਾਲੀ ਦਲ ਦੇ ਸਮਰਥਕਾਂ ਨੂੰ ਵੱਡਾ ਖੋਰਾ ਲਗਾਉਂਦੇ ਹਾਸ਼ੀਏ ’ਤੇ ਧਕੇਲ ਦਿੱਤਾ। ਇਸ ਦੇ ਕੁਝ ਅਣਸੁਖਾਵੇਂ ਨਤੀਜੇ ਸਾਹਮਣੇ ਆਉਣ ਲੱਗੇ।

ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੀਆਂ ਟੀਮਾਂ ਨਾਲ ਜਿਵੇਂ ਪ੍ਰੇਦਸ਼ਾਂ ਵਿਚ ਵਸਦੇ ਰੈਡੀਕਲ ਗਰੁੱਪਾਂ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਗਿਣੀ-ਮਿੱਥੀ ਰਣਨੀਤਕ-ਯੁੱਧਨੀਤਕ, ਰਾਜਨੀਤਕ ਅਤੇ ਧਾਰਮਿਕ ਯੋਜਨਾਬੰਦੀ ਰਾਹੀਂ ਕੈਨੇਡਾ ਦੇ ਮਸ਼ਹੂਰ ਸ਼ਹਿਰ ਟਰਾਂਟੋ, ਐਬਸਟਫੋਰਡ, ਅਮਰੀਕਾ ਦੇ ਪ੍ਰਸਿੱਧ ਸ਼ਹਿਰ ਨਿਊਯਾਰਕ ਸਿਆਟਲ ਅਤੇ ਹੋਰ ਥਾਈਂ ਜੱਗੋ ਤੇਰਵੀਂ ਕੀਤੀ ਉਸ ਨੇ ਇਨ੍ਹਾਂ ਸੱਭਯ ਲੋਕਤੰਤਰੀ ਦੇਸ਼ਾਂ ਵਿਚ ਸਿੱਧ ਕੌਮ ਦਾ ਧਾਰਮਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਅਕਸ ਮਿੱਟੀ ਵਿਚ ਰੋਲ ਕੇ ਰੱਖ ਦਿੱਤਾ। ਇਸ ਨਾਲ ਹੀ ਪੰਜਾਬ, ਪੰਜਾਬੀ, ਪੰਜਾਬੀਅਤ ਚਿਹਰਾ ਪਲੀਤ ਕਰਕੇ ਰੱਖ ਦਿੱਤਾ।

ਲੋਕਤੰਤਰੀ ਵਿਵਸਥਾ ਅੰਦਰ ਵਿਰੋਧ ਕਰਨ, ਰੋਸ ਪ੍ਰਗਟ ਕਰਨ, ਆਪਣੇ ਵਿਚਾਰ ਪ੍ਰਗਟ ਕਰਨ ਦਾ ਹਰ ਵਿਅਕਤੀ ਦਾ ਮੂਲ ਅਧਿਕਾਰ ਹੈ ਪਰ ਇਹ ਅਧਿਕਾਰ ਕਿਸੇ ਵੀ ਵਿਅਕਤੀ ਨੂੰ ਇਹ ਸਰਟੀਫਿਕੇਟ ਜਾਰੀ ਨਹੀਂ ਕਰਦਾ ਕਿ ਉਹ ਮਾਨਵੀ ਕਦਰਾਂ-ਕੀਮਤਾਂ ਦੀ ਖਿੱਲੀ ਉਡਾਵੇ, ਹਿੰਸਾ ਤੇ ਉੱਤਰ ਆਵੇ, ਖਰੂਦ ਮਚਾਵੇ, ਭੱਦੀ ਸ਼ਬਦਾਵਲੀ ਦੀ ਵਰਤੋਂ ਕਰੇ। ਅਸਲ ਵਿਚ ਵਿਰੋਧ ਉਹ ਹੈ ਜੋ ਉਸ ਵਿਅਕਤੀ, ਸੰਗਠਨ ਸਾਸ਼ਕ, ਮਾਲਕ ਨੂੰ ਮਾਨਸਿਕ, ਬੌਧਿਕ, ਆਤਮਿਕ ਤੌਰ ’ਤੇ ਉਸ ਦੀਆਂ ਗਲਤੀਆਂ, ਜ਼ਿਆਦਤੀਆਂ, ਨਾਕਾਮੀਆਂ, ਭ੍ਰਸ਼ਟਾਚਾਰੀਆਂ ਦਾ ਅਹਿਸਾਸ ਕਰਾਵੇ। ਸਿੱਖ ਇਤਿਹਾਸ ਅਤੇ ਜਦੋ-ਜਹਿਦ ਮਾਨਵਵਾਦੀ, ਉੱਚ ਕਦਰਾਂ-ਕੀਤਮਾਂ ਅਤੇ ਕੁਰਬਾਨੀਆਂ ਭਰੇ ਵਿਰੋਧ ਨਾਲ ਲਬਰੇਜ਼ ਪੂਰੇ ਵਿਸ਼ਵ ਲਈ ਚਾਨਣਮਨਾਰਾ ਹੈ।

**ਪੱਛਮੀ ਰਣਨੀਤੀ**

ਪੱਛਮੀ ਦੇਸ਼ ਸਿੱਖ ਧਰਮ, ਫਲਸਫੇ, ਸਭਿਆਚਾਰ ਦੀ ਵਿਸ਼ਵ ਅਗਵਾਈ ਕਰਨ ਸਮਰੱਥ ਮਾਨਵਵਾਦੀ ਮਿਕਨਾਤੀਸ਼ੀ ਸ਼ਕਤੀ ਅਤੇ ਅਸੀਮ ਸ੍ਰੋਤ, ਸਮਾਜਿਕ ਬਰਾਬਰੀ ਅਤੇ ਇਨਸਾਫ, ਸਮਦ੍ਰਿਸ਼ਟੀ ਕੋਣ ਭਰੇ ਆਰਥਿਕ ਨਿਜ਼ਾਮ ਅਧਾਰਿਤ, ‘ਹਲੇਮੀ ਰਾਜ’ ਦੀ ਹਕੀਕਤ ਨੂੰ ਸਿੱਖ ਪੰਥ, ਇਸ ਦੇ ਸਮਰਥਕਾਂ ਅਤੇ ਪੰਜਾਬੀ ਭਾਈਚਾਰੇ ਤੋਂ ਕਿਤੇ ਵਧ ਜਾਣਦੇ ਹਨ। ਇਸੇ ਕਰਕੇ ਉਹ ਪੰਥਕ ਅਤੇ ਪੰਜਾਬੀ ਭਾਈਚਾਰੇ ਦੀ ਏਕਤਾ ਦੇ ਵਿਰੁੱਧ ਹਨ।

ਉਹ ਅਮਰੀਕਾ, ਕੈਨੇਡਾ, ਇੰਗਲੈਂਡ, ਇਟਲੀ, ਜਰਮਨੀ ਆਦਿ ਦੇਸ਼ਾਂ ਵਿਚ ਪੰਜਾਬ ਅਤੇ ਭਾਰਤ ਅੰਦਰ ਉਦਾਰਵਾਦੀ ਸਿੱਖ ਲੀਡਰਸ਼ਿਪ ਵਿਰੁੱਧ ਸਥਾਨਕ ਰੈਡੀਕਲ ਗਰੁੱਪਾਂ, ਖਾਲਿਸਤਾਨ ਪੱਖੀਆਂ ਅਤੇ ਵਿਗਾੜਵਾਦੀ ਸ਼ਕਤੀਆਂ ਸ਼ਹਿ ਦਿੰਦੇ ਹਨ। ਨਿੱਜੀ ਗੁਰਦਵਾਰਿਆਂ ਅਤੇ ਕੱਟੜਵਾਦ ਦੀ ਸਥਾਪਤੀ ਨੂੰ ਉਕਸਾਉਂਦੇ ਹਨ। ਜਦੋਂਕਿ ਆਪਣੇ ਦੇਸ਼ਾਂ ਅੰਦਰ ਕੱਟੜਵਾਦ, ਰੈਡੀਕਲਿਜ਼ਮ, ਹਿੰਸਾ ਨੂੰ ਬਿਲਕੁਲ ਪਸੰਦ ਨਹੀਂ ਕਰਦੇ। 9/11 ਅਤੇ ਹੁਣ ਆਈ. ਐੱਸ. ਦੇ ਕੱਟੜਵਾਦੀ ਦੈਂਤ ਨਾਲ ਵੱਖ-ਵੱਖ ਪੱਛਮੀ ਦੇਸ਼ਾਂ ਵਿਚੋਂ ਨੌਜਵਾਨ ਕਰੀਬ 50 ਹਜ਼ਾਰ ਦੇ ਰਲਣ, ਕੱਟੜਵਾਦੀ ਹਮਲੇ ਅਮਰੀਕਾ, ਕੈਨੇਡਾ, ਫਰਾਂਸ, ਇੰਗਲੈਂਡ ਵਿਚ ਵਧਣ ਕਰਕੇ ਇਹ ਦੇਸ਼ ਇੰਨਾਂ ਵਿਰੁੱਧ ਹੋਰ ਵੀ ਸਖ਼ਤ ਹੋ ਗਏ ਹਨ। ਕੈਨੇਡਾ ਅੰਦਰ ਸੀ-15 ਵਰਗੇ ਸਖ਼ਤ ਕਾਨੂੰਨ ਵਾਂਗ ਦੂਜੇ ਦੇਸ਼ ਵੀ ਅਜਿਹਾ ਕਰ ਰਹੇ ਹਨ। ਪਰ ਨਸਲਵਾਦੀ ਹਿੰਸਾ ਵਿਰੁੱਧ ਅਜਿਹੀ ਸਖ਼ਤੀ ਨਹੀਂ ਵਰਤ ਰਹੇ।

ਸਿੱਖ ਕੌਮ ਦਾ ਬਾਣਾ, ਧਾਰਮਿਕ ਸਥਾਨ, ਧਾਰਮਿਕ ਚਿੰਨ੍ਹ, ਸਭਿਆਚਾਰ ਕਿਧਰੇ ਸੁਰੱਖਿਅਤ ਨਹੀਂ। ਨਸਲੀ ਵਿਤਕਰਾ ਵੇਖਣ ਨੂੰ ਹਰ ਥਾਂ ਮਿਲਦਾ ਹੈ। ਕੀ ਰੈਡੀਕਲ ਗਰੁੱਪ, ਖਾਲਿਸਤਾਨ ਪੱਖੀ ਜਾਂ ਵਿਗਾੜਵਾਦੀ ਸ਼ਕਤੀਆਂ ਆਪਣੇ ਅਜਿਹੇ ਹੱਕਾਂ-ਹਿਤਾਂ ਲਈ ਕਾਨੂੰਨੀ ਸੰਵਿਧਾਨਕ, ਪ੍ਰਸ਼ਾਸਨਿਕ, ਸਮਾਜਿਕ, ਧਾਰਮਿਕ ਤੌਰ ’ਤੇ ਪਿਛਲੇ ਕਈ ਦਹਾਕਿਆਂ ਤੋਂ ਪ੍ਰਾਪਤ ਕਰ ਸਕੇ ਜੋ ਉਨਾਂ ਦੇ ਕੌਮੀ ਅਤੇ ਭਾਈਚਾਰਕ ਮੂਲ ਅਧਿਕਾਰ ਹਨ, ਇੰਨ੍ਹਾਂ ਦੇਸ਼ਾਂ ਦੇ ਸ਼ਹਿਰੀ ਹੁੰਦੇ?

ਦਰਅਸਲ ਯੂਰਪੀ ਅਤੇ ਅਮਰੀਕੀ ਦੇਸ਼ ਜਿੰਨ੍ਹਾਂ ਨੇ ਲੋਕਤੰਤਰ, ਸੱਭਯਵਾਦ, ਮਨੁੱਖੀ ਅਧਿਕਾਰਾਂ ਅਤੇ ਬਰਾਬਰੀਆਂ, ਧਾਰਮਿਕ ਸਹਿਣਸ਼ੀਲਤਾ ਦੀ ਰਾਖੀ ਦਾ ਲਬਾਦਾ ਪਹਿਨਿਆ ਹੋਇਆ ਹੈ, ਦੇ ਨਸਲਵਾਦੀ ਲੋਕ, ਪ੍ਰਸ਼ਾਸਨਿਕ, ਪੁਲਸ ਅਤੇ ਸਥਾਨਕ ਸੰਸਥਾਵਾਂ ਸਬੰਧਿਤ ਅਧਿਕਾਰੀ ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਨਾਲ ਵਿਤਕਰਾ ਕਰਦੇ ਵੇਖੇ ਜਾਂਦੇ ਹਨ ਭਾਵੇਂ ਇੰਨਾਂ ਦੇਸ਼ਾਂ ਵਿਚ ਕੁਝ ਇਕ ਥਾਵਾਂ ’ਤੇ ਪੁਲਸ, ਅਦਾਲਤਾਂ, ਫ਼ੌਜ ਵਿਚ ਇੱਕਾ-ਦੁੱਕਾ ਸਿੱਖ ਤਾਇਨਾਤ ਹੋਏ ਵੇਖੇ ਜਾਂਦੇ ਹਨ। ਕੁਝ ਇਕ ਕੌਂਸਲਰ, ਮੇਅਰ, ਲੋਕ ਸਭਾਵਾਂ, ਵਿਧਾਨ ਪਾਲਿਕਾਵਾਂ ਦੇ ਮੈਂਬਰ ਜਾਂ ਮੰਤਰੀ ਪਦ ’ਤੇ ਵੀ ਵੇਖੇ ਜਾਂਦੇ ਹਨ।

ਈਸਾਈ ਧਰਮ ਦੇ ਵੱਖ-ਵੱਖ ਸੰਪਰਦਾਇਕ ਸਮੂਹਾਂ ਸਬੰਧੀ ਗੋਰੇ-ਕਾਲੇ ਆਦਮੀ, ਔਰਤਾਂ, ਲੜਕੇ-ਲੜਕੀਆਂ ਦੂਜੇ ਫਿਰਕਿਆਂ ਦੇ ਘਰਾਂ, ਪਬਲਿਕ ਥਾਵਾਂ ’ਤੇ ਆਪਣਾ ਲਿਟਰੇਚਰ ਵੰਡਦੇ, ਚਰਚਾਂ ਜਾਂ ਹੋਰ ਧਾਰਮਿਕ ਸਮਾਰੋਹਾਂ ਵਿਚ ਸ਼ਾਮਿਲ ਹੋਣ ਲਈ ਨਿਉਤਾ ਦਿੰਦੇ,ਉਨਾਂ ਕੋਲ ਖਲੋ ਕੇ ਜਾਂ ਉਨਾਂ ਨੂੰ ਰੋਕ ਕੇ ਪ੍ਰੇਰਣਾਮਈ ਢੰਗ ਨਾਲ ਆਪਣੇ ਧਰਮ ਦੀਆਂ ਖ਼ੂਬੀਆਂ ਦੀ ਵਿਆਖਿਆ ਕਰਦੇ ਹਨ। ਉਨ੍ਹਾਂ ਦਾ ਪੱਕਾ ਟੀਚਾ ਅਤੇ ਮੂਲ ਮੰਤਵ ਹੈ, ਇਹ ਨਹੀਂ ਤਾਂ ਦੂਜੀ-ਤੀਜੀ ਜਾਂ ਚੌਥੀ ਪੀੜ੍ਹੀ ਨੂੰ ਆਪਣੇ ਧਰਮ ਅਤੇ ਸਭਿਆਚਾਰ ਵਿਚ ਸ਼ਾਮਿਲ ਕਰਨਾ। ਬੋਲੀ ਪੱਖੋਂ ਤੋਂ ਪਹਿਲਾਂ ਹੀ ਸ਼ਾਮਿਲ ਹਨ। ਹੈਰਾਨਗੀ ਦੀ ਗੱਲ ਇਹ ਵੀ ਹੈ ਕਿ ਇਹ ਗੋਰੇ-ਕਾਲੇ ਆਮ ਲੋਕ ਖ਼ੂਬਸੂਰਤ ਠੇਠ ਪੰਜਾਬੀ ਬੋਲਦੇ ਹਨ। ‘ਸਤਿ ਸਿਰੀ ਅਕਾਲ’ ਬੁਲਾਉਂਦੇ ਹਨ।

ਦੂਜੇ ਪਾਸੇ ਸਾਡਾ ਕੋਈ ਸਿੱਖ ਵਿਅਕਤੀ, ਬੀਬੀ, ਲੜਕਾ-ਲੜਕੀ ਪੰਜਾਬ ਜਾਂ ਭਾਰਤ ਵਿਚ ਇਵੇਂ ਪ੍ਰਚਾਰ ਕਰਦਾ ਨਹੀਂ ਵੇਖਿਆ ਗਿਆ, ਵਿਦੇਸ਼ ਤਾਂ ਦੂਰ ਦੀ ਗੱਲ। ਬਾਬੇ ਨਾਨਕ ਦਾ ਮਹਾਨ ‘ਕਿਤ ਸਭਿਆਚਾਰ’ ਇੰਨਾਂ ਪੱਛਮੀ ਦੇਸ਼ਾ ਵਿਚ ਮਿਲਦਾ ਹੈ ਜਦੋਂਕਿ ਪੰਜਾਬ ਅਤੇ ਭਾਰਤ ਵਿਚ ਇਸ ਦਾ ਸਾਡੀ ਧਾਰਮਿਕ ਅਤੇ ਰਾਜਨੀਤਕ ਲੀਡਰਸ਼ਿਪ ਦੀ ਦਿਸ਼ਾਹੀਣਤਾ ਅਤੇ ਦਿਸ਼ਾਹੀਣ ਕਿਰਦਾਰ ਕਰਕੇ ਭੋਗ ਪੈ ਚੁੱਕਾ ਹੈ।

**ਸਵੈਨਿਰਣੇ ਦਾ ਮੁੱਦਾ :**

ਜਿੰਨਾ ਚਿਰ ਸਵੈਨਿਰਣੇ ਦਾ ਅਧਿਕਾਰ ਕਿਸੇ ਕੌਮ, ਭਾਸ਼ਾਈ ਘੱਟ ਗਿਣਤੀ, ਇਲਾਕੇ ਦੇ ਲੋਕਾਂ ਨੂੰ ਸੰਵਿਧਾਨਕ ਤੌਰ ’ਤੇ ਨਾ ਹੋਵੇ, ਵੱਖਰਾ ਰਾਜ ਜਾਂ ਖਿੱਤਾ ਸੰਭਵ ਨਹੀਂ ਜਾਂ ਫਿਰ ਕਿਸੇ ਕੌਮ, ਫਿਰਕੇ, ਇਲਾਕੇ ਦੇ ਲੋਕਾਂ ਨੂੰ ਅਮਰੀਕਾ ਜਾਂ ਨਾਟੋ ਵਰਗੇ ਜਾਬਰਾਂ ਦਾ ਸਮਰਥਨ ਪ੍ਰਾਪਤ ਹੋਵੇ, ਪਰ ਉਨਾਂ ਦਾ ਇਕ ਜੁਟ ਹੋਣਾ ਅਤਿ ਜ਼ਰੂਰੀ ਹੈ।

ਬਰਤਾਨੀਆ, ਕੈਨੇਡਾ ਅੰਦਰ ਸੰਵਿਧਾਨਕ ਹੱਕ ਹੋਣ ਕਰਕੇ ਕਿਊਬੈਕ (ਕੈਨੇਡਾ) ਅੰਦਰ ਫਰਾਂਸੀਸੀ ਭਾਸ਼ਾਈ ਲੋਕਾਂ ਅਤੇ ਸਕਾਟਲੈਂਡ (ਬਰਤਾਨੀਆ) ਦੇ ਲੋਕਾਂ ਸਵੈਨਿਰਣੇ ਲਈ ਵੋਟਾਂ ਪਾਈਆਂ ਭਾਵੇਂ ਸਫਲਤਾ ਨਹੀਂ ਮਿਲੀ। ਇਸਰਾਈਲ ਅਤੇ ਫਲਸਤੀਨ ਅਮਰੀਕੀ ਅਤੇ ਇਤਿਹਾਦੀਆਂ ਦੀ ਦੇਣ ਹਨ। ਕਸ਼ਮੀਰੀ (ਭਾਰਤ), ਕੁਰਦ (ਇਰਾਕ, ਤੁਰਕੀ), ਬਲੋਚ (ਪਾਕਿਸਤਾਨ) ਆਦਿ ਵੱਖਰੇ ਰਾਜ ਲਈ ਢੇਰ ਚਿਰ ਤੋਂ ਮਾਰੂ ਹਥਿਆਰਬੰਦ ਜੰਗ ਲੜ ਰਹੇ ਹਨ। ਪਾਟੋਧਾੜ ਦਾ ਸ਼ਿਕਾਰ ਸਿੱਖਾਂ ਵੀ ਪੰਜਾਬ ਵਿਚ ਦਿਸ਼ਾਹੀਣ, ਮਾਰੂ ਹਿੰਸਕ ਸੰਘਰਸ਼ ਕਰਕੇ ਵੇਖ ਲਿਆ। ਕੋਈ ਮਦਦ ਲਈ ਨਹੀਂ ਬਹੁੜਿਆ। ਅਮਰੀਕਾ ਅਤੇ ਇਤਿਹਾਦੀਆਂ ਲਈ ਅਫਗਾਨਿਸਤਾਨ, ਈਕਾਰ,ਲਿਬੀਆ, ਮਿਸਰ ਆਦਿ ਵਿਚ ਪਿੱਠੂ ਹਕੂਮਤਾਂ ਸਥਾਪਿਤ ਕਰਨਾ ਮੁਹਾਲ ਹੋ ਗਿਆ ਹੈ।

ਵਿਦੇਸ਼ਾਂ ਅੰਦਰ ਬੈਠੇ ਰੈਡੀਕਲ ਗਰੁੱਪ ਪੰਜਾਬ ਅੰਦਰ ਲੋਕਾਂ ਵੱਲੋਂ ਚੁਣੇ ਸਿੱਖ ਧਾਰਮਿਕ ਅਤੇ ਰਾਜਨੀਤਕ ਨੁਮਾਇੰਦਿਆਂ ਦਾ ਵਿਰੋਧ ਕਰਕੇ ਕੀ ਪ੍ਰਾਪਤ ਕਰਨਾ ਚਾਹੁੰਦੇ ਹਨ? ਇੰਨਾਂ ਵਿਚੋਂ ਕਈ ਕਲ੍ਹ ਪੰਜਾਬ ਅੰਦਰ ਰੈਡੀਕਲਾਂ ਜਾਂ ਖਾੜਕੂਆਂ ਨਾਲ ਸਨ। ਇੰਨਾਂ ਦਾ ਬਦਲ ਕਾਂਗਰਸ, ਆਮ ਆਦਮੀ ਪਾਰਟੀ, ਪੀ. ਪੀ. ਪੀ., ਭਾਜਪਾ ਆਦਿ ਕੀ ਸਿੱਖ ਰੈਡੀਕਲਾਂ, ਖਾੜਕੂਆਂ ਜਾਂ ਖਾਲਿਸਤਾਨ ਵਾਦੀਆਂ ਦੇ ਹੱਕ ਵਿਚ ਹਨ? ਸਿੱਖ ਪੰਥਕ ਸ਼ਕਤੀਆਂ ਦੇ ਪੰਜਾਬ, ਭਾਰਤ ਅਤੇ ਕੌਮਾਂਤਰੀ ਪੱਧਰ ’ਤੇ ਏਕੇ ਬਿਨਾਂ ਵਿਸ਼ਵ ਦੇ ਕਿਸੇ ਦੇਸ਼ ਜਾਂ ਪ੍ਰਾਂਤ ਜਾਂ ਇਲਾਕੇ ਵਿਚ ਉਨ੍ਹਾਂ ਦੀ ਧਾਰਮਿਕ, ਰਾਜਨੀਤਕ, ਆਰਥਿਕ, ਸਭਿਆਚਾਰਕ ਹੋਂਦ ਦੀ ਰਾਖੀ ਸੰਭਵ ਨਹੀਂ।

ਪੰਜਾਬ ਅੰਦਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਜੋ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਅਤੇ ਦਿੱਲੀ ’ਤੇ ਕਾਬਜ਼ ਹੈ, ਸਿੱਖਾਂ ਅਤੇ ਪੰਜਾਬੀਆਂ ਦੀ ਨਿਰੋਲ ਕੌਮਾਂਤਰੀ ਅਤੇ ਇਲਾਕਾਈ ਧਾਰਮਿਕ ਅਤੇ ਰਾਜਨੀਤਕ ਨੁਮਾਇੰਦਾ ਹੋਣ ਵਜੋਂ ਭਰਮ ਪਾਲ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਸਮੇਤ ਦੂਜੇ ਰਾਜਨੀਤਕ ਦਲਾਂ ਨੂੰ ਇਹੀ ਇਲਮ ਨਹੀਂ ਕਿ ਵਿਦੇਸ਼ਾਂ ਵਿਚ ਕਿਸ ਮਾਨਸਿਕਤਾ ਨਾਲ ਲਬਰੇਜ਼ ਅਜੋਕੇ ਸਿੱਖ ਅਤੇ ਅਕਾਲੀ ਹਨ। ਬਹੁਤੇ ਸਿੱਖ ਘੋਨੇ-ਮੋਨੇ ਹੋ ਚੁੱਕੇ ਹਨ। ਰੈਡੀਕਲ ਗਰੁੱਪਾਂ ਵਿਚ ਜਦੋਂ ਇਹ ਰਲ ਜਾਂਦੇ ਹਨ ਤਾਂ ਉਨਾਂ ਵੱਲੋਂ ਚੁੱਕਿਆ ਸਿੱਖੀ ਅਤੇ ਖਾਲਿਸਤਾਨ ਦਾ ਪਰਚਮ ਵੀ ਨੀਵਾਂ ਹੋ ਜਾਂਦਾ ਹੈ। ਸਿਰਫ਼ ਕੁਝ ਇਕ ਲੋਕ ਰਾਜਨੀਤਕ ਪਾਰਟੀਆਂ ਨਾਲ ਜੁੜੇ ਹੋਏ ਹਨ ਜੋ ਵਧੀਆ ਇਖਲਾਕ ਅਤੇ ਅਕਸ ਨਹੀਂ ਰਖਦੇ। ਤੀਜੀ ਤਰ੍ਹਾਂ ਦੇ ਅਜਿਹੇ ਸ਼ਾਤਿਰ ਪ੍ਰਵਾਸੀ ਹਨ ਜੋ ਮੌਕਾਪ੍ਰਸਤ, ਅਪਰਾਧੀ ਅਤੇ ਧੋਖੇਬਾਜ਼ ਹੋਣ ਕਰਕੇ ਪੰਜਾਬ ਅੰਦਰ ਸੱਤਾਧਾਰੀਆਂ ਅਤੇ ਅਫ਼ਸਰਸ਼ਾਹਾ ਨਾਲ ਹਮੇਸ਼ਾਂ ਨੇੜਤਾ ਰਖਦੇ ਹਨ। ਚੌਥਾ ਵੱਡਾ ਧੜਾ ਅਜਿਹੇ ਸਿੱਖਾਂ ਜਾਂ ਪੰਜਾਬੀਆਂ ਦਾ ਹੈ ਜੋ ਵਿਦੇਸ਼ ਦੇ ਕਾਨੂੰਨ ਦੇ ਰਾਜ ਅਤੇ ਪਾਰਦਰਸ਼ੀ ਵਿਕਸਿਤ ਪ੍ਰਬੰਧ ਤੋਂ ਬਹੁਤ ਪ੍ਰਭਾਵਿਤ ਹੈ। ਇਹ ਨਿਰਪੱਖ ਧੜਾ ਪੰਜਾਬ ਵਿਚ ਵੀ ਵਧੀਆ, ਸੁਅੱਛ, ਭ੍ਰਿਸ਼ਟਾਚਾਰ ਰਹਿਤ ਜੁਆਬਦੇਹ ਸਰਕਾਰ ਚਾਹੁੰਦਾ ਹੈ। ਪੰਜਾਬ ਨੂੰ ਭਾਰਤ ਦਾ ਨੰਬਰ ਇਕ ਵਿਕਸਿਤ ਅਤੇ ਖ਼ੁਸ਼ਹਾਲ ਰਾਜ ਵੇਖਣਾ ਚਾਹੁੰਦਾ ਹੈ।

ਸ਼੍ਰੋਮਣੀ ਅਕਾਲੀ ਦਲ ਸੱਤਾਧਾਰੀ ਦਲ ਹੋਣ ਕਰਕੇ ਇਸ ਦਾ ਵਿਦੇਸ਼ਾਂ ਵਿਚ ਵਿਰੋਧ ਕੁਦਰਤੀ ਹੋਣਾ ਸੀ। ਪਰ ਇਸ ਨੇ (1) ਵੱਡੀ ਗਲਤੀ ਇਸ ਸਬੰਧੀ ਪਹਿਲਾਂ ਹੋਮ ਵਰਕ ਨਾ ਕਰਨ ਕਰਕੇ ਕੀਤੀ। (2) ਵਿਦੇਸ਼ਾਂ ਵਿਚ ਇਸ ਦੀ ਪ੍ਰਤੀਨਿਧਤਾ ਕਰਨ ਵਾਲੇ ਭ੍ਰਿਸ਼ਟ, ਸ਼ਰਾਬੀ-ਕਬਾਬੀ, ਨਿਕੰਮੇ, ਆਮ ਲੋਕਾਂ ਨਾਲੋਂ ਟੁੱਟੇ ਆਗੂਆਂ ਨੂੰ ਨਾ ਬਦਲਿਆ। ਉਨਾਂ ਦੀ ਵਿਰੋਧਤਾ ਅਕਾਲੀ ਵਫਦਾ ਦੀ ਵੱਡੀ ਸਿਰਦਰਦੀ ਬਣੀ (3) ਪੰਜਾਬ ਦੇ ਮੰਤਰੀ ਅਤੇ ਆਗੂ ਪ੍ਰਦੇਸੀਆਂ ਦੇ ਟੈਲੀਫੋਨ ਅਤੇ ਜ਼ਰੂਰੀ ਮਸਲੇ ਨਹੀਂ ਸੁਣਦੇ। ਜੇ ਸ੍ਰ: ਬਾਦਲ ਅਤੇ ਸੁਖਬੀਰ ਬਾਦਲ ਦਸ ਘੰਟੇ ਸੰਗਤ ਦਰਸ਼ਨ ਕਰਦੇ ਹਨ ਜੇ ਰੋਜ਼ਾਨਾ ਪ੍ਰਵਾਸੀਆਂ ਨੂੰ ਇਕ ਘੰਟਾ ਦਿੱਤਾ ਹੁੰਦਾ ਤਾਂ ਇਹ ਦੁਰਦਸ਼ਾ ਨਾ ਹੁੰਦੀ। ਓ. ਐੱਸ. ਡੀਆਂ ਅਤੇ ਸਲਾਹਕਾਰਾਂ ਦੀ ਫ਼ੌਜ ਕਾਹਦੇ ਲਈ ਰਖੀ ਹੈ? (4) ਪ੍ਰਵਾਸੀਆਂ ਦੇ 95 ਫੀਸਦੀ ਕੇਸਾਂ ਦੀ ਸੁਣਵਾਈ ਨਹੀਂ ਹੁੰਦੀ। ਅੱਤਵਾਦੀ ਤ੍ਰਾਸਦੀ ਵੇਲੇ ਤੋਂ ਲੋਕਾਂ ਨੂੰ ਲੁੱਟਣ, ਕੁੱਟਣ ਅਤੇ ਝੂਠੇ ਪਰਚੇ ਦਰਜ ਕਰਨ ਦੀ ਮਾਹਰ ਸਰਕਾਰੀ ਮਸ਼ੀਨਰੀ ਹੁਣ ਵੀ ਉਨਾਂ ਨਾਲ ਅਜਿਹਾ ਵਿਵਹਾਰ ਕਰਦੀ ਹੈ। (5) ਅਪਰਾਧਿਕ ਪਿਛੋਕੜ ਵਾਲੇ ਅਦਾਲਤ ਵੱਲੋਂ ਦੋਸ਼ੀ ਠਹਿਰਾਏ, ਪੰਥਕ ਸਰੂਪ ਰਹਿਤ, ਪ੍ਰਵਾਸੀ ਮਾਮਲਿਆਂ ਤੋਂ ਕੋਰੇ ਆਗੂ ਗੁੱਸੇ ਦਾ ਸ਼ਿਕਾਰ ਬਣੇ। (6) ਅਕਾਲੀ ਅਗਵਾਈ ਵਾਲੀ ਸਰਕਾਰ ਉਨਾਂ ਪੁਲਸ ਅਤੇ ਸਿਵਲ ਅਧਿਕਾਰੀਆਂ ਵਿਰੁੱਧ ਠੋਸ ਕਾਰਵਾਈ ਕਰਕੇ ਜੇਲੀਂ ਨਹੀਂ ਭੇਜ ਸਕੀ ਜਿੰਨਾਂ ਅੱਤਵਾਦੀ ਤ੍ਰਾਸਦੀ ਵੇਲੇ ਝੂਠੇ ਪੁਲਸ ਮੁਕਾਬਲੇ ਅੰਜ਼ਾਮ ਦਿੱਤੇ, ਬੇਗੁਨਾਹ ਮਾਰੇ, ਲੋਕ ਬੇਘਰ ਤੇ ਬੇਪੱਤ ਕੀਤੇ।

ਇਥੇ ਇਹ ਵੀ ਸੱਚ ਹੈ ਕਿ ਸਿਰਫ਼ ਤੀਜੇ ਹਿੱਸੇ ਨਾਲੋਂ ਵੀ ਘੱਟ ਪ੍ਰਵਾਸੀ ਅਕਾਲੀ ਦਲ ਵਿਰੋਧੀ ਹਨ। ਪਰ ਇਸ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀਆਂ ਵਿਦੇਸ਼ਾਂ ਵਿਚ ਮੀਡੀਏ ਅਤੇ ਹੋਮ ਵਰਕ ਬਲਬੂਤੇ ਕੀਤੀਆਂ ਸਫਲ ਰੈਲੀਆਂ ਤੋਂ ਕੁਝ ਨਹੀਂ ਸਿੱਖਿਆ। ਅਕਾਲੀ ਦਲ ਦਾ ਮੀਡੀਆ ਵਿੰਗ ਨਿਕੰਮਾਂ, ਚਿੱਟਾ ਹਾਥੀ ਅਤੇ ਮਾਨਸਿਕ ਦੀਵਾਲਏ ਦਾ ਸ਼ਿਕਾਰ ਸਾਬਿਤ ਹੋਇਆ ਹੈ। ਚਿੰਤਾਜਨਕ ਗੱਲ ਇਹ ਹੈ ਕਿ ਪ੍ਰਵਾਸੀ ਭਾਈਚਾਰੇ ਦੇ ਵਿਰੋਧ ਕਰਕੇ ਜੋ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਦਾ ਅਕਸ ਵਿਦੇਸ਼ੀ ਨਜ਼ਰਾਂ ਵਿਚ ਵਿਗੜਿਆ ਹੈ ਉਸ ਦੀ ਪੂਰਤੀ ਨੇੜ ਦੇ ਭਵਿੱਖ ਵਿਚ ਸੰਭਵ ਨਹੀਂ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰਾਂਪਟਨ, ਕੈਨੇਡਾ।**
001-416-857-7665

# ਸੁਰੇਂਦਰ ਹੇਮ ਜਯੋਤੀ ਸੂਬਾਈ ਸਾਹਿਤਕ ਸਮਾਗਮ

## 'ਤੀਸਰੀ ਦੁਨੀਆ' ਦੇ ਸੰਪਾਦਕ ਨੇ ਬੁੱਧੀਜੀਵੀਆਂ ਨੂੰ ਚਿਤਾਰੇ ਫਰਜ਼

ਲੁਧਿਆਣਾ : ਪੰਜਾਬੀ ਸਾਹਿਤ ਅਤੇ ਪੱਤ੍ਰਿਕਾ ਦੇ ਖੇਤਰ 'ਚ 'ਧਰੂ ਤਾਰੇ ਦਾ ਮੁਕਾਮ ਰੱਖਦੇ ਨਾਮਵਰ ਸਾਹਿਤਕਾਰ ਸੁਰੇਂਦਰ ਹੇਮ ਜਯੋਤੀ ਦੀ ਯਾਦ 'ਚ ਪੰਜਾਬ ਲੋਕ ਸਭਿਆਚਾਰਕ ਮੰਗ (ਪਲਸ ਮੰਚ) ਵਲੋਂ ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ ਨਾਲ ਸਲਾਨਾ ਸੂਬਾਈ ਸਾਹਿਤਕ ਸਾਮਗਮ ਸਥਾਨਕ ਪੰਜਾਬੀ ਭਾਵਨ 'ਚ ਕੀਤਾ ਗਿਆ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰਧਾਨ ਪ੍ਰੋ. ਏ. ਕੇ ਮਲੇਰੀ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਜਾਣੇ ਪਹਿਚਾਣੇ ਆਗੂ ਪ੍ਰੋ. ਰਵਿੰਦਰ ਭੱਠਲ ਅਤੇ ਉੱਘੇ ਕਹਾਣੀਕਾਰ ਅਤਰਜੀਤ ਦੀ ਪ੍ਰਧਾਨਗੀ 'ਚ ਹੋਏ ਇਸ ਸਮਾਗਮ 'ਚ ਉੱਘੇ ਵਿਚਾਰਵਾਨ ਆਨੰਦ ਸਵਰੂਪ ਵਰਮਾ (ਸੰਪਾਦਕ ਤੀਸਰੀ ਦੁਨੀਆ) ਮੁੱਖ ਵਕਤਾ ਸਨ।

ਚਿੰਤਕ ਅਨੰਦ ਸਵਰੂਪ ਵਰਮਾ ਨੇ ਬੋਲਦਿਆਂ ਆਪਣੇ ਭਾਸ਼ਣ ਦਾ ਕੇਂਦਰੀ ਨੁਕਤਾ ਉਭਾਰਿਆ ਕਿ "ਸਾਡਾ ਮੁਲਮ ਬਹੁਪੱਖੀ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਸ਼ਵੀਕਰਨ ਦੇ ਇਸ ਦੌਰ ਅੰਦਰ ਅੰਨ੍ਹੇ ਮੁਨਾਫ਼ੇ ਦਾ ਵਿਸ਼ਵੀਕਰਨ ਅਤੇ ਕੇਂਦਰੀਕਰਨ ਹੋਇਆ ਹੈ ਜਦੋਂ ਕਿ ਦੁਨੀਆ ਭਰ ਦੇ ਲੋਕਾਂ ਦੇ ਸਭਨਾਂ ਹੱਕਾਂ ਉਪਰ ਧਾਵਾ ਹੋਰ ਵੀ ਵਿਆਪਕ, ਮਾਰੂ ਅਤੇ ਤਿੱਖਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਖੇਤੀ ਪ੍ਰਧਾਨ ਸਾਡੇ ਮੁਲਕ ਅੰਦਰ ਕਿਸਾਨਾਂ ਵਲੋਂ ਵੱਡੀ ਪੱਧਰ 'ਤੇ ਖੁਦਕਸ਼ੀਆਂ ਕਰਨ ਦਾ ਵਰਤਾਰਾ ਦਿਨ-ਬ-ਦਿਨ ਜ਼ੋਰ ਫੜਦਾ ਜਾ ਰਿਹਾ ਹੈ ਅਤੇ ਲੋਕਪੱਖੀ ਸਮੂਹ ਸ਼ਕਤੀਆਂ ਲਈ ਅਜਿਹੇ ਵਰਤਾਰੇ ਤਿੱਖੀ ਵੰਗਾਰ ਪੇਸ਼ ਕਰ ਰਹੇ ਹਨ। ਉਨ੍ਹਾਂ ਤੱਥਾਂ ਸਹਿਤ ਸਾਬਤ ਕੀਤਾ ਕਿ ਯੂ.ਪੀ.ਏ. ਅਤੇ ਐਨ.ਡੀ.ਏ. ਹਕੂਮਤ ਖਾਸ ਕਰਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਮੜ੍ਹੀਆਂ ਜਾ ਰਹੀਆਂ ਨੀਤੀਆਂ ਲੋਕਾਂ ਦੀ ਮੁਕੰਮਲ ਜ਼ਿੰਦਗੀ ਨੂੰ ਹਰ ਪੱਖੋਂ ਤਬਾਹ ਕਰ ਰਹੀਆਂ ਹਨ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਦੌਰ ਅੰਦਰ ਬੁੱਧੀਜੀਵੀ ਵਰਗ ਸਿਰ ਵਡੇਰੀ ਅਤੇ ਤਿੱਖੀ ਜ਼ਿੰਮੇਵਾਰੀ ਆਉਂਦੀ ਹੈ ਕਿ ਉਹ ਹਨੇਰੇ ਖੂਹ ਵਿਚ ਸੁੱਟੇ, ਲੁੱਟੇ ਅਤੇ ਕੁੱਟੇ ਜਾ ਰਹੇ ਸਮਾਜ ਨੂੰ ਚਾਨਣ ਦੇ ਸਫ਼ਰ 'ਤੇ ਲੈ ਕੇ ਜਾਣ ਲਈ ਅੱਗੇ ਆਵੇ। ਭਵਿੱਖ ਅੰਦਰ ਨਵੀਂ ਸਵੇਰ ਦੀ ਆਮਦ ਪ੍ਰਤੀ ਜਾਗਰੂਕ ਅਤੇ ਆਸਵੰਦ ਆਨੰਦ ਸਵਰੂਪ ਨੇ ਕਿਹਾ ਕਿ ਭਵਿੱਖ ਲੋਕਾਂ ਦਾ ਹੈ ਅਤੇ ਲੋਕ ਇਸ ਭਵਿੱਖ ਦਾ ਨਵਾਂ ਮੁਹਾਂਦਰਾ ਘੜਨਗੇ।

ਇਸ ਮੌਕੇ ਉੱਘੇ ਕਹਾਣੀਕਾਰ ਅਤਰਜੀਤ ਨੇ ਸੁਰੇਂਦਰ ਹੇਮ ਜਯੋਤੀ ਦੇ ਸਾਹਿਤਕ ਸੰਗਰਾਮੀ ਜੀਵਨ ਉਪਰ ਚਾਨਣਾ ਪਾਉਂਦਿਆਂ ਬੁੱਧੀਜੀਵੀਆਂ ਅਤੇ ਮਿਹਨਤਕਸ਼ ਲੋਕਾਂ ਨੂੰ ਸਮੇਂ ਦੇ ਹਾਣੀ ਬਣਨ ਦੀ ਅਪੀਲ ਕੀਤੀ।

ਪ੍ਰਧਾਨਗੀ ਮੰਡਲ ਦੀ ਤਰਫ਼ੋਂ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਕਲਮ, ਕਲਾ, ਸੰਗਰਾਮ ਦੀ ਜੋਟੀ ਮਜਬੂਤ ਕਰਨ ਉਪਰ ਜ਼ੋਰ ਦਿੰਦਿਆਂ ਕਿਹਾ ਕਿ ਵਕਤ ਦੀਆਂ ਚੁਣੌਤੀਆਂ ਦੀਆਂ ਅੱਖਾਂ 'ਚ ਅੱਖਾਂ ਪਾਉਣਾ ਦੀ ਚੰਦਰੀ ਰੁੱਤ ਨੂੰ ਬਦਲਕੇ ਬਸੰਤ ਰੁੱਤ ਲਿਆਉਣ ਦੀ ਸਾਰਥਿਕ ਭੂਮਿਕਾ ਅਦਾ ਕਰੇਗਾ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਿੰਦੀ ਕਵੀਆਂ ਅਭਿਸ਼ੇਕ, ਸ੍ਰੀ ਵਾਸਤਵ ਅਤੇ ਰਣਜੀਤ ਵਰਮਾ ਨੇ ਕਾਵਿ ਰੰਗ ਪੇਸ਼ ਕੀਤਾ। ਇਸ ਵਿਚ ਕਵਿਤਾ 16 ਮਈ ਤੋਂ ਬਾਅਦ ਨੇ ਖੂਬ ਦਾਦ ਖੱਟੀ। ਇਸ ਤੋਂ ਇਲਾਵਾ ਪ੍ਰੋ. ਰਵਿੰਦਰ ਭੱਠਲ, ਭੁਪਿੰਦਰ ਸੰਧੂ ਨੇ ਵੀ ਕਵਿਤਾਵਾਂ ਪੇਸ਼ ਕੀਤੀਆਂ।

ਪਲਸ ਮੰਚ ਦੀ ਇਕਾਈ ਲੋਕ ਸੰਗੀਤ ਮੰਡਲੀ ਭਦੌੜ ਦੇ ਗਾਇਕ ਕਲਾਕਾਰਾਂ ਨੇ ਮਾਸਟਰ ਰਾਮ ਕੁਮਾਰ ਦੀ ਨਿਰਦੇਸ਼ਨਾ 'ਚ ਅਤੇ ਇਨਕਲਾਬੀ ਕਵੀਸ਼ਰੀ ਜਥਾ ਰਸੂਲਪੁਰ ਨੇ ਸਵਰਨ ਧਾਲੀਵਾਲ ਦੀ ਨਿਰਦੇਸ਼ਨਾ 'ਚ ਅਤੇ ਅੰਮ੍ਰਿਤਪਾਲ ਬਠਿੰਡਾ ਨੇ ਸੰਗੀਤ ਅਤੇ ਕਵੀਸ਼ਰੀ ਦੇ ਰੰਗ ਨਾਲ ਸੁਰੇਂਦਰ ਨੂੰ ਸ਼ਰਧਾਂਜਲੀ ਦਿੱਤੀ।

ਸਮਾਗਮ ਦਾ ਮੰਚ ਸੰਚਾਲਨ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕੀਤਾ। ਸਮਾਗਮ ਵਲੋਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਪਾਸ਼ ਦੇ ਸੂਬਾਈ ਸਾਹਿਤਕ ਸਮਾਗਮ ਨੂੰ 30 ਅਗਸਤ 11 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਸੰਬੋਧਨ ਕਰਨ ਆ ਰਹੀ ਅਰੁੰਧਤੀ ਰਾਏ ਦੇ ਵਿਚਾਰ ਸੁਣਨ ਅਤੇ ਗੁਰਸ਼ਰਨ ਭਾਅ ਜੀ ਯਾਦਗਾਰੀ ਸਮਾਗਮਾਂ 'ਚ ਸ਼ਾਮਲ ਹੋਣ ਲਈ 16 ਸਤੰਬਰ ਵਿਰਸਾ ਵਿਹਾਰ ਅੰਮ੍ਰਿਤਸਰ ਅਤੇ ਪਲਸ ਮੰਚ ਦੇ ਯਾਦਗਾਰੀ ਸੂਬਾਈ ਸਮਾਗਮ 'ਚ 27 ਸਤੰਬਰ ਸ਼ਾਮ 7 ਵਜੇ ਤੋਂ ਅਗਲੀ ਸਵੇਰ ਤੱਕ ਦਾਨਾ ਮੰਡੀ ਬਰਨਾਲਾ ਵਿਖੇ ਹੋਣ ਵਾਲੇ ਗੁਰਸ਼ਰਨ ਭਾਅ ਜੀ ਦੇ ਵਿਛੋੜੇ ਅਤੇ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਇਨਕਲਾਬੀ ਰੰਗ ਮੰਚ ਦਿਹਾੜਾ ਸਮਾਗਮ 'ਚ ਸ਼ਾਮਲ ਹੋਣ।

ਜਿਥੇ ਔਰਬਿਟ ਅਤੇ ਨਿਊ ਦੀਪ ਵਰਗੀਆਂ ਨਿੱਜੀ ਬੱਸਾਂ ਦਾ ਅਮਲਾ ਮਾਲਕਾਂ ਦੇ ਮੁਨਾਫ਼ੇ ਲਈ ਲੋਕਾਂ ਨੂੰ ਬੱਸਾਂ ਹੇਠ ਦਰੜਨ ਅਤੇ ਚਲਦੀਆਂ ਬੱਸਾਂ ਚ ਲੋਕਾਂ ਦੀਆਂ ਧੀਆਂ ਭੈਣਾਂ ਦੀਆਂ ਇਜ਼ਤਾਂ ਲੁੱਟਣ ਲਈ ਬਦਨਾਮ ਹੈ, ਉਥੇ ਦੀਨਾ ਨਗਰ ਚ ਅੱਤ ਵਾਦੀ ਹਮਲੇ ਸਮੇਂ ਪੰਜਾਬ ਰੋਡਵੇਜ਼ ਦੇ ਡਰਾਈਵਰ ਨਾਨਕ ਚੰਦ ਨੇਂ ਆਵਦੀ ਦਲੇਰੀ ਅਤੇ ਚੁਸਤੀ ਨਾਲ 75 ਸਵਾਰੀਆਂ ਦੀ ਜਾਨ ਬਚਾਈ ? ਜਦੋਂ ਅੱਤਵਾਦੀਆਂ ਨੇਂ ਬੱਸ ਤੇ ਫਾਈ ਰਿੰਗ ਕੀਤੀ ਤਾਂ ਓਹ ਡਰਿਆ ਨਹੀਂ ਸਗੋਂ ਓਹਨਾਂ ਨੂੰ ਦਰੜਨ ਲਈ ਬੱਸ ਓਹਨਾਂ ਵੱਲ ਸਿਧੀ ਕਰ ਦਿੱਤੀ ਅਤੇ ਓਹਨਾਂ ਨੂੰ ਡਰਾ ਦਿੱਤਾ ? ਬਾਦ ਵਿਚ ਓਹ ਮੋੜ ਕੇ ਬੱਸ ਭਜਾ ਕੇ ਲੈ ਗਿਆ ਅਤੇ ਇਸ ਤਰ੍ਹਾਂ ਸਵਾਰੀਆਂ ਦੀ ਜਾਨ ਬਚਾ ਲਈ ?



## BRAVE PUNJAB BUS DRIVER SAVED MANY LIVES IANS



The alertness and bravery of a bus driver saved several lives as terrorists launched an attack in Dinanagar in Punjab on Monday.

Punjab Roadways driver Nanak Chand did not panic even when the terrorists fired at the bus and instead scared the terrorists by driving towards them.

As the terrorists, numbering four, moved back, the driver swerved the bus and drove it away.


Since shots were fired at the bus, Nanak Chand drove it straight to a government hospital to get the injured passengers treated. He also called up the police to inform about the incident.

"There were 75 passengers in the bus. I thought that it was important to save their lives. I did not stop the bus," Nanak Chand told journalists.

"The driver's alertness saved several lives. Otherwise, the passengers could have been an easy target for the terrorists," said a Punjab Roadways general manager. (The Hindu, July 27, 2015)

# ਬਲਦੇਵ ਸਹਿਦੇਵ ਦੀ ਕਾਵਿ-ਪੁਸਤਕ-"ਇੱਕ ਰੰਗ ਹੋਰ"

ਲੋਕ-ਸ਼ਾਇਰੀ ਦਾ ਰੰਗ
(ਹਰਜੀਤ ਬੇਦੀ
647-924-9087)




ਪੰਜਾਬੀ ਕਵਿਤਾ ਦੀ ਇਹ ਖੂਬੀ ਰਹੀ ਹੈ ਕਿ ਇਸ ਨੇ ਹਮੇਸ਼ਾਂ ਲੋਕਾਂ ਦੀ ਗੱਲ ਕੀਤੀ ਹੈ ਜਾਲਮਾਂ ਦੀ ਨਹੀਂ। ਲੋਕ-ਸ਼ਾਇਰੀ ਲੋਕਾਂ ਦੇ ਦੁੱਖ ਦਰਦ ਦੀ ਗੱਲ ਕਰਦੀ ਹੈ ਉਹਨਾ ਤੇ ਹੋ ਰਹੇ ਜ਼ੁਲਮ ਨੂੰ ਖਤਮ ਕਰਨ ਲਈ ਆਵਾਜ ਬਣਦੀ ਹੈ। ਇਹ ਮਨੁੱਖੀ ਬਰਾਬਰਤਾ ਦੀ ਗੱਲ ਕਰਦੀ ਹੈ। ਉਸਦੀ ਪਛਾਣ ਉਸਦੇ ਹਿੰਦੂ,ਸਿੱਖ ਜਾਂ ਮੁਸਲਮਾਨ ਹੋਣ ਦੇ ਤੌਰ ਤੇ ਨਹੀਂ ਸਗੋਂ ਮਨੁੱਖ ਦੇ ਤੌਰ ਤੇ ਕਰਵਾਉਂਦੀ ਹੈ। ਉਹ ਲੋਕਾਂ ਦੇ ਜੀਵਣ ਵਿੱਚ ਆਉਂਦੇ ਰੰਗ ਜਿਵੇਂ ਹੰਝੂੰ-ਹਾਸੇ,ਦੁਸ਼ਮਣੀ-ਦੋਸਤੀ, ਪਿਆਰ-ਨਫਰਤ, ਵਫਾ-ਬੇਵਫਾਈ ਅਤ ਅਪਣੱਤ-ਬੇਗਾਨਾਪਣ ਵਰਗੇ ਵਿਸ਼ਿਆਂ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਜਿਵੇਂ ਨਸ਼ੇ, ਲੱਚਰਤਾ, ਅੰਧ-ਵਿਸ਼ਵਾਸ,ਜਾਤ-ਪਾਤ, ਰਿਸ਼ਵਤ-ਖੋਰੀ,ਧੱਕਾ-ਜੋਰੀ ਅਤੇ ਵਹਿਮਾਂ ਭਰਮਾਂ ਤੋਂ ਸੁਚੇਤ ਕਰਦੀ ਹੈ ਤੇ ਇਹਨਾਂ ਤੋਂ ਬਚਣ ਦਾ ਰਾਹ ਸੁਝਾਉਂਦੀ ਹੈ। ਹਾਕਮ ਲੋਕਾਂ ਵਲੋਂ ਕੀਤੀ ਜਾ ਰਹੀ ਸ਼ਰੇ-ਆਮ ਲੁੱਟ, ਕੁਰੱਪਸ਼ਨ, ਝੂਠੀ ਸ਼ਾਨ ਬਣਾ ਕੇ ਬੈਠੇ ਬੇਈਮਾਨ ਲੋਕਾਂ ਦੇ ਚਿਹਰਿਆਂ ਦੇ ਨਕਾਬ ਲਾਹੁੰਦੀ ਹੈ। ਸ਼ਾਇਰੀ ਸਿਰਫ ਕਲਾ ਲਈ ਹੀ ਨਹੀਂ ਹੁੰਦੀ ਸਗੋਂ ਜਨ ਸਾਧਾਰਨ ਦੇ ਸਰੋਕਾਰਾਂ ਦੀ ਗੱਲ ਕਰਦੀ ਹੈ।

ਬਲਦੇਵ ਸਹਿਦੇਵ ਜਿੰਦਗੀ ਦਾ ਸੱਚਾ ਆਸ਼ਕ ਹੈ। ਇਹ ਗੱਲ ਉਹ ਆਪਣੇ ਨਵੇਂ ਕਾਵਿ-ਸੰਗ੍ਰਹਿ ਵਿੱਚ ਆਪਣੇ ਕਾਵਿ ਬੋਲਾਂ ਨਾਲ ਸਿੱਧ ਕਰਦਾ ਹੈ। ਉਹ ਬਦਲ ਰਹੇ ਮਨੁੱਖੀ ਰਿਸ਼ਤਿਆਂ ਬਾਰੇ ਆਪਣੀ ਕਵਿਤਾ" "ਲਟ ਹਵਾ" ਵਿੱਚ ਲਿਖਦਾ ਹੈ:

ਪੈਸਾ, ਪੈਸਾ,ਪੈਸਾ,ਹਰ ਕੋਈ ਕਰਦਾ ਹੈ,
ਮਤਲਬ ਦੇ ਨਾਲ ਬੱਝ ਗਿਆ ਹੈ ਹਰ ਰਿਸ਼ਤਾ।
ਭਰੇ ਚੌਕ ਵਿੱਚ ਖੜ੍ਹਕੇ ਦੁਖੀਆ ਵਿਲਕ ਰਿਹਾ,
ਖੁਦਗਰਜ਼ਾਂ ਨੇ ਫੌਰਨ ਲਾਂਘਾ ਬਦਲ ਲਿਆ।

ਇਸੇ ਤਰ੍ਹਾਂ ਆਪਣੀ ਕਵਿਤਾ "ਖਤ" ਵਿੱਚ ਮਨੁਖ ਨੂੰ ਸਵੈਮਾਨ ਤੇ ਹੌਸਲੇ ਨਾਲ ਜਵਿਣ ਬਤੀਤ ਕਰਨ ਦੀ ਪਰੇਰਣਾ ਦਿੰਦਾ ਹੋਇਆ ਲਿਖਦਾ ਹੈ:

ਟੁੱਟ ਜਾਣਾ ਬੰਦਸ਼ਾਂ ਸੂਲੀਆਂ ਕੀ ਬੇੜੀਆ,
ਸੀਸ਼ ਨਾ ਝੁਕਾਈਂ ਕਦੇ ਤਲੀ ਤੇ ਧਰੀਂ ਤੂੰ।

"ਬਣ ਮਨਿਸਟਰ ਜਾਵਾਂ" ਕਵਿਤਾ ਵਿੱਚ ਉਹ ਗੱਦੀਆਂ ਤੇ ਬੈਠੇ ਲੋਕਾਂ ਦਾ ਪਰਦਾ ਫਾਸ਼ ਕਰਦਾ ਹੋਇਆ ਦਸਦਾ ਹੈ ਕਿ ਉਹ ਮਾਇਆ ਇਕੱਠੀ ਕਰਣ ਲਈ ਹਰ ਜਾਇਜ਼ ਨਾਜਾਇਜ਼ ਢੰਗ ਵਰਤਦੇ ਹਨ:

ਪਿੰਡਾਂ ਸ਼ਹਿਰਾਂ ਦੇ ਵਿੱਚ ਕਰਕੇ ਸ਼ਾਮਲਾਟਾਂ ਤੇ ਕਬਜ਼ੇ,
ਮੈਰਜ਼ ਪੈਲੇਸ, ਸ਼ੋਅ ਰੂਮ ਤੇ ਕੋਲਡ ਸਟੋਰ ਬਨਾਵਾਂ।

ਬਲਦੇਵ ਸਹਿਦੇਵ ਆਪਣੀ ਕਵਿਤਾ "ਵਿਚਾਰੇ ਲੋਕ" ਵਿੱਚ ਰਾਜਨੀਤਕ ਦੇ ਧਾਰਮਿਕ ਲੋਕਾਂ ਦੁਆਰਾ ਕਿਸ ਤਰ੍ਹਾਂ ਆਮ ਲੋਕਾਂ ਦੀ ਹਾਲਤ ਤਰਸਯੋਗ ਬਣਾਈ ਪਈ ਹੈ:

ਬੇਈਮਾਨਾਂ ਦਾ ਵਾਰਾ ਪਹਿਰਾ,
ਰੁਲਦੇ ਹਨ ਦਰਬਾਰੇ ਲੋਕ।
ਭਾਈ ਲਾਲੋ ਨੂੰ ਕਿਹੜਾ ਪੁੱਛੇ,
ਮਲਕ ਜਿਹੇ ਸਤਿਕਾਰੇ ਲੋਕ।
ਧਰਮ ਤਰਾਜੂ ਖਰਾ ਨਾ ਤੋਲੇ,
ਬੰਨ੍ਹ ਪਾਸਕੂ ਮਾਰੇ ਲੋਕ।

ਸਮੇਂ ਦੇ ਹਾਕਮਾਂ ਤੇ ਉਹਨਾਂ ਦੇ ਬੁਰਛਿਆਂ ਬਾਰੇ ਕਵਿਤਾ "ਜੰਗਲ ਰਾਜ" ਵਿੱਚ ਬਲਦੇਵ ਲਿਖਦਾ ਹੈ:

ਅੱਤ ਮੱਚਗੀ ਚਾਰੇ ਪਾਸੇ
ਸੜਕਾਂ ਦਾ ਕੋਈ ਰਾਖਾ ਨਾ,
ਮੱਛਰੇ ਤਾਂ ਹੀ ਹਰ ਥਾਂ ਗੁੰਡੇ,
ਲੀਡਰ ਆਪ ਛੁਡਾਉਂਦੇ ਹੈ।
ਨਿੱਤ ਅਪਰਾਧੀ ਖੁੱਲ੍ਹ ਖੇਡਦੇ,
ਬਿਰਕੇ ਨਾ ਕਾਨੂੰਨ ਕਿਤੇ,
ਆਖੇ ਹਾਕਮ ਨਿੱਤ ਵਿਰੋਧੀ
ਐਵੇਂ ਦੂਸ਼ਣ ਲਾਉਂਦੇ ਹੈ।
ਰਾਮ ਰਾਜ ਦੇ ਆਖਣ ਵੱਡੇ,"ਸਹਿਦੇਵ" ਸੇਵਾ ਰਾਮ ਅਸੀਂ
ਨਵੇਂ ਨਵੇਂ ਮੁਖੌਟੇ ਪਾ ਕੇ,
ਪਰ ਭਾਣੇ ਵਰਤਾਉਂਦੇ ਹੈ।

ਆਪਣੀ ਇੱਕ ਵਿਅੰਗਾਤਮਕ ਕਵਿਤਾ "ਧਰਮ ਸਿਆਸੀ ਧੰਦਾ" ਵਿੱਚ ਕਵੀ ਲਿਖਦਾ ਹੈ:

ਪੂਜਾ ਘਰ ਅੱਜ ਹਰ ਮੋੜ ਤੇ, ਖੋਹਲੇ ਠੇਕੇਦਾਰਾਂ।
ਪਾਪ ਘਟ ਨਾ ਪਰ ਦੁਨੀਆ ਤੇ,ਵਧਗੇ ਜ਼ੁਲਮ ਹਜ਼ਾਰਾਂ।
ਧਰਮ ਕਿਤੇਬਾਂ ਪੜ੍ਹ ਪੜ੍ਹ ਕੇ ਵੀ,ਧਰਮੀ ਨਾ ਇਹ ਬੰਦਾ।
ਧਰਮ ਮਜ੍ਹਬ "ਸਹਿਦੇਵ ਹੋਇਆ", ਅੱਜ ਸਿਆਸੀ ਧੰਦਾ

ਸਹਿਦੇਵ ਆਪਣੀ ਕਵਿਤਾ "ਕਰਦੇ ਹਨ ਬਦਨਾਮ ਇਹ ਲੋਕ"ਸੰਘਰਸ਼ ਕਰ ਰਹੇ ਲੋਕਾਂ ਨੂੰ ਬਦਨਾਮ ਕਰਦੀਆਂ ਕੋਝੀਆ ਚਾਲਾਂ ਬਾਰੇ ਆਪਣੇ ਸ਼ਬਦਾਂ ਵਿੱਚ ਇੰਝ ਲਿਖਦਾ ਹੈ:

ਮਹਿਲਾਂ ਅੰਦਰ ਰੋਜ ਦਿਵਾਲੀ,ਲਟ ਲਟ ਲਾਟੂ ਜਗਦੇ ਹੈ,
ਪਰ ਦੀਵੇ ਲਈ ਤੇਲ ਕੋਈ ਮੰਗੇ,ਕਰਦੇ ਹਨ ਬਦਨਾਮ ਇਹ ਲੋਕ।

ਅੱਜ ਕੱਲ੍ਹ ਸਿਆਸੀ ਸਹਿ ਪ੍ਰਾਪਤ ਗੁੰਡਿਆਂ ਵਲੋਂ ਦਿਨ ਦੀਵੀਂ ਧੀਆਂ ਦੀ ਪੱਤ ਰੋਲੀ ਜਾ ਰਹੀ ਹੈ । ਧੀਆਂ ਦੇ ਬਾਪ ਬੇਬੱਸ ਹਨ।

ਅਣਖ ਆਬਰੂ ਰੁਲਗੀ ਹਰ ਥਾਂ,
ਕੁਤਿੱਆਂ ਖਾਧਾ ਮਾਣਸ ਮਾਸ।
ਸ਼ਿਕਰੇ ਅਤੇ ਸ਼ਿਕਾਰੀ ਨੋਚਣ,
ਬੇਵੱਸ ਧੀਆਂ ਦੇ ਸੀ ਬਾਪ।

ਆਮ ਲੋਕਾਂ ਨੂੰ 1947 ਵਾਲੀ ਆਜ਼ਾਦੀ ਦਾ ਕੋਈ ਲਾਭ ਨਹੀਂ ਹੋਇਆ, ਮੁੱਠੀ ਭਰ ਲੋਕ ਹੀ ਉਸਦਾ ਆਨੰਦ ਮਾਣ ਰਹੇ ਹਨ। ਕਵਿਤਾ "ਭੋਲੀਏ ਆਜ਼ਾਦੀਏ" ਵਿੱਚ ਸਹਿਦੇਵ ਇਸ ਦਾ ਵਰਣਨ ਇਸ ਤਰ੍ਹਾਂ ਕਰਦਾ ਹੈ:

ਸੌਚਆਂ ਸ਼ਹੀਦਾਂ ਦੇ ਤਾਂ ਸੁਪਨੇ ਹੀ ਚੂਰ ਹੋ ਗਏ,
ਗੱਦੀਆਂ ਤੇ ਬਹਿ ਗਏ ਲੱਠ ਮਾਰ ਨੀ ਆਜ਼ਾਦੀਏ।
ਲੁੱਟੇ-ਕੁੱਟੇ ਜਾਂਦੇ ਸ਼ਰੇ ਆਮ ਲੋਕ "ਸਹਿਦੇਵ"
ਜੇਬ ਵਿੱਚ ਪਾ ਲਈ ਸਰਕਾਰ ਨੀ ਆਜ਼ਾਦੀਏ।

ਇਹਨਾਂ ਕਵਿਤਾਵਾਂ ਨੂੰ ਪੜ੍ਹਕੇ ਸਹਿਦੇਵ ਦੀ ਸ਼ਾਇਰੀ ਦਾ ਲੋਕ-ਸ਼ਾਇਰੀ ਵਾਲਾ ਰੰਗ ਉੱਘੜ ਕੇ ਸਾਹਮਣੇ ਆਉਂਦਾ ਹੈ। ਸਹਿਦੇਵ ਦੀ ਸ਼ਾਇਰੀ ਦੇ ਇਸ ਰੰਗ ਨੂੰ ਤਾਂ ਉਸਦੀ ਇਹ ਨਵੀਂ ਕਿਤਾਬ "ਇੱਕ ਰੰਗ ਹੋਰ " ਪੜ੍ਹ ਕੇ ਹੀ ਦੇਖਿਆ ਜਾ ਸਕਦਾ ਹੈ।

# ਇੱਕ ਮਜ਼ਦੂਰ ਦੀ ਕਹਾਣੀ ਜੋ ਚੰਗੀ ਜ਼ਿੰਦਗੀ ਦੇ ਸੁਪਨੇ ਵੇਖਦਾ ਸੀ !

**ਰਾਜਵਿੰਦਰ**

ਪ੍ਰਕਾਸ਼ ਨੂੰ ਸ਼ਹਿਰ ਆਏ 20 ਸਾਲ ਤੋਂ ਉੱਪਰ ਸਮਾਂ ਬੀਤ ਚੁੱਕਿਆ ਸੀ। ਪਤਨੀ ਕਈ ਸਾਲ ਪਹਿਲਾਂ ਬਿਮਾਰੀ ਦੇ ਚਲਦੇ ਠੀਕ ਇਲਾਜ ਨਾ ਹੋਣ ਕਾਰਨ ਚਲਾਣਾ ਕਰ ਗਈ ਸੀ। ਪ੍ਰਕਾਸ਼ ਦੇ ਤਿੰਨ ਬੱਚੇ ਸਨ। ਉੱਤਰ ਪ੍ਰਦੇਸ਼ ਤੋਂ ਬੜੇ ਅਰਮਾਨਾ ਨਾਲ਼ ਉਹ ਲੁਧਿਆਣੇ ਆਇਆ ਸੀ ਕਿ ਕੁਝ ਪੈਸਾ ਕਮਾਵੇਗਾ ਕੁੜੀ ਦਾ ਵਿਆਹ ਕਰੇਗਾ, ਦੋਵੇਂ ਮੁੰਡਿਆਂ ਨੂੰ ਵਧੀਆ ਘਰ ਬਣਾ ਕੇ ਦੇਵੇਗਾ, ਕੁਝ ਜਮੀਨ ਘਰ ਦੀ ਹੈ ਅਤੇ ਕੁਝ ਖਰੀਦ ਕੇ ਬੁਢਾਪੇ ਵਿੱਚ ਪਿੰਡ ਜਾ ਕੇ ਖੇਤੀ ਕਰੇਗਾ। ਸਰੀਰਕ ਪੱਖੋਂ ਡੀਲ-ਡੌਲ ਤਕੜਾ ਸੀ, ਮਿਹਨਤ ਵੀ ਮਨ ਮਾਰ ਕੇ ਕਰਦਾ ਸੀ। ਲੁਧਿਆਣੇ ਆਕੇ ਹੌਜ਼ਰੀ ਵਿੱਚ ਕੰਮ ਕਰਨ ਲੱਗਾ।

ਜਿਸ ਵਿਹੜੇ ਵਿੱਚ ਪ੍ਰਕਾਸ਼ ਰਹਿੰਦਾ ਸੀ ਉਸ ਵਿੱਚ ਦਸ ਕਮਰੇ ਸਨ, ਜਿਨਾਂ ਵਿੱਚ ਲਗਭਗ ਚਾਲ਼ੀ ਬੰਦੇ ਰਹਿੰਦੇ ਸਨ। ਇਹਨਾਂ ਦੇ ਤਿਆਰ ਹੋਣ ਲਈ ਇੱਕ ਪਖ਼ਾਨਾ, ਇੱਕ ਨਲਕਾ ਸੀ। ਸੁਭਾ ਪਖ਼ਾਨੇ ਜਾਣ, ਨਹਾਉਣ, ਬਰਤਨ ਧੋਣ ਅਤੇ ਪੀਣ ਲਈ ਪਾਣੀ ਭਰਨ ਲਈ ਲੰਬੀ ਲਾਈਨ ਲਗਾਉਣੀ ਪੈਂਦੀ ਸੀ। ਸੁਭਾ ਉਠਣੋਂ ਜੋ ਲੇਟ ਹੋ ਜਾਂਦਾ ਸੀ, ਉਸ ਦਿਨ ਉਹ ਕੰਮ ਤੇ ਵੀ ਲੇਟ ਪਹੁੰਚਦਾ ਸੀ ਜਾਂ ਫਿਰ ਨਹਾਉਣ, ਪਖ਼ਾਨਾ ਜਾਂ ਰੋਟੀ ਬਣਾਉਣ ਵਿੱਚੋਂ ਕੋਈ ਜ਼ਰੂਰੀ ਕੰਮ ਛੱਡਣਾ ਪੈਂਦਾ ਸੀ। ਇਸ ਲਈ ਪ੍ਰਕਾਸ਼ ਹਰ ਰੋਜ਼ ਸਵੇਰੇ ਪੰਜ ਵਜੇ ਉਠਦਾ ਅਤੇ ਭੀੜ ਪੈਣ ਤੋਂ ਪਹਿਲਾਂ ਸੱਤ ਵਜੇ ਤੱਕ ਆਪਣੇ ਸਾਰੇ ਕੰਮ ਨਬੇੜ ਲੈਂਦਾ ਸੀ। ਕੁਝ ਦੇਰ ਕਮਰੇ ਵਿੱਚ ਬੈਠਦਾ ਇੱਕ ਰੁਪਏ ਵਾਲੀ ਸਿਗਰਟ ਦੇ ਕਸ਼ ਲੈਂਦਾ ਅਤੇ ਫਿਰ ਸਾਢੇ ਸੱਤ ਵਜੇ ਫੈਕਟਰੀ ਨੂੰ ਚਾਲੇ ਪਾ ਦਿੰਦਾ ਅੱਠ ਵਜੇ ਤੋਂ ਪਹਿਲਾਂ ਫੈਕਟਰੀ ਪਹੁੰਚਣ ਵਾਲਾ ਪ੍ਰਕਾਸ਼ ਪਹਿਲਾ ਕਾਰੀਗਰ ਸੀ ਜੋ ਦੇਰ ਰਾਤ ਤੱਕ ਫੈਕਟਰੀ ਚਲਾਉਣ ਲਈ ਮਾਲਕ ਨੂੰ ਕਹਿੰਦਾ ਸੀ। ਪਰ ਮਾਲਕ ਕਹਿੰਦਾ... "ਜਦੋਂ ਸਾਰੇ ਮਜ਼ਦੂਰ ਕੰਮ ਖ਼ਤਮ ਕਰ ਦਿੰਦੇ ਹਨ ਉਸ ਤੋਂ ਬਾਅਦ ਇੱਕ ਆਦਮੀ ਲਈ ਲਾਈਟਾਂ ਨਹੀਂ ਚਲਾਈਆਂ ਜਾ ਸਕਦੀਆਂ" ਤੇ ਇਸ ਤਰ੍ਹਾਂ ਅੱਠ ਵਜੇ ਕੰਮ ਤੋਂ ਛੁੱਟੀ ਹੋ ਜਾਂਦੀ ਸੀ। ਸਬਜੀ ਖਰੀਦਣ ਲਈ ਕੁਝ ਸਮਾਂ ਮੰਡੀ ਵਿੱਚ ਲਗਦਾ ਤੇ ਪ੍ਰਕਾਸ਼ ਨੌਂ ਵਜੇ ਤੱਕ ਕਮਰੇ ਪਹੁੰਚਦਾ ਜਿੱਥੇ ਉਸ ਦਾ ਵੱਡਾ ਮੁੰਡਾ ਕੰਮ ਤੋਂ ਆ ਕੇ ਇੰਤਜ਼ਾਰ ਕਰਦਾ ਸੀ। ਕਮਰੇ ਪਹੁੰਚ ਕੇ ਦਾਲ, ਚਾਵਲ, ਰੋਟੀ ਅਤੇ ਆਲੂ ਦਾ ਚੋਖਾ ਬਣਾਉਣ ਦਾ ਕੰਮ ਸ਼ੁਰੂ ਹੁੰਦਾ ਜੋ ਸੁਭਾ ਵਾਲੇ ਬਰਤਨ ਧੋਣ ਤੋਂ ਲੈ ਕੇ ਖਾਣਾ ਬਣਾਉਣ ਤੱਕ ਗਿਆਰਾਂ ਵਜੇ ਤੱਕ ਚਲਦਾ। ਫਿਰ ਗੁਆਂਢੀ ਰਾਜੇਸ਼ ਦੇ ਕਮਰੇ ਜਾ ਕੇ ਟੈਲੀਵਿਜਨ ਉੱਪਰ ਕੁਝ ਗੀਤ ਜਾਂ ਥੋੜ੍ਹੀ ਫ਼ਿਲਮ ਵੇਖਦਾ, ਇਸ ਤਰ੍ਹਾਂ ਦਿਨ ਭਰ ਦੀ ਥਕਾਨ ਅਤੇ ਅਕੇਵੇਂ ਨੂੰ ਦੂਰ ਕਰਨ ਦਾ ਉਪਰਾਲਾ ਕੀਤਾ ਜਾਂਦਾ। ਬਾਰਾਂ ਵੱਜਣ ਤੋਂ ਪਹਿਲਾਂ-ਪਹਿਲਾਂ ਨੀਂਦ ਆ ਦਬੋਚਦੀ ਅਤੇ ਸਵੇਰੇ ਕੰਮ 'ਤੇ ਜਾਣ ਲਈ ਸਵੇਰੇ ਪੰਜ ਵਜੇ ਜਾਗਣ ਦੀ ਫਿਕਰ ਕਾਰਨ ਫਿਲਮ ਦੇ ਅਨੰਦ ਨੂੰ ਵਿੱਚੇ ਛੱਡ ਕੇ ਪ੍ਰਕਾਸ਼ ਸੌਂ ਜਾਂਦਾ।

ਇੱਕ ਦਿਨ ਮੈਂ ਪ੍ਰਕਾਸ਼ ਦੇ ਕਮਰੇ ਗਿਆ ਤੇ ਵੇਖਿਆ ਇੱਕ ਹੋਰ ਮਜ਼ਦੂਰ ਨਾਲ਼ ਬੈਠ ਕੇ ਪ੍ਰਕਾਸ਼ ਪੈੱਗ ਲਗਾ ਰਿਹਾ ਸੀ ਤੇ ਕਾਫੀ ਖ਼ੁਸ਼ ਨਜ਼ਰ ਆ ਰਿਹਾ ਸੀ। ਮੈਨੂੰ ਵੀ ਕਿਹਾ ਆਓ ਸਾਥੀ ਅੱਜ ਖ਼ੁਸ਼ੀ ਦਾ ਦਿਨ ਹੈ ਤੂੰ ਵੀ ਪੈੱਗ ਲਾ। ਮੈਂ ਕਿਹਾ, "ਸਾਥੀ ਤੁਹਾਨੂੰ ਤਾਂ ਪਤਾ ਹੈ ਕਿ ਮੈਂ ਸ਼ਰਾਬ ਨਹੀਂ ਪੀਂਦਾ ਤੁਸੀਂ ਪੀਓ ਅਤੇ ਇਹ ਦੱਸੋ ਕਿ ਪਾਰਟੀ ਕਿਸ ਖ਼ੁਸ਼ੀ ਵਿੱਚ ਹੋ ਰਹੀ ਹੈ?" ਤਾਂ ਪ੍ਰਕਾਸ਼ ਨੇ ਦੱਸਿਆ ਕਿ ਸ਼ਹਿਰ ਦੇ ਬਾਹਰ ਉਸ ਨੇ ਇੱਕ ਸਰਦਾਰ ਡੀਲਰ ਤੋਂ 70 ਗਜ ਜਮੀਨ ਇੱਕ ਲੱਖ ਰੁਪਏ ਵਿੱਚ ਕਿਸ਼ਤਾਂ 'ਤੇ ਲਈ ਹੈ, ਹੁਣ ਤੱਕ ਮਕਾਨ ਮਾਲਕਾਂ ਨੂੰ ਬਹੁਤ ਕਿਰਾਇਆ ਦੇ ਚੁੱਕਿਆ ਹਾਂ ਜੇ ਸਾਰਾ ਇਕੱਠਾ ਕਰਦਾ ਤਾਂ ਹੁਣ ਤੱਕ ਸੌ ਗਜ ਦਾ ਮਕਾਨ ਬਣਾ ਲੈਂਦਾ, ਹੁਣ ਸਮਝ ਆਈ ਹੈ, ਸੋ ਸੌਦਾ ਕਰ ਲਿਆ। ਹੁਣ ਮੁੰਡਾ ਵੀ ਕਮਾਊ ਬਣ ਗਿਆ ਹੈ ਇਸ ਸਾਲ ਵਿਆਹ ਵੀ ਕਰ ਦਿੱਤਾ ਹੈ। ਬੱਸ ਹੁਣ ਕੁੜੀ ਦਾ ਵਿਆਹ ਕਰਨਾ ਹੈ। ਇਸ ਲਈ ਮੁੰਡੇ ਨੂੰ ਵੀ ਸ਼ਹਿਰ ਬੁਲਾ ਲਿਆ ਹੈ ਦੋਵੇਂ ਮਿਲ ਕੇ ਕਮਾਵਾਂਗੇ ਦੋ ਸਾਲਾਂ ਵਿੱਚ ਇੱਥੇ ਆਪਣਾ ਘਰ ਬਣਾ ਲਵਾਂਗੇ। ਜਦੋਂ ਬੁੱਢਾ ਹੋ ਗਿਆ ਤਾਂ ਇੱਥੇ ਮਕਾਨ ਵੇਚ ਕੇ ਪਿੰਡ ਜਮੀਨ ਖਰੀਦ ਕੇ ਖੇਤੀ ਕਰਾਂਗਾ। ਅਸੀਂ ਖਾਣਾ ਖਾਧਾ ਅਤੇ ਅਰਾਮ ਕਰਨ ਲਈ ਛੱਤ ਉੱਪਰ ਸੌਣ ਲਈ ਚਲੇ ਗਏ। ਜੂਨ ਦੀ ਧੁੱਪ ਕਾਰਨ ਛੱਤ ਹੁਣ ਤੱਕ ਗਰਮ ਸੀ। ਕੁਝ ਹਵਾ ਚੱਲ ਰਹੀ ਸੀ ਜਿਸ ਕਾਰਨ ਕੁਝ ਰਾਹਤ ਸੀ, ਲੇਟਣ 'ਤੇ ਨੀਂਦ ਤਾਂ ਨਹੀਂ ਆ ਰਹੀ ਸੀ ਕਿਉਂਕਿ ਛੱਤ ਉਪਰ ਬਿਨਾਂ ਮੰਜੇ ਤੋਂ ਸੌਣਾ ਤਵੇ ਉਪਰ ਲੇਟਣ ਜਿਹਾ ਲਗਦਾ ਸੀ। ਬਾਕੀ ਮਜ਼ਦੂਰਾਂ ਦੀ ਤਰ੍ਹਾਂ ਇਸ ਵਿਹੜੇ ਦੇ ਮਜ਼ਦੂਰਾਂ ਕੋਲ ਵੀ ਮੰਜੇ ਨਹੀਂ ਸਨ ਜਿਸ ਕਾਰਨ ਸਾਰੇ ਹੀ ਭੁੰਜੇ ਪੱਲੀਆਂ ਵਿਛਾ ਕੇ ਲੇਟੇ ਸਨ ਜਿਨ੍ਹਾਂ ਵਿੱਚੋਂ ਕੁਝ ਤਾਂ ਥੱਕੇ ਟੁੱਟੇ ਸੌਂ ਚੁੱਕੇ ਸਨ ਕੁਝ ਮੋਬਾਇਲਾਂ 'ਤੇ ਗੀਤ ਅਤੇ ਫ਼ਿਲਮਾਂ ਵੇਖਣ ਵਿੱਚ ਮਸ਼ਰੂਫ ਸਨ। ਉਸ ਰਾਤ ਪ੍ਰਕਾਸ਼ ਨਾਲ਼ ਘਰ-ਬਾਰ ਦੀਆਂ ਗੱਲਾਂ ਤੋਂ ਇਲਾਵਾ ਆਉਣ ਵਾਲ਼ੇ ਸਮੇਂ ਬਾਰੇ ਫਿਕਰ ਅਤੇ ਉਮੀਦ ਭਰੀਆਂ ਗੱਲਾਂ ਹੋਈਆਂ। ਕੁਝ ਹੋਰ ਮਜ਼ਦੂਰ ਵੀ ਸਾਡੇ ਕੋਲ ਬੈਠੇ ਸਨ, ਪਰ ਸ਼ਰਾਬ ਦੇ ਨਸ਼ੇ ਵਿੱਚ ਜਿਆਦਾਤਰ ਗੱਲਾਂ ਪ੍ਰਕਾਸ਼ ਨੇ ਹੀ ਕੀਤੀਆਂ। ਇਹ ਮੇਰੀ ਪ੍ਰਕਾਸ਼ ਨਾਲ਼ ਦੂਜੀ ਜਾਂ ਤੀਜੀ ਮੁਲਾਕਾਤ ਸੀ।

ਇਸ ਤੋਂ ਬਾਅਦ ਪ੍ਰਕਾਸ਼ ਯੂਨੀਅਨ ਮੀਟਿੰਗਾਂ ਵਿੱਚ ਵੀ ਆਉਣ ਲੱਗਾ। ਉਹ ਹਮੇਸ਼ਾਂ ਇੱਕ ਹੀ ਗੱਲ ਆਖਦਾ ਸੀ ਸਾਥੀ ਗੱਲਾਂ ਨਾਲ਼ ਕੁਝ ਨਹੀਂ ਬਨਣਾ ਸਰਮਾਏਦਾਰਾਂ ਖਿਲਾਫ ਤਲਵਾਰ ਚੁੱਕਣੀ ਹੀ ਪਵੇਗੀ। ਮੈਂ ਉਸ ਨੂੰ ਭਗਤ ਸਿੰਘ ਦੀ ਜੇਲ੍ਹ ਚਿੱਠੀ ਦਾ ਹਵਾਲਾ ਦੇ ਕੇ ਦੱਸਣ ਦੀ ਕੋਸ਼ਿਸ਼ ਕਰਦਾ ਕਿ ਜਦੋਂ ਤੱਕ ਵੱਡੀ ਮਜ਼ਦੂਰ-ਮਿਹਨਤਕਸ਼ ਅਬਾਦੀ ਆਪਣੀ ਬਦਹਾਲੀ ਦੇ ਕਾਰਨਾਂ ਨੂੰ ਨਹੀਂ ਸਮਝ ਲੈਂਦੀ, ਲੁਟੇਰਿਆਂ ਨੂੰ ਨਹੀਂ ਪਛਾਣ ਲੈਂਦੀ ਅਤੇ ਰੋਜ਼-ਰੋਜ਼ ਲੜੇ ਜਾਣ ਵਾਲ਼ੇ ਹੱਕਾਂ-ਅਧਿਕਾਰਾਂ ਅਤੇ ਧੱਕੇਸ਼ਾਹੀ ਖਿਲਾਫ ਸ਼ੰਘਰਸ਼ਾਂ ਰਾਹੀਂ ਏਕਤਾ ਦੀ ਸ਼ਕਤੀ ਵਿੱਚ ਵਿਸ਼ਵਾਸ਼ ਪ੍ਰਾਪਤ ਨਹੀਂ ਕਰ ਲੈਂਦੀ, ਤਦ ਤੱਕ ਜੇਕਰ ਕੁਝ ਲੋਕ ਤਲਵਾਰ ਚੁੱਕ ਵੀ ਲੈਣਗੇ ਤਾਂ ਮਜ਼ਦੂਰਾਂ ਦੀ ਬੰਦਖਲਾਸੀ ਸੰਭਵ ਨਹੀਂ। ਇਸ 'ਤੇ ਪ੍ਰਕਾਸ਼ ਸਹਿਮਤੀ ਵਿੱਚ ਸਿਰ ਹਿਲਾਉਂਦਾ ਅਤੇ ਫਿਰ ਕਹਿੰਦਾ ਪਰ ਸਾਥੀ ਤਲਵਾਰ ਤਾਂ ਚੁੱਕਣੀ ਹੀ ਪਊਗੀ।



ਪ੍ਰਕਾਸ਼ ਨੂੰ ਜਿਸ ਨੇ ਜਮੀਨ ਦਿਵਾਈ ਸੀ ਉਹ ਤੇ ਪ੍ਰਕਾਸ਼ ਪਹਿਲਾਂ ਇੱਕ ਹੀ ਫੈਕਟਰੀ ਵਿੱਚ ਕੰਮ ਕਰਦੇ ਸਨ, ਜਿੱਥੇ ਇਹਨਾਂ ਦੀ ਜਾਣ-ਪਹਿਚਾਣ ਹੋਈ ਸੀ। ਛੁੱਟੀ ਵਾਲ਼ੇ ਦਿਨ ਕਦੇ-ਕਦੇ ਉਹ ਪ੍ਰਕਾਸ਼ ਦੇ ਕਮਰੇ ਆਉਂਦਾ ਸੁਲਫੇ ਅਤੇ ਸ਼ਰਾਬ ਦਾ ਦੌਰ ਚਲਦਾ। ਇਸ ਸਮੇਂ ਤੱਕ ਕੰਮ ਦਾ ਸੀਜਨ ਸ਼ੁਰੂ ਹੋ ਚੁੱਕਾ ਸੀ। ਪ੍ਰਕਾਸ਼ ਨੇ ਪੰਜ ਮਹੀਨੇ ਬਾਦ ਕੁੜੀ ਦਾ ਵਿਆਹ ਧਰ ਦਿੱਤਾ ਸੀ ਜਿਸ ਵਿੱਚ ਲਗਭਗ ਇੱਕ ਲੱਖ ਰੁਪਈਆਂ ਦਾ ਖਰਚ ਸੀ। ਹੁਣ ਪ੍ਰਕਾਸ਼ ਤੇ ਉਸ ਦਾ ਮੁੰਡਾ ਸੁਦਾਮਾ ਮਨ ਮਾਰ ਕੇ ਕੰਮ ਕਰਨ ਲੱਗੇ। ਸੁਭਾ ਸੱਤ ਵਜੇ ਕੰਮ 'ਤੇ ਜਾਣਾ ਅਤੇ ਰਾਤ ਨੂੰ ਦਸ ਵਜੇ ਕੰਮ ਤੋਂ ਆਉਣਾ ਆਮ ਗੱਲ ਬਣ ਚੁੱਕੀ ਸੀ। ਕਦੇ-ਕਦੇ ਪ੍ਰਕਾਸ਼ ਦਾ ਮੁੰਡਾ ਸੁਦਾਮਾ ਕਹਿੰਦਾ "ਸਾਥੀ ਵਿਆਹ ਨੂੰ ਪੰਜ ਮਹੀਨੇ ਹੋ ਗਏ ਹਨ, ਅਸੀਂ ਮਸਾਂ ਇੱਕ ਮਹੀਨਾ ਇਕੱਠੇ ਰਹੇ ਹਾਂ, ਘਰੋਂ ਫੋਨ ਆਇਆ ਹੈ ਕਿ ਘਰਵਾਲੀ ਗਰਭਵਤੀ ਹੈ। ਮੈਂ ਸੋਚਦਾ ਹਾਂ ਕਿ ਪਤਨੀ ਨੂੰ ਕੋਲ ਬੁਲਾ ਲਵਾਂ, ਇਸ ਸਬੰਧੀ ਪਿਤਾ ਜੀ ਨੂੰ ਕਈ ਵਾਰੀ ਕਿਹਾ ਹੈ ਪਰ ਉਹ ਨਹੀਂ ਮੰਨਦੇ ਕਹਿੰਦੇ ਨੇ ਖਰਚਾ ਵਧ ਜਾਵੇਗਾ। ਸਾਰੀ ਉਮਰ ਆਪ ਤਾਂ ਬਲਦ ਵਾਂਗੂ ਕੱਢ ਲਈ ਹੁਣ ਮੈਨੂੰ ਵੀ ਉਵੇਂ ਹੀ ਜੋੜਨਾ ਚਾਹੁੰਦਾ ਹੈ।"

ਕੁੜੀ ਦਾ ਵਿਆਹ ਸੁੱਖੀ ਸਾਂਦੀ ਕਰ ਦਿੱਤਾ, ਉਹ ਸਹੁਰੇ ਘਰ ਖ਼ੁਸ਼ ਸੀ। ਇਸ ਦੀ ਪ੍ਰਕਾਸ਼ ਨੂੰ ਬਹੁਤ ਖ਼ੁਸ਼ੀ ਸੀ। ਪਰ ਸੁਦਾਮਾਂ ਪਿਤਾ ਨਾਲ਼ ਨਰਾਜ ਰਹਿੰਦਾ ਸੀ, ਇੱਕ ਪਾਸੇ ਕੰਮ ਦਾ ਬੋਝ ਉਪਰੋਂ ਘਰੋਂ ਪਤਨੀ ਦਾ ਫੋਨ ਆਉਂਦਾ ਰਹਿੰਦਾ ਸੀ। ਇਸ ਸਮੇਂ ਮੇਰੀ ਪ੍ਰਕਾਸ਼ ਨਾਲ਼ ਮੁਲਾਕਾਤ ਘੱਟ ਹੀ ਹੁੰਦੀ ਸੀ।

ਇੱਕ ਦਿਨ ਪ੍ਰਕਾਸ਼ ਦਾ ਫੋਨ ਆਇਆ ਕਿ ਸਾਥੀ ਮੈਂ ਲੁਟਿਆ ਗਿਆ ਮੇਰੇ ਨਾਲ਼ ਧੋਖਾ ਹੋ ਗਿਆ। ਉਸ ਨੇ ਦੱਸਿਆ ਕਿ ਉਸ ਨੇ ਇੱਕ ਲੱਖ ਰੁਪਏ ਜਮੀਨ ਦੇ ਦਿੱਤੇ ਸਨ ਪਰ ਮਾਲਕ ਰਜਿਸਟਰੀ ਨਹੀਂ ਕਰਵਾ ਰਿਹਾ ਸੀ, ਜਦੋਂ ਸੌਦਾ ਕਰਵਾਉਣ ਵਾਲ਼ੇ ਵਿਚੋਲੇ ਨੂੰ ਭਾਲਿਆ ਗਿਆ ਤਾਂ ਉਹ ਕਮਰੇ ਨੂੰ ਜਿੰਦਰਾ ਲਗਾ ਕੇ ਫਰਾਰ ਸੀ। ਗੱਲ ਥਾਣੇ ਪਹੁੰਚ ਗਈ, ਜਮੀਨ ਮਾਲਕ ਨੇ ਦੱਸਿਆ ਕਿ ਉਸ ਨੂੰ ਸਿਰਫ ਤੀਹ ਹਜ਼ਾਰ ਰੁਪਏ ਮਿਲ਼ੇ ਹਨ, ਜੇਕਰ 6 ਮਹੀਨਿਆਂ ਵਿੱਚ ਸੱਤਰ ਹਜ਼ਾਰ ਰੁਪਏ ਜਮ੍ਹਾਂ ਨਾ ਕੀਤੇ ਤਾਂ ਫਿਰ ਤੋਂ ਨਵੀਂ ਕੀਮਤ ਪਾ ਕੇ ਪੈਸੇ ਲਵੇਗਾ ਤਾਂ ਹੀ ਰਜਿਸਟਰੀ ਕਰਵਾਏਗਾ ਕਿਉਂਕਿ ਹੁਣ ਤੱਕ ਜਮੀਨ ਦੀਆਂ ਕੀਮਤਾਂ ਵਧ ਗਈਆਂ ਹਨ।

ਪਰ ਇਹ ਸਮਾਂ ਸੀਜਨ ਮੰਦਾ ਸੀ, ਕੰਮ ਨੇ ਜ਼ੋਰ ਨਹੀਂ ਫੜਿਆ ਸੀ। ਹਰ ਮਹੀਨੇਂ 12 ਹਜ਼ਾਰ ਰੁਪਏ ਕਮਾਉਣੇ ਸੌਖੀ ਗੱਲ ਨਹੀਂ ਸੀ। ਇਸ ਮੌਕੇ ਉਧਾਰ ਨਹੀਂ ਮਿਲਦਾ ਕਿਉਂਕਿ ਲਗਭਗ ਸਾਰੇ ਹੀ ਹੌਜ਼ਰੀ ਮਜ਼ਦੂਰਾਂ ਦਾ ਕੰਮ ਫਰਵਰੀ-ਮਾਰਚ ਤੋਂ ਜੂਨ-ਜੁਲਾਈ ਤੱਕ ਮੰਦਾ ਚਲਦਾ ਹੈ। ਕੁਝ ਰੁਪਏ ਸੱਤ ਰੁਪਏ ਸੈਂਕੜਾ ਵਿਆਜ ਤੇ ਲੈ ਕੇ ਇੱਕ ਕਿਸ਼ਤ ਦੇ ਦਿੱਤੀ ਗਈ। ਪਰ ਕੰਮ ਅਗਲੇ ਮਹੀਨੇ ਵੀ ਰਫਤਾਰ ਨਾਲ਼ ਨਾ ਚੱਲਿਆ। ਪ੍ਰਕਾਸ਼ ਨੇ ਫੈਕਟਰੀ ਮਾਲਕ ਨੂੰ ਕੰਮ ਦੇਣ ਲਈ ਕਈ ਵਾਰੀ ਕਿਹਾ ਪਰ ਉਹ ਕਹਿੰਦਾ ਮਾਲ ਦਾ ਆਡਰ ਨਹੀਂ ਆਇਆ। ਕੰਮ ਮੰਦਾ ਹੋਣ ਕਾਰਨ ਇਸੇ ਹੀ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਨਾਲ਼ ਬਾਕੀ ਸਾਥੀ ਮਜ਼ਦੂਰ ਵੀ ਜੂਝ ਰਹੇ ਸਨ। ਕਿਉਂਕਿ ਪੰਜਾਹ ਬੰਦਿਆਂ ਤੋਂ ਕੰਮ ਕਰਵਾਉਣ ਵਾਲ਼ੀ ਇਸ ਮਫਲਰ ਬਣਾਉਣ ਵਾਲ਼ੀ ਫੈਕਟਰੀ ਵਿੱਚ ਲਗਭਗ ਸਾਰੇ ਹੀ ਮਜ਼ਦੂਰ ਪੀਸ ਰੇਟ ਉਪਰ ਕੰਮ ਕਰਦੇ ਹਨ। ਜੇਕਰ ਤੇਜੀ ਤਾਂ ਰਾਤ ਨੂੰ ਵੀ ਕੰਮ ਕਰਨ ਲਈ ਮਜ਼ਦੂਰਾਂ ਨੂੰ ਮਾਲਕ ਰੋਕ ਲੈਂਦਾ ਸੀ ਜੇਕਰ ਮੰਦਾ ਤਾਂ ਸਾਰਾ ਦਿਨ ਤਾਸ਼ ਖੇਡ ਕੇ ਕੱਲ੍ਹ ਕੰਮ ਮਿਲਣ ਦੀ ਉਮੀਦ ਲੈ ਕੇ ਮਜ਼ਦੂਰ ਖਾਲੀ ਹੱਥ ਕਮਰਿਆਂ ਨੂੰ ਮੁੜ ਜਾਂਦੇ ਸਨ।

ਇਸ ਮੌਕੇ ਪੈਸਿਆਂ ਦੀ ਚਿੰਤਾ ਪ੍ਰਕਾਸ਼ ਨੂੰ ਖਾਈ ਜਾ ਰਹੀ ਸੀ ਕਿਉਂਕਿ ਪਹਿਲਾਂ ਵਾਲ਼ੇ ਜਮ੍ਹਾਂ ਕੀਤੇ ਪੈਸੇ ਵੀ ਡੁੱਬਣ ਦਾ ਖਤਰਾ ਸੀ। ਪ੍ਰੇਸ਼ਾਨੀ ਕਾਰਨ ਪ੍ਰਕਾਸ਼ ਸੁਲਫਾ ਜਿਆਦਾ ਹੀ ਪੀਣ ਲੱਗ ਗਿਆ ਸੀ। ਚਿਲਮ ਪੀਣ ਤੋਂ ਬਾਅਦ ਸਾਰਾ ਦਿਨ ਫੈਕਟਰੀ ਜਾ ਕੇ ਮਸ਼ੀਨਾਂ ਵਿਚਕਾਰ ਲੇਟਿਆ ਰਹਿੰਦਾ ਸੀ। ਇਸ ਮੌਕੇ ਪੈਸਿਆਂ ਦਾ ਜੁਗਾੜ ਕਰਨ ਵਿੱਚ ਲੱਗਾ ਪ੍ਰਕਾਸ਼, ਘੱਟ ਹੀ ਮਿਲ਼ਦਾ ਸੀ। ਲਗਭਗ ਚਾਰ ਮਹੀਨੇ ਬਾਅਦ ਉਸ ਨਾਲ਼ ਕੰਮ ਕਰਨ ਵਾਲਾ ਇੱਕ ਮਜ਼ਦੂਰ ਸਾਥੀ ਮਿਲਿਆ ਜੋ ਪਿੰਡੋਂ ਆਇਆ ਸੀ, ਉਸ ਨੇ ਦੱਸਿਆ ਕਿ ਪ੍ਰਕਾਸ਼ ਪਾਗਲ ਹੋ ਗਿਆ ਹੈ ਅਤੇ ਉਸ ਨੂੰ ਘਰ ਭੇਜ ਦਿੱਤਾ ਹੈ। ਪ੍ਰਕਾਸ਼ ਨੇ ਉਸ ਫੈਕਟਰੀ ਵਿੱਚ ਲਗਭਗ 20 ਸਾਲ ਕੰਮ ਕੀਤਾ ਸੀ ਅਸੀਂ ਮਾਲਕ ਨਾਲ਼ ਉਸ ਦੇ ਇਲਾਜ਼ ਬਾਰੇ ਗੱਲ ਕੀਤੀ ਤਾਂ ਮਾਲਕ ਨੇ ਸਾਰਾ ਖਰਚਾ ਦੇਣ ਤੋਂ ਮਨਾ ਕਰ ਦਿੱਤਾ। ਅਸੀਂ ਚੰਦਾ ਇਕੱਠਾ ਕਰਕੇ ਇਲਾਜ਼ ਕਰਵਾਉਣ ਬਾਰੇ ਸੋਚਿਆ ਕੁਝ ਪੈਸੇ ਮਾਲਕ ਨੇ ਵੀ ਦੇਣੇ ਮੰਨੇ। ਘਰ ਪ੍ਰਕਾਸ਼ ਦੇ ਮੁੰਡੇ ਨਾਲ਼ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਪਿਛਲੇ ਇੱਕ ਹਫਤੇ ਤੋਂ ਪ੍ਰਕਾਸ਼ ਮੰਜੇ ਉਪਰ ਹੀ ਟੱਟੀ-ਪਿਸ਼ਾਬ ਕਰ ਰਿਹਾ ਹੈ। ਉਸ ਨੇ ਕਿਹਾ ਕਿ ਉਸ ਕੋਲ਼ ਕੋਈ ਪੈਸਾ ਨਹੀਂ ਹੈ ਜੇਕਰ ਸਾਰਾ ਖਰਚ ਮਾਲਕ ਜਾਂ ਅਸੀਂ ਚੁੱਕੀਏ ਤਾਂ ਹੀ ਉਹ ਆ ਸਕਦਾ ਹੈ। ਪਹਿਲਾਂ ਹੀ ਘਰ ਦੇ ਸਾਰੇ ਗਹਿਣੇ ਆਦਿ ਵਿਕ ਚੁੱਕੇ ਹਨ ਬਸ ਥੋੜ੍ਹੀ ਜਮੀਨ ਬਾਕੀ ਹੈ ਸਾਡੀ ਤਾਂ ਜ਼ਿੰਦਗੀ ਨਰਕ ਬਣ ਚੁੱਕੀ ਹੈ?। ਪ੍ਰਕਾਸ਼ ਦੀ ਹਾਲਤ ਬਾਰੇ ਸੁਣ ਕੇ ਮਾਲਕ ਨੇ ਇਲਾਜ਼ ਕਰਵਾਉਣ ਤੋਂ ਬਿਲਕੁਲ ਹੀ ਇਨਕਾਰ ਕਰ ਦਿੱਤਾ ਕਿਉਂਕਿ ਉਸ ਨੂੰ ਡਰ ਸੀ ਕਿ ਕਿਤੇ ਇੱਥੇ ਆ ਕੇ ਜੇਕਰ ਪ੍ਰਕਾਸ਼ ਮਰ ਗਿਆ ਤਾਂ ਉਸ ਨੂੰ ਮੁਆਵਜਾ ਵੀ ਦੇਣ ਲਈ ਮਜ਼ਦੂਰ ਕਹਿ ਸਕਦੇ ਸਨ। ਮਾਲਕ ਅਤੇ ਪ੍ਰਕਾਸ਼ ਦੇ ਮੁੰਡੇ ਦਾ ਰਵੱਈਆ ਦੇਖ ਕੇ ਬਾਕੀ ਸਾਥੀ ਮਜ਼ਦੂਰਾਂ ਦੀ ਵੀ ਹਿੰਮਤ ਪ੍ਰਕਾਸ਼ ਨੂੰ ਇੱਥੇ ਲਿਆਉਣ ਦੀ ਨਹੀਂ ਹੋਈ। ਹੁਣ ਤੱਕ ਸਾਇਦ ਪ੍ਰਕਾਸ਼ ਆਉਣ ਵਾਲ਼ੀ ਚੰਗੀ ਜ਼ਿੰਦਗੀ ਦੇ ਸੁਪਨੇ ਨਾਲ਼ ਲੈ ਕੇ ਇਸ ਦੁਨਿਆ ਤੋਂ ਵਿਦਾ ਹੋ ਚੁਕਿਆ ਹੋਵੇਗਾ। ਜਿਸ ਜਮੀਨ ਦੇ ਟੁਕੜੇ ਦੀ ਖਾਤਰ ਉਸਨੇ ਆਪਣੇ-ਆਪ ਨੂੰ ਰੋਗੀ ਬਣਾਇਆ ਉਸ ਨੂੰ ਵੀ ਉਹ ਹਾਸਿਲ ਨਹੀਂ ਕਰ ਸਕਿਆ ਤੇ ਜਿਸ ਔਲਾਦ ਲਈ ਘਰ ਬਨਾਉਣ ਅਤੇ ਜ਼ਮੀਨ ਲੈਣ ਬਾਰੇ ਉਹ ਸੋਚਦਾ ਸੀ ਉਹਨਾਂ ਨੂੰ ਵੀ ਪ੍ਰਕਾਸ਼ ਨਾਲ਼ ਰੰਜ ਰਹੀ ਕਿਉਂਕਿ ਜ਼ਮੀਨ ਖਰੀਦਣ ਦੇ ਚੱਕਰ ਵਿੱਚ ਬੱਚੇ ਛੋਟੀਆਂ-ਛੋਟੀਆਂ ਚੀਜਾਂ ਲਈ ਤਰਸਦੇ ਰਹਿੰਦੇ ਸਨ, ਉਹ ਪ੍ਰਕਾਸ਼ ਦੀਆਂ ਚਿੰਤਾਵਾਂ ਨੂੰ ਨਹੀਂ ਸਮਝਦੇ ਸਨ।

ਇਹ ਕਹਾਣੀ ਇਕੱਲੇ ਪ੍ਰਕਾਸ਼ ਦੀ ਨਹੀਂ ਨਾ ਜਾਣੇ ਕਿੰਨੇ ਮਜ਼ਦੂਰ ਆਪਣੇ ਮਨ ਵਿੱਚ ਚੰਗੀ ਜ਼ਿੰਦਗੀ ਦਾ ਸੁਪਨਾ ਲੈ ਕੇ ਸ਼ਹਿਰ ਆਉਂਦੇ ਹਨ। ਕਾਰਖਾਨਿਆਂ ਵਿੱਚ ਹੱਡ-ਭੰਨਵੀਂ ਮਿਹਨਤ ਕਰਨ ਤੋਂ ਇਲਾਵਾ ਕਈ ਕਿਸਮ ਦੀਆਂ ਨੈਟਵਰਕਿੰਗ ਕੰਪਨੀਆਂ, ਬੀਮਾਂ ਕੰਪਨੀਆਂ, ਕਮੇਟੀਆਂ ਆਦਿ ਵਿੱਚ ਪੈਸਾ ਅਤੇ ਸਮਾਂ ਲਗਾਉਂਦੇ ਹਨ। ਛੋਟਾ ਜ਼ਮੀਨ ਦਾ ਟੁਕੜਾ ਜਾਂ ਘਰ ਬਣਾਉਣ ਲਈ ਸਾਰੀ ਉਮਰ ਮਿਹਨਤ ਕਰਦੇ ਰਹਿੰਦੇ ਹਨ। ਪਰ ਜ਼ਿਆਦਾਤਰ ਨੂੰ ਜੋ ਹਾਸਿਲ ਹੁੰਦਾ ਹੈ, ਉਹ ਪ੍ਰਕਾਸ਼ ਨਾਲ਼ੋਂ ਥੋੜ੍ਹਾ ਵੱਧ ਜਾਂ ਘੱਟ ਹੀ ਹੁੰਦਾ ਹੈ।

# ਕੀ ਹੈ ਕਾਮਰੇਡ ਚਾਰੂ ਮਜੂਮਦਾਰ ਦੀ ਸ਼ਹਾਦਤ ਦਾ ਮਹੱਤਵ



ਡਾ. ਅਜੀਤਪਾਲ ਸਿੰਘ ਐਮ. ਡੀ.

ਕਾਮਰੇਡ ਚਾਰੂ ਮਜੂਮਦਾਰ ਦੀ ਯਾਦ ਵੈਸੇ ਤਾਂ ਕਮਿਊਨਿਸਟ ਇਨਕਲਾਬੀਆਂ ਦੇ ਦਿਲ 'ਚ ਹਮੇਸ਼ਾ ਕਾਰਜ 'ਚ ਪ੍ਰਤੀਬਿੰਬਤ ਹੁੰਦੀ ਰਹਿੰਦੀ ਹੈ। ਪਰ ਅੱਜ ਦੇਸ਼ ਦੀ ਸਮੁੱਚੀ ਹਾਲਤ ਤੇ ਦੇਸ਼ ਦੀ ਮਿਹਨਤਕਸ਼ ਜਨਤਾ ਦੀ ਵਿਕਲਪ ਲੱਭਣ ਦੀ ਉਤਸੁਕਤਾ ਨੇ ਉਨ੍ਹਾਂ ਦੀ ਪ੍ਰਸੰਗਿਕਤਾ ਨੂੰ ਹੋਰ ਵੀ ਵਧਾ ਦਿੱਤਾ ਹੈ। ਅੱਜ ਦੇਸ਼ ਦੀ ਮਿਹਨਕਸ਼ ਜਨਤਾ ਦੇ ਵੱਖ-ਵੱਖ ਹਿੱਸਿਆਂ ਦੀ ਸਥਿਤੀ ਤਪਦੇ ਰੇਗਿਸਤਾਨ 'ਚ ਦੌੜਦੇ ਪਿਆਸ ਨਾਲ ਵਿਆਕੁਲ ਮਿਰਗ ਵਾਂਗੂ ਹੈ ਜੋ ਪਾਣੀ ਵਾਂਗੂ ਚਮਕਦੀ ਰੇਤ 'ਚ ਜਿਥੇ ਵੀ ਮੂੰਹ ਮਾਰਦਾ ਹੈ, ਉਸ ਦੇ ਮੂੰਹ 'ਚ ਗਰਮ ਰੇਤ ਭਰ ਜਾਂਦੀ ਹੈ। ਕਾ. ਚਾਰੂ ਮਜੂਮਦਾਰ ਦੀ ਅਗਵਾਈ 'ਚ ਨਕਸਲਵਾੜੀ ਦੀ ਇਤਿਹਾਸਕ ਬਸੰਤ ਦੀ ਗਰਜਨਾ ਨੇ ਦੇਸ਼ ਦੇ ਪਿਛਾਖੜੀ ਹਾਕਮ ਵਰਗਾਂ ਨੂੰ ਪਿੱਪਲ ਦੇ ਪੱਤੇ ਵਾਂਗੂੰ ਕੰਬਣ ਲਾ ਦਿੱਤਾ ਸੀ ਤਐ ਇਨਕਲਾਬ ਦੀ ਕਾਰਜ ਸੂਚੀ ਨੂੰ ਦੇਸ਼ ਦੇ ਰਾਜਸੀ ਮੰਚ 'ਤੇ ਲਿਆ ਕੇ ਲੋਕਾਂ ਦੇ ਮਜਹੂਰੀ ਇਨਕਲਾਬ ਦੇ ਸੰਕਲਪ ਨੂੰ ਪੇਸ਼ ਕੀਤਾ ਸੀ। ਉਸ ਨੇ ਇਸ ਸੰਭਾਵਨਾ ਨੂੰ ਉਜਾਗਰ ਕੀਤਾ ਸੀ। ਲੋਕਾਂ ਦਾ ਨਵਜਮਹੂਰੀ ਇਨਕਲਾਬ ਹੀ ਦੇਸ਼ ਦੇ ਸੱਚੇ ਰਾਜਸੀ ਬਦਲ ਦੀ ਸਿਰਜਕ ਹੈ ਤੇ ਦੇਸ਼ ਦੇ ਮਿਰਗ ਰੂਪੀ ਮਿਹਨਤਕਸ਼ ਲੋਕਾਂ ਦੀ ਤ੍ਰਿਸ਼ਨਾ ਨੂੰ ਨਾ ਸਿਰਫ਼ ਤ੍ਰਿਪਤ ਕਰ ਸਕਦੀ ਹੈ ਬਲਕਿ ਹੋਰ ਦੇਸ਼ਾਂ ਦੇ ਅਸਲੀ ਜਮਹੂਰੀ ਵਿਕਾਸ ਦੇ ਦਰਵਾਜ਼ੇ ਵੀ ਖੋਲ੍ਹਦੀ ਹੈ। ਕਿਸੇ ਨੇ ਕਿਹਾ ਹੈ 'ਗਿਰਤੇ ਹੀ ਸ਼ਾਹ ਸਵਾਰ ਹੀ ਮੈਦਾਨੇ ਜੰਗ ਮੇਂ..." ਮਾਓ ਨੇਵੀ ਕਿਹਾ ਸੀ 'ਜੋ ਹਜ਼ਾਰ ਜ਼ਖ਼ਮ ਖਾ ਕੇ ਵੀ ਹੌਸਲਾ ਨਹੀਂ ਛੱਡਦਾ ਉਹ ਸਮਰਾਟ ਨੂੰ ਘੋੜੇ ਤੋਂ ਲਾਹ ਸਕਦਾ ਹੈ।" ਨਕਸਲਬਾੜੀ ਲੋਕ ਉਭਾਰ ਦੇ ਸ਼ੁਰੂਆਤੀ ਦੌਰ 'ਚ ਖੱਬਾ ਤੰਗਨਜ਼ਰ ਰੁਝਾਨ ਤੇ ਸਮੁੱਚੀਆਂ ਕਾਰਜਨੀਤਕ ਭੁੱਲਾਂ ਚੁੱਕਾਂ ਦੇ ਬਾਵਜੂਦ ਚਾਰੂ ਮਜੂਮਦਾਰ ਇਹ ਅਹਿਸਾਸ ਕਰ ਚੁੱਕੇ ਸਨ ਕਿ ਕਾਰਜ ਦਿਸ਼ਾ ਨੂੰ ਠੀਕ ਕਰਨ ਦੀ ਲੋੜ ਹੈ। ਉਹ ਇਸ ਦੇ ਲਈ ਯਤਨਸ਼ੀਲ ਹੋ ਗਏ ਸਨ। 1969 'ਚ ਬਣੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) 'ਚ 1971 'ਚ ਆਏ ਖਿੰਡਾਅ ਨੂੰ ਏਕਤਾ ਦੇ (28 ਜੁਲਾਈ) ਤੋਂ ਪਹਿਲਾਂ ਲਿਖੇ ਗਏ ਉਨ੍ਹਾਂ ਦੀ 'ਆਖਰੀ ਚਿੱਠੀ' ਤੋਂ ਵੀ ਇਸ ਦੀ ਝਲਕ ਮਿਲਦੀ ਹੈ ਜਿਸ 'ਚ ਉਨ੍ਹਾਂ ਨੇ ਜਨਤਕ ਨਜ਼ਰੀਏ ਦਾ ਜ਼ਿਕਰ ਕੀਤਾ ਹੈ। ਇਹੀ ਵਜ੍ਹਾ ਸੀ ਕਿ ਜਦ ਉਨ੍ਹਾਂ ਨੂੰ 16 ਜੁਲਾਈ 1972 ਨੂੰ ਕਲਕੱਤਾ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਉਨ੍ਹਾਂ ਨੂੰ 13 ਦਿਨ ਤੱਕ ਪੁਲਿਸ ਲਾਕਅਪ (ਹਿਰਾਸਤ) 'ਚ ਰੱਖ ਕੇ ਰੋਗ ਦੀ ਹਾਲਤ 'ਚ ਵੀ ਘੋਰ ਤਸੀਹੇ ਦਿੱਤੇ ਗਏ। ਪਿਛਾਖੜੀ ਹਾਕਮ ਜਮਾਤ ਇਸ ਤੱਥ ਨੂੰ ਬਾਖੂਬੀ ਜਾਣਦੀ ਸੀਕਿ ਉਹ ਭਾਰਤ 'ਚ ਜਨਤਾ ਰੂਪੀ ਦੇ ਨਵਜਮਹੂਰੀ ਇਨਕਲਾਬ ਦੇ ਪ੍ਰਤੀਕ ਪੁਰਸ਼ ਬਣ ਚੁੱਕੇ ਸਨ। ਉਨ੍ਹਾਂ ਨੂੰ ਲੰਬੇ ਸਮੇਂ ਤੱਕ ਜੇਲ੍ਹ 'ਚ ਰੱਖ ਕੇ ਮੁਕੱਦਮਾ ਚਲਾਇਆ ਜਾਣਾ ਸੰਭਵ ਨਹੀਂ ਸੀ। ਦੋ ਹਫ਼ਤੇ ਤੱਕ ਪੁਲਿਸ ਹਿਰਾਸਤ 'ਚ ਤੁਸੀਹਿਆਂ ਨਾਲ ਉਨ੍ਹਾਂਨੂੰ ਉਥੇ ਹੀ ਸ਼ਹੀਦ ਕਰ ਦਿੱਤਾ ਗਿਆ ਤੇ ਪ੍ਰਚਾਰ ਕਰ ਦਿੱਤਾ ਕਿ ਉਨ੍ਹਾਂ ਦੀ ਕੁਦਰਤੀ ਤੌਰ 'ਤੇ ਮੌਤ ਹੋਈ ਹੈ। ਉਨ੍ਹਾਂ ਦੀ ਸ਼ਹਾਦਤ ਪਿਛੇ ਹਾਕਮ ਜਮਾਤਾਂ ਤੇ ਨਕਲੀ ਕਮਿਊਨਿਸਟ ਤੇ ਸੋਧਵਾਦੀ ਤੱਤ ਸਨ। ਸੋਧਵਾਦੀਆਂ ਨੇ ਨਕਸਲਵਾੜੀ ਲੋਕ ਉਭਾਰ, ਭਾਕਾਪਾ (ਮ.ਲ.) ਤੇ ਕਾ. ਚਾਰੂ ਮਜੂਮਦਾਰ ਵਿਰੁੱਧ ਬਹੁਤ ਜ਼ਹਿਰ ਘੋਲਿਆ ਸੀ।

ਕਾਮਰੇਡ ਚਾਰੂ ਦੀ ਸ਼ਹਾਦਤ ਉਸ ਸਮੇਂ ਨਿਰਧਾਰਿਤ ਕਰਦੀ ਸੀ ਕਿ ਕਿਸੇ ਦੀ ਮੌਤ ਕੱਖਾਂ ਤੋਂ ਹੌਲੀ ਤੇ ਕਿਸੇ ਦੀ ਪਰਬਤ ਤੋਂ ਵੀ ਭਾਰੀ ਹੁੰਦੀ ਹੈ। ਕਾਮਰੇਡ ਦੀ ਮੌਤ ਪਹਾੜ ਤੋਂ ਵੀ ਭਾਰੀ ਸੀ। ਇਸ ਲਈ ਪਿਛਾਖੜੀ ਹਾਕਮਾਂ ਤੇ ਸੋਧਵਾਦੀਆਂ ਨੂੰ ਵੀ ਉਸ ਦੀ ਮੌਤ 'ਤੇ ਮਗਰਮੱਛ ਦੇ ਹੰਝੂ ਵਹਾਉਣੇ ਪਏ। ਰਾਜ ਨਰਾਇਣ ਨੇ ਕਿਹਾ 'ਜੇ ਚਾਰੂ ਮਜੂਮਦਾਰ ਸੱਚ ਮੁੱਚ ਬੀਮਾਰ ਸਨ ਤਾਂ ਉਨ੍ਹਾਂ ਨੂੰ ਏਨੇ ਦਿਨ ਤੱਕ ਪੁਲਿਸ ਹਿਰਾਸਤ 'ਚ ਹੀ ਕਿਉਂ ਰੱਖਿਆ ਗਿਆ ਸੀ?" ਅਟਲ ਬਿਹਾਰੀ ਵਾਜਪਾਈ ਨੇ ਇਸ ਤੋਂ ਇਨਕਾਰ ਕੀਤਾ ਸੀ ਕਿ ਉਹ 'ਦਿਲ ਦੀ ਧੜਕਣ ਰੁਕ ਜਾਣ ਵਰਗੀ ਘਟਨਾ ਸੀ।" ਉਨ੍ਹਾਂ ਨੇ ਇਸ ਦੀ ਜਾਂਚ ਦੀ ਮੰਗ ਵੀ ਕੀਤੀ ਸੀ। ਕੋਲਕਾਤਾ ਤੋਂ ਛਪਦੇ ਹਫ਼ਤਾਵਾਰੀ ਰਸਾਲੇ 'ਕਲਕੱਤਾ' ਨੇ ਲਿਖਿਆ ਸੀ, "ਇਹ ਤੱਥ ਆਮ ਸ਼ਹਿਰੀ ਲਈ ਅਸਮੰਜਸਪੂਰਨ ਹੈ ਕਿ ਜੋ ਬੰਦਾ ਪਿਛਲੇ ਤੀਹ ਸਾਲਾਂ ਤੋਂ ਸਖ਼ਤ ਰੂਪੋਸ਼ ਜ਼ਿੰਦਗੀ ਦੇ ਤਣਾਅ ਤੇ ਤਕਲੀਫ਼ਾਂ ਝਲ ਰਿਹਾ ਸੀ। ਉਹ ਸਰਕਾਰ ਵਲੋਂ ਦਿੱਤੀ ਸਵੇਾ ਤੇ ਆਰਾਮ ਦਾ ਇਕ ਪੰਦਰਵਾੜਾ ਵੀ ਨਾਝਲ ਸਕਿਆ।" ਭਾ ਕਾ ਪ. ਦੇ ਮੈਂਬਰ ਪਾਰਲੀਮੈਂਟ ਹੀਰੇਨ ਮੁਖਰਜੀ, ਭਾਰਤੀ ਕਮਿਊਨਿਸਟ ਪਾਰਟੀ ਦੇ ਏ.ਕੇ. ਗੋਪਾਲਨ ਆਦਿ ਨੇ ਵੀ ਮੌਤ ਦੀ ਜਾਂਚ ਕੀਤੇ ਜਾਣ ਦੀ ਮੰਗ ਕੀਤੀ ਸੀ ਪਰ ਸੋਧਵਾਦੀਆਂ ਵਲੋਂ ਜਾਹਿਰ ਕੀਤੀ ਸੰਵੇਦਨਾ ਜਿੰਨੀ ਥੋਥੀ ਸੀ, ਇਹ ਇਸ ਤੋਂ ਸਾਬਤ ਹੁੰਦਾ ਹੈ ਕਿ ਪੱਛਮੀ ਬੰਗਾਲ 'ਚ ਲੰਮੇ ਸਮੇਂ ਤੱਕ ਸੱਤਾ 'ਚ ਰਹਿਣ ਦੇ ਬਾਵਜੂਦ ਮਾਕਾਪਾ ਨੇ ਨਿਆਂਇਕ ਜਾਂਚ ਤਾਂ ਦੂਰ, ਪ੍ਰਸਾਸ਼ਨਿਕ ਜਾਂਚ ਤੱਕ ਦੀ ਜਹਿਮਤ ਵੀ ਨਹੀਂ ਉਠਾਈ। ਏਨਾ ਹੀ ਨਹੀਂ ਚਾਰੂ ਮਜੂਮਦਾਰ ਦੀ ਸ਼ਹਾਦਤ ਸਭਾ ਕਰਨ ਦੇ ਦੋਸ਼ 'ਚ ਕਾਨਪੁਰ ਸ਼ਹਿਰ ਦੇ ਮੁੱਖ ਨੇਤਾ ਆਨੰਦ ਮਾਧਵ ਤ੍ਰਿਵੇਦੀ ਨੂੰ ਮਾ ਕਾ ਪਾ ਨੇ ਮੁਅੱਤਲ ਕਰ ਦਿੱਤਾ। ਇਸ ਲਈ 'ਚ ਮਾ ਕਾ ਪਾ ਦੇ ਪੋਲਟ ਬਿਊਰੋ ਮੈਂਬਰ ਤੇ ਮਜ਼ਦੂਰ ਨੇਤਾ ਰਾਮਆਸਰੇ ਦਾ ਕਾਨਪੁਰ 'ਚ ਦਿਹਾਂਤ ਹੋ ਗਿਆ....ਜੋ ਅੱਜ ਤੱਕ ਭੇਦ ਬਣਿਆ ਹੋਇਆ ਹੈ। ਕਿਹਾ ਜਾਂਦਾ ਹੈ ਕਿ ਕਾਮਰੇਡ ਰਾਮਆਸਰੇ ਦੀ ਦੇਹ ਨੂੰ ਝੰਡਾ ਚੜ੍ਹਾਉਣ ਵਾਲੇ ਮਾਕਾਪਾ ਦੇ ਇਕ ਕੱਦਾਵਰ ਨੇਤਾ ਦੇ ਹੱਥਾਂ 'ਚੋਂ ਚਾਰੂ ਮਜੂਮਦਾਰ ਤੇ ਨਕਸਲਬਾੜੀ ਸਮਰਥਕ ਇਕ ਉਤਸ਼ਾਹੀ ਨੌਜਵਾਨ ਨੇ ਝੰਡਾ ਖੋਹ ਲਿਆ ਸੀ ਤੇ ਉਸ ਦੇ ਮੂੰਹ 'ਤੇ ਥੁੱਕ ਦਿੱਤਾ ਸੀ। ਇਸ ਸਾਰੇ ਘਟਨਾਕ੍ਰਮ ਨੂੰ ਨਕਸਲਬਾੜੀ ਗਰਜਨਾ ਦੀ ਸਾਰਥਿਕਤਾ ਵਿਆਪਕਤਾ ਤੇ ਲੋਕ ਜਮਹੂਰੀ ਇਨਕਲਾਬ ਦੇ ਮਹਾਨ ਨਾਇਕ ਸ਼ਹੀਦ ਕਾਮਰੇਡ ਚਾਰੂ ਮਜੂਮਦਾਰ ਦੀ ਲੋਕਾਂ 'ਚ ਸ਼ਾਖ ਉਜਾਗਰ ਹੁੰਦੀ ਹੈ। ਕਾਮਰੇਡ ਚਾਰੂ ਦਾ ਜਨਮ ਉਤਰ ਪ੍ਰਦੇਸ਼ ਦੇ ਬਨਾਰਸ 'ਚ ਹੋਇਆ ਸੀ। ਉਨ੍ਹਾਂ ਦੇ ਬਾਪ ਬੰਗਾਲ ਦੇ ਦਾਰਜੀਲਿੰਗ ਜ਼ਿਲ੍ਹੇ ਦੇ ਮਹਾਂਨੰਦ ਪਾੜਾ ਪਿੰਡ ਦੇ ਮੂਲ ਨਿਵਾਸੀ ਸਨ। ਚਾਰੂ ਮਜੂਮਦਾਰ ਕਰੀਬ 7-8 ਸਾਲ ਦੀ ਉਮਰ 'ਚ ਆਪਣੇ ਪਿਤਾ ਨਾਲ ਬਨਾਰਸ ਛੱਡ ਕੇ ਮਹਾਂਨੰਦ ਪਾੜਾ ਵਾਪਸ ਆ ਗਏ ਸਨ। ਉਨ੍ਹਾਂ ਨੇ ਸਿਲੀਗੁੜੀ ਤੋਂ 10ਵੀਂ ਜਮਾਤ ਪਹਿਲੇ ਦਰਜੇ 'ਚ ਪਾਸ ਕੀਤੀ ਤੇ ਪਿਛੋਂ ਪਾਵਨਾ ਸ਼ਹਿਰ (ਅੱਜ ਕੱਲ੍ਹ ਬੰਗਲਾਦੇਸ਼ 'ਚ) ਦੇ ਐਡਵਰਡ ਕਾਲਜ ਤੋਂ ਸਿੱਖਿਆ ਹਾਸਲ ਕੀਤੀ। ਕਾਮਰੇਡ ਮਜੂਮਦਾਰ ਵਿਦਿਆਰਥੀ ਜੀਵਨ ਤੋਂ ਹੀ ਖੱਬੇਪੱਖੀ ਅਗਾਂਹਵਧੂ ਸਹਿਤ ਪ੍ਰਤੀ ਬੇਹੱਦ ਜਗਿਆਸਾ ਰੱਖਣ ਵਾਲੇ ਵਿਦਿਆਰਥੀ ਸਨ। ਉਨ੍ਹਾਂ ਦੇ ਆਜ਼ਾਦੀ ਸਗਰਾਮ ਦੇ ਸੈਨਾਜੀ ਪਿਤਾ ਵੀਰੇਸ਼ਵਰ ਮਜੂਮਦਾਰ ਤੇ ਉਨ੍ਹਾਂ ਦੀ ਮਾਂ ਨੇ ਬਚਪਨ ਤੋਂ ਹੀ ਉਨ੍ਹਾਂ ਅੰਦਰ ਦੇਸ਼ ਤੇ ਲੋਕਾਂ ਪ੍ਰਤੀ ਲਗਾਅ ਦੇ ਸੰਸਕਾਰਾਂ ਦੇ ਬੀਜ ਭਰੇ ਸਨ। ਸਿੱਟੇ ਵਜੋਂ ਉਨ੍ਹਾਂ ਨੇ ਸਿੱਖਿਆ ਹਾਸਲ ਕਰਨ ਪਿਛੋਂ ਕੈਰੀਅਰ ਬਣਾਉਣ ਦੇ ਖੋਖਲੇ ਰਾਹ ਦੀ ਬਜਾਏ ਪੇਸ਼ਾਵਰ ਇਨਕਲਾਬੀ ਦੇ ਜੀਵਤ ਰਾਹ ਨੂੰ ਚੁਣਿਆ। ਬੰਗਾਲ ਦੇ ਇਤਿਹਾਸ ਨਿਮਨ ਪੂੰਜੀਵਾਦੀ ਨਿੱਜੀ ਹਿੰਸਾ ਦੀ ਹਰਮਨ ਪਿਆਰਤਾ ਦਾ ਵੀ ਇਤਿਹਾਸ ਰਿਹਾ ਹੈ। ਖੁਦੀਰਾਮ ਬੋਸ ਦੀ ਸ਼ਹਾਦਤ ਪਿਛੋਂ ਚਟਗਾਂਵ ਹੋਸਟਲ ਕਾਂਡ ਤੇ ਅਣਗਿਣਤ ਨੌਜਵਾਨਾਂ ਵਲੋਂ ਰੋਮਾਂਟਿਕ ਹਥਿਆਰਬੰਦ ਕਾਰਵਾਈਆਂ ਬੰਗਾਲ ਦੇ ਨੌਜਵਾਨਾਂ ਦੇ ਦਿਲਾਂ ਵਿਚ ਦੇਸ਼ ਭਗਤੀ ਭਰਪੂਰ ਬਲੀਦਾਨ ਭਾਵਨਾ ਦਾ ਗਵਾਹ ਰਹੀਆਂ ਹਨ ਪਰ ਫਿਰ ਵੀ ਕਾ. ਚਾਰੂ ਮਜੂਮਦਾਰ ਦੀ ਜਵਾਨੀ ਵੇਲੇ ਤੱਕ ਇਨ੍ਹਾਂ ਸਾਰੇ ਨੌਜਵਾਨ ਇਨਕਲਾਬੀਆਂ ਨੇ ਨਿੱਜੀ ਹਿੰਸਾ ਦੇ ਆਪਣੇ ਰਾਹ ਦਾ ਰੀਵਿਊ ਕਰ ਲਿਆ ਸੀ। ਜਤੇਂਦਰ ਨਾਥ ਦਾਸ, ਭਗਵਤੀ ਚਰਨ ਵੋਹਰਾ ਵਰਗੇ ਇਨਕਲਾਬੀ ਤੇ ਅੰਡੇਮਾਨ ਦੀਆਂ ਜੇਲ੍ਹਾਂ 'ਚ ਬੰਦ ਸਾਰੇ ਇਨਕਲਾਬੀ ਵਿਅਕਤੀਗਤ ਹਿੰਸਾ ਤਿਆਗ ਕੇ 'ਅੰਡੇਮਾਨ ਕਮਿਊਨਿਸਟ ਕੰਸੋਲਿਡੇਸ਼ਨ' ਰਾਹੀਂ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ ਲੈ ਰਹੇ ਸਨ। ਕਾ. ਚਾਰੂ ਮਜੂਮਦਾਰ ਨੇ ਵੀ ਜਵਾਨੀ ਮੌਕੇ ਮਾਰਕਸਵਾਦ ਵਲ ਕਦਮ ਅੱਗੇ ਵਧਾਇਆ। 1938 'ਚ ਕਮਿਊਨਿਸਟ ਪਾਰਟੀ ਗੈਰ ਕਾਨੂੰਨੀ ਸੀ। ਸਿੱਟੇ ਵਜੋਂ ਉਹ ਪਾਰਟੀ ਦੇ ਨਿਰਦੇਸ਼ਾਂ ਮੁਤਾਬਕ ਕਾਂਗਰਸ ਸੋਸ਼ਲਿਸਟ ਪਾਰਟੀ ਦਾ ਮੈਂਬਰ ਬਣ ਕੇ ਕੰਮ ਕਰਨ ਲੱਗੇ। 1939 'ਚ ਦੂਜੀ ਸੰਸਾਰ ਜੰਗ ਦੌਰਾਨ ਕਮਿਊਨਿਸਟ ਪਾਰਟੀ ਨੇ ਇਸ ਨੂੰ ਸਾਮਰਾਜੀ ਲੁਟੇਰਿਆਂ ਦਰਮਿਆਨ ਲੜਾਈ ਕਹਿ ਕੇ ਜੰਗ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕਾ. ਚਾਰੂ ਰੂਪੋਸ਼ ਹੋ ਗਏ। ਅੰਗਰੇਜ਼ਾਂ ਨੇ ਕਮਿਊਨਿਸਟਾਂ 'ਤੇ ਜ਼ੁਲਮ ਕਰਨਾ ਸ਼ੁਰੂ ਕਰ ਦਿੱਤਾ। ਕਾ. ਚਾਰੂ ਨੇ 1939 ਤੋਂ 1943 ਤੱਕ ਦੀ ਰੂਪੋਸ਼ ਫਰਾਰੀ ਜ਼ਿੰਦਗੀ 'ਚ ਕਿਸਾਨਾਂ, ਚਾਹ ਬਾਗਾਂ ਦੇ ਮਜ਼ਦੂਰਾਂ, ਰੇਲਵੇ ਮਜ਼ਦੂਰਾਂ ਵਿਚਕਾਰ ਜਾ ਕੇ ਉਨ੍ਹਾਂ ਨੂੰ ਜਥੇਬੰਦ ਕਰਨ ਦਾ ਕੰਮ ਕੀਤਾ। ਇਸ ਦੌਰ 'ਚ ਉਨ੍ਹਾਂ ਨੇ ਤੇਭਾਗਾ ਅੰਦੋਲਨ ਨੂੰ ਵੀ ਫੁੱਟ ਦੇ ਵੇਖਿਆ ਸੀ। 1943 'ਚ ਬੰਗਾਲ 'ਚ ਭਿਅੰਕਰ ਅਕਾਲ ਦੀ ਸਥਿਤੀ 'ਚ ਜਿਥੇ ਇਕ ਪਾਸੇ ਗਾਂਧੀਵਾਦੀ ਲੀਡਰਸ਼ਿਪ ਖੁਦ ਸੇਵਾ ਦੇ ਰੂਪ 'ਚ ਆਦਰਸ਼ਵਾਦੀ ਨੈਤਿਕਤਾ ਦਾ ਮੁਜ਼ਾਹਰਾ ਕਰਕੇ ਨੌਕਰਸ਼ਾਹੀ ਦੀ ਹਮਾਇਤ ਦਾ ਉਪਦੇਸ਼ ਦੇ ਰਹੀ ਸੀ, ਉਥੇ ਕਮਿਊਨਿਸਟਾਂ ਨੇ 'ਭੁਖੇ ਮਰਨ ਤੋਂ ਬੇਹਤਰ ਗੋਲੀ ਖਾ ਕੇ ਮਰਨਾ ਹੈ' ਦੇ ਨਾਅਰੇ ਹੇਠ ਜ਼ਿਮੀਦਾਰਾਂ ਤੇ ਸੂਦਖੋਰਾਂ ਦੇ ਗਦਾਮਾਂ 'ਤੇ ਹਮਲਾ ਕਰਕੇ ਅਨਾਜ ਜਬਤ ਕਰਕੇ ਭੁੱਖੇ ਲੋਕਾਂ 'ਚ ਵੰਡ ਦੇਣ ਦੀ ਨੀਤੀ ਅਪਣਾਈ। ਕਾਮਰੇਡ ਚਾਰੂ ਮਜੂਮਦਾਰ ਨੇ ਉਸ 'ਚ ਰਾਜਸੀ ਅਗਵਾਈ ਮੁਹੱਈਆ ਕੀਤੀ ਤੇ ਪਾਰਟੀ ਢਾਂਚਾ ਉਸਾਰਿਆ। 1948 ਤੋਂ 1951 ਤੱਕ ਕਾਮਰੇਡ ਚਾਰੂ ਮਜੂਮਦਾਰ ਗ੍ਰਿਫ਼ਤਾਰ ਰਹੇ। 1956 'ਚ ਕੇਰਲ ਦੇ ਪਾਲਘਾਟ 'ਚ ਪਾਰਟੀ ਦੀ ਚੌਥੀ ਕਾਂਗਰਸ (ਇਜਲਾਸ) 'ਚ ਉਹ ਨੁਮਾਇੰਦੇ ਬਣੇ। ਉਨ੍ਹਾਂ ਨੇ 1962 'ਚ ਭਾਰਤ-ਚੀਨ ਜੰਗ ਦੌਰਾਨ ਅੰਨੀ ਕੌਮਾਪ੍ਰਸਤੀ ਦਾ ਵਿਰੋਧ ਕੀਤਾ। ਉਨ੍ਹਾਂ ਨੇ 1964 'ਚ ਜੇਲ੍ਹ ਤੋਂ ਹੀ ਮਿਲੀਗੁੜੀ ਖੇਤਰ ਤੋਂ ਵਿਧਾਨ ਸਭਾ ਦੇ ਉਮੀਦਵਾਰ ਵਜੋਂ ਕਾਗਜ਼ ਭਰੇ। ਸੰਨ 1964 'ਚ ਗ੍ਰਿਫ਼ਤਾਰ ਹੋ ਕੇ ਉਹ 1966 'ਚ ਰਿਹਾਅ ਕੀਤੇ ਗਏ। ਉਨ੍ਹਾਂ ਨੇ ਉਸ ਦੌਰ 'ਚ ਅੱਠ ਲੇਖ ਲਿਖੇ ਜੋ 'ਅੱਠ ਦਸਤਾਵੇਜ਼ਾਂ' ਦੇ ਨਾਂ ਨਾਲ ਪ੍ਰਚਲਤ ਹਨ। ਉਹ ਇਕ ਇਨਕਲਾਬੀ ਵਾਂਗੂ ਲੋਕਾਂ ਨੂੰ ਜਮਹੂਰੀ ਇਨਕਲਾਬ ਦੀ ਦਿਸ਼ਾ ਵਿਚ ਜਥੇਬੰਦ ਕਰਨ 'ਚ ਲੱਗੇ ਰਹੇ। ਸੰਨ 1967 'ਚ ਨਕਸਲਬਾੜੀ, ਫਾਸੀਦੇਵਾ ਤੇ ਖਾਰੀਬਾੜੀ ਦੇ ਆਲੇ ਦੁਆਲੇ ਦੇ 50 ਤੋਂ ਵੱਧ ਪਿੰਡਾਂ 'ਚ ਕਿਸਾਨਾਂ ਦੀ ਜਬਰਦਸਤ ਜਥੇਬੰਦੀ ਉਸਾਰੀ। ਕਿਸਾਨਾਂ ਨੇ ਵੱਡੇ ਜੋਤੇਦਾਰਾਂ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ, ਸੂਦਖੋਰਾਂ ਕੋਲ ਪਏ ਗਹਿਣੇ ਦੇ ਦਸਤਾਵੇਜ਼ਾਂ ਨੂੰ ਸਾੜ ਫੂਕ ਦਿੱਤਾ। ਇਹ ਸੰਘਰਸ਼ ਨਕਸਲਬਾੜੀ ਲੋਕ ਉਭਾਰ ਵਜੋਂ ਅਮਰ ਹੋ ਗਿਆ। ਉਨ੍ਹਾਂ ਨੇ ਇਨਕਲਾਬੀ ਮਾਰਕਸਵਾਦ-ਲੈਨਿਨਵਾਦ ਤੇ ਸੋਧਵਾਦ ਵਿਚਾਲੇ ਸਪਸ਼ਟ ਨਿਖੇੜੇ ਦੀ ਲਕੀਰ ਖਿਚ ਦਿੱਤੀ। ਨਕਸਲਬਾੜੀ ਦਾ ਗਰਜਨਾ ਨੇ ਦੇਸ਼ ਵਿਆਪੀ ਅਸਰ ਪਾਇਆ ਤੇ ਸੋਧਵਾਦ ਦਾ ਵਿਰੋਧ ਕਰ ਰਹੇ ਦੇਸ਼ ਭਰ 'ਚ ਇਨਕਲਾਬੀਆਂ ਨੇ 22 ਅਪ੍ਰੈਲ 1969 ਨੂੰ ਭਾਰਤੀ ਕਮਿਊਨਿਸਟ ਪਾਰਟੀ (ਮ.ਲ.) ਦੀ ਸਥਾਪਨਾ ਕੀਤੀ। ਇਸ ਪਾਰਟੀ ਦਾ ਪਹਿਲਾ ਜਨਰਲ ਇਜਨਾਸ (8ਵਾਂ ਜਨਰਲ ਇਜਲਾਸ) 1970 'ਚ ਕੋਲਕਾਤਾ 'ਚ ਨੇਪਰੇ ਚੜ੍ਹਿਆ। ਕਾ. ਚਾਰੂ ਇਸ ਦੇ ਜਨਰਲ ਸਕੱਤਰ ਬਣੇ। 28 ਜੁਲਾਈ 1972 ਨੂੰ ਕਾਮਰੇਡ ਚਾਰੂ ਦੀ ਸ਼ਹਾਦਤ ਤੋਂ ਲੈ ਕੇ ਹੁਣ ਤੱਕ ਕਾਫ਼ੀ ਪਾਣੀ ਵਹਿ ਚੁੱਕਿਆ ਹੈ। ਕਈ ਭੁਲਾਂ ਚੁੱਕਾਂ ਦੇ ਬਾਵਜੂਦ ਕਾਮਰੇਡ ਚਾਰੂ ਇਨਕਲਾਬ ਦੇ ਥੰਮ੍ਹ ਵਜੋਂ ਜਾਣੇ ਜਾਂਦੇ ਹਨ। ਸਾਮਰਾਜ ਨੇ ਬਸਤੀਵਾਦੀ ਦੀ ਥਾਂ ਨਵਬਸਤੀਵਾਦੀ ਲੁਟ ਦਾ ਰਾਹ ਅਪਣਾ ਲਿਆ ਸੀ। ਅੱਜ ਦੇਸ਼ ਕਾਰਪੋਰੇਟ ਰਾਜ ਦੀ ਜਕੜ ਵਿਚ ਹੈ ਤੇ ਸਾਮਰਾਜੀ ਸ਼ਕਤੀਆਂ ਬੇਰਹਿਮ ਲੁਟ ਕਰ ਰਹੀਆਂ ਹਨ। ਇਸ ਜਕੜ ਨੂੰ ਤੋੜਨ ਲਈ ਵੱਡੇ ਜਨਤਕ, ਰਾਜਸੀ ਤੇ ਵਿਚਾਰਧਾਰਕ ਸੰਘਰਸ਼ਾਂ ਦੀ ਲੋੜ ਹੈ।

ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
98156-29301

ਇੰਟਰਨੈਸ਼ਨਲ ਮਿਆਰਾਂ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
BALJINDER ARTS
Baljinder Singh
Mob. +91-92167-29598, +91-98782-29598
akashdeep.1046@gmail.com

## ਆਜ਼ਾਦੀ

ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ ?
'ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।'
ਮੈਂ ਜੱਗੂ ਤੋਂ ਸੁਣਿਆ, ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸਦੇ,ਉਦਾਲੇ ਖੜ੍ਹੀ ਸੀ।
ਬਿਰਲੇ ਦੇ ਘਰ ਵੱਲ, ਅਗਾੜੀ ਸੀ ਉਸਦੀ,
ਤੇ ਲੋਕਾਂ ਦੇ ਮੂਹ ਵੱਲ ਪਛਾੜੀ ਸੀ ਉਸਦੀ।
ਆਈ ਨੂੰ ਭਾਵੇਂ 'ਤੀਆਂ' ਸਾਲ ਬੀਤਾ,
ਅਸੀਂ ਤੇ ਅੱਜ ਤੱਕ, ਦਰਸ਼ਨ ਨਹੀਂ ਕੀਤਾ।

ਦਿੱਲੀ 'ਚ ਆਉਂਦੀ ਹੈ, ਸਰਦੀ ਦੀ ਰੁੱਤੇ,
ਤੇ ਹਾੜਾਂ ਨੂੰ ਰਹਿੰਦੀ, ਪਹਾੜਾਂ ਦੇ ਉਤੇ।
ਗਰੀਬਾਂ ਨਾਲ ਲੱਗਦੀ, ਲੜੀ ਹੋਈ ਆ ਖ਼ਬਰੇ,
ਤੇ ਅਮੀਰਾਂ ਦੇ ਹੱਥੀਂ, ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚੋਂ ਪੜ੍ਹਿਆ, ਜਰਵਾਣੀ ਜਹੀਂ ਏ,
ਕੋਈ ਸੋਹਣੀ ਤਾਂ ਨਹੀਂ, ਐਵੇਂ ਕਾਣੀ ਜਿਹੀ ਏ।

ਜੇ ਮੰਨੇ ਉਹ ਕਹਿਣਾ, ਅਸੀਂ ਵੀ ਮੰਗਾਈਏ,
ਛੰਨਾਂ ਤੇ ਢਾਰਿਆਂ 'ਚ ਭੁੰਜੇ ਸੁਆਈਏ।
ਪਰ ਏਨਾ ਪਤਾ ਨਹੀਂ, ਕੀ ਖਾਂਦੀ ਹੁੰਦੀ ਏ!
ਕਿਹੜੀ ਚੀਜ਼ ਤੋਂ ਦਿਲ, ਚੁਰਾਂਦੀ ਹੁੰਦੀ ਏ!
ਮਿਸ਼ਲੇ ਤਾਂ ਉਸ ਅੱਗੇ ਆਂਡੇ ਹੁੰਦੇ ਨੇ,
ਬਈ ਸਾਡੀ ਤਾਂ ਖੁਰਲੀ 'ਚ ਟਾਂਡੇ ਹੁੰਦੇ ਨੇ।

- ਗੁਰਦਾਸ ਰਾਮ ਆਲਮ

## ਗ਼ਜ਼ਲ

ਰਾਤ ਦੇ ਚਿਹਰੇ 'ਤੇ ਕਿਸਦੇ ਖ਼ੂਨ ਦੀ ਇਹ ਲੀਕ ਹੈ।
ਜਿਸਦੇ ਵਿਚ ਸ਼ਾਮਲ ਕਿਸੇ ਦੀ ਦਰਦ ਭਿੱਜੀ ਚੀਕ ਹੈ।

ਖ਼ੂਨ ਦੀ ਇਸ ਲੀਕ ਅੰਦਰ ਕਿਸ ਦਾ ਚਿਹਰਾ ਹੈ ਪਛਾਣ ?
ਮੈਂ ਮੁਨਾਖਾ ਹੀ ਸਹੀ ਤੇਰੀ ਨਜ਼ਰ ਤਾਂ ਠੀਕ ਹੈ।

ਕਤਲਘਰ ਵਿਚ ਕੌਣ ਆਇਆ ਸੀ ਭਲਾ ਏਡਾ ਬਲੀ,
ਖ਼ੌਫ ਖਾ ਕੇ ਜਿਸ ਤੋਂ ਸੂਲੀ ਕੰਬਦੀ ਹੁਣ ਤੀਕ ਹੈ।

ਰਾਹ ਦੀ ਦੀਵਾਰ ਬਾਰੇ ਸੋਚੀਏ ਤਾਂ ਦੂਰ ਹੈ,
ਵਰਨਾ ਦੋਹਾਂ ਦੇ ਲਈ ਪੈਂਡਾ ਬਹੁਤ ਨਜ਼ਦੀਕ ਹੈ।

ਤੂੰ ਹਕੂਮਤ ਦੀ ਏਂ ਕਠਪੁਤਲੀ ਕੀ ਤੇਰਾ ਅਖ਼ਤਿਆਰ,
ਫੈਸਲਾ ਤੇਰਾ ਕਦੇ ਨਾ ਠੀਕ ਸੀ ਨਾ ਠੀਕ ਹੈ।

ਮੈਂ ਅਜੇ ਜ਼ਿੰਦਾ ਹਾਂ ਮੇਰਾ ਹੌਸਲਾ ਮਰਿਆ ਨਹੀਂ,
ਵੇਖਣਾ ਪਰ ਕਾਤਲਾਂ ਦਾ ਸਿਤਮ ਕਿਥੋਂ ਤੀਕ ਹੈ।

-ਜਗਤਾਰ

## ਵਿਕਾਊ ਮੀਡੀਆ

ਸਾਨੂੰ ਸਭ ਪਤਾ ਹੈ.............
ਕਿਵੇਂ ਲੋਕ ਘੋਲ ਦੇ ਮੈਦਾਨ ਚੋਂ
ਜ਼ਨਾਨਾ ਸੁੱਥਣ ਪਾ ਕੇ ਰਫੂ ਚੱਕਰ ਹੋ ਜਾਣ ਵਾਲਾ ਢੋਂਗੀ ਸਾਧ
ਥੋਡੀ ਹੈਡਲਾਇਨਜ਼ ਦੇ ਬੈਕ ਗਰਾਊਂਡ ਤੇ ਛਾ ਜਾਂਦਾ ਹੈ
ਸਾਨੂੰ ਸਭ ਪਤਾ ਹੈ............
ਕਿਉਂ ਲੱਖਾਂ ਬੇਕਸੂਰਾਂ ਦੇ ਲਹੂ ਨਾਲ
ਨਹਾਉਣ ਵਾਲੇ ਓਸ ਹਬਸ਼ੀ ਦੇ ਤਲੂਏ ਚੱਟਣ ਨੂੰ
ਤੁਸੀਂ ਕੌਮੀ ਯਾਰਾਨੇ ਦਾ ਨਾਮ ਦਿੱਤਾ ਹੈ
ਤੇ ਏਸ ਮੁਲਖ਼ ਦੇ ਰੋਟੀ ਮੰਗਦੇ ਜੰਗਲੀ ਲੋਕ
ਥੋਨੂੰ ਕੌਮੀ ਖ਼ਤਰਾ ਜਾਪਦੇ ਨੇ
ਸਾਨੂੰ ਸਭ ਪਤਾ ਹੈ............
ਕਿਵੇਂ ਮੁਲਕ ਦੀ ਸ਼ਰਮਾਏਦਾਰੀ ਦੇ ਖ਼ਚਰੇ ਦਲਾਲ ਨੂੰ
ਤੁਸੀਂ ਰਾਤੋ ਰਾਤ ਯੁੱਗ ਪੁਰਸ਼ ਵਿਚ ਬਦਲ ਦਿੱਤਾ ਹੈ
ਸਾਨੂੰ ਏਹ ਵੀ ਪਤਾ ਹੈ
ਕਿ ਥੋਡੀ "ਸੱਸ ਬਹੂ ਤੇ ਸਾਜ਼ਿਸ"
ਸਾਡੇ ਨਾਲ ਹੋ ਰਹੀ ਕਿਸ ਸਾਜ਼ਿਸ਼ ਦਾ ਹਿੱਸਾ ਹੈ
ਤੇ ਹੁਣ ਸਾਨੂੰ ਏਸ ਗੱਲ ਦੀ ਹੈਰਾਨੀ ਨਹੀਂ
ਕਿ ਕਿਉਂ ਤੁਸੀਂ ਇਕ ਨਪੁੰਸਕ ਨਚਾਰ ਨੂੰ
ਮੈਸੇਂਜਰ ਆਫ਼ ਗਾਡ ਬਣਾ ਦਿੱਤਾ ਹੈ
ਅਸੀਂ ਆਪਣੇ ਮਹਾਂਨਾਇਕਾਂ ਨੂੰ ਵੀ ਪਛਾਣਦੇ ਹਾਂ
ਸਾਡੇ ਮਹਾਨਾਇਕ ਨੂੰਹਾਂ ਨਾਲ ਕਜਰਾਰੇ ਕਜਰਾਰੇ ਕਰਕੇ ਨਹੀਂ ਬਣਦੇ
ਉਹ ਲੋਕ ਹਿੱਤਾਂ ਲਈ
ਆਪਣੇ ਧੀਆਂ ਪੁੱਤ ਕੰਧਾ ਚ ਚਿਣਾ ਦਿੰਦੇ ਨੇ
ਸੀਸ ਕਟਾ ਦਿੰਦੇ ਨੇ, ਖੱਲ ਲੁਹਾ ਦਿੰਦੇ ਨੇ....
ਅਸੀਂ ਜਾਣਦੇ ਹਾਂ ਭੁੱਖ ਨੰਗ ਨਾਲ ਘੁੱਲਦੀ ਜਨਤਾ ਦੇ ਹੱਥਾਂ ਚ
ਫੜਾਏ ਥੋਡੇ ਯੋਗ ਦਿਵਸ ਦੇ ਲੌਲੀਪੌਪ ਦਾ ਸੱਚ
ਸਾਨੂੰ ਸਭ ਪਤਾ ਹੈ...........
ਕਿਉਂ ਸ਼ਹਿਰ ਦੇ ਸੀਵਰੇਜ਼ ਚ ਡੁੱਬ ਮਰੇ
ਮਜ਼ਦੂਰਾਂ ਦੀਆਂ ਲੋਥਾਂ ਤੋਂ
ਥੋਡੇ ਕੈਮਰਿਆਂ ਦੀਆਂ ਨਥਣੀਆਂ ਨੂੰ ਬੋਅ ਚੜਦੀ ਹੈ
ਤੇ ਰਾਜ ਪੱਥ ਦੀਆਂ ਲਿਸ਼ਕਦੀਆਂ ਸੜਕਾਂ ਤੇ
ਝਾੜੂਆਂ ਨਾਲ ਕਲੋਲਾਂ ਕਰਦੇ ਆਫ਼ਰੇ ਢਿੱਡ
ਥੋਨੂੰ ਸਵੱਛ ਭਾਰਤ ਦੇ ਪਹਿਰੇਦਾਰ ਲੱਗਦੇ ਨੇ
ਸਾਨੂੰ ਥੋਡਾ ਡੁੱਗਡੁੱਗੀ ਤੇ ਨੱਚਦੇ ਬੰਦਰਾਂ ਦਾ ਪਤਾ ਹੈ
ਸਾਨੂੰ ਥੋਡੇ ਪਤੰਦਰਾਂ ਤੇ ਕਲੰਧਰਾਂ ਦਾ ਪਤਾ ਹੈ
ਨੋਟਾਂ ਦੇ ਢੇਰ ਤੇ ਗੋਡਿਆਂ ਭਾਰ ਹੋਏ
ਥੋਡੇ ਸ਼ਬਦ ਆਡੰਬਰਾਂ ਦਾ ਪਤਾ ਹੈ
ਪਰ ਹਿਣ ਜਨਚੇਤਨਾ ਦੇ ਅਖਾੜਿਆਂ ਚ
ਵੱਜਣ ਲੱਗੇ ਨੇ ਅਕਲ ਅਣਖ਼ ਦੇ ਨਗਾਰੇ
ਤੇ ਏਨਾਂ ਨਗਾਰਿਆਂ ਦੀ ਧਮਕ ਵਿਚ
ਅਸੀਂ ਬੇਪਰਦ ਕਰਨੀ ਹੈ ਥੋਡੀ ਡੁੱਗਡੁੱਗੀ ਦੀ ਬੇਸ਼ਰਮ ਧੁਨੀ...

- ਜਸਕਰਨ

## ਬਚਾਓ ਅਜਿਹੀਆਂ ਥਾਵਾਂ ਨੂੰ

ਹੁਣ ਹਵਾ ਤਰੰਗਾਂ ਜਹੀ ਏ
ਇਹੀ ਗੱਲ ਲੋਕਾਂ ਨੂੰ ਕਹੀ ਜਾਵੇਗੀ
ਉਹੀ ਗੱਲਾਂ ਜੋ 15 ਅਗਸਤ 2014 ਨੂੰ...
ਭਾਸ਼ਣ ਦਿੰਦਿਆਂ ਲਾਲ ਕਿਲੇ ਤੋਂ ਕਹੀਆਂ ਗਈਆਂ ਸਨ।
ਜਿਨ੍ਹਾਂ ਨੂੰ 5 ਸੰਤਬਰ 2014 ਨੂੰ
ਦੇਸ਼ ਭਰ ਦੇ ਲੱਖਾਂ ਸਕੂਲਾਂ ਦੇ
ਕਰੋੜਾਂ ਬੱਚਿਆਂ ਦੇ ਕੰਨਾਂ 'ਚ ਪਾਇਆ ਜਾ ਰਿਹਾ ਸੀ।
ਕੀ ਤੁਸੀਂ ਅਜਿਹੇ ਕਿਸੇ
ਨੇਤਾ ਨੂੰ ਕਦੇ ਕਿਸੇ ਭੂਗੋਲ 'ਚ ਦੇਖਿਆ ਹੈ
ਇਤਿਹਾਸ 'ਚ ਕਦੇ ਵਾਪਰਿਆ ਹੋਵੇ, ਅਜਿਹਾ ਸੁਣਿਆ ਹੈ
ਜੋ ਚੋਣਾਂ ਹੋ ਜਾਣ ਤੋਂ ਬਾਅਦ ਵੀ
ਲਗਾਤਾਰ ਚੁਣਾਵੀ ਭਾਸ਼ਣ ਦਿੰਦਾ ਫਿਰੇ
ਜਿਵੇਂ ਉਸਨੂੰ ਇਸ ਕੰਮ ਲਈ ਚੁਣਿਆ ਗਿਆ ਹੋਵੇ
2024 ਤੱਕ ਬਣੇ ਰਹਿਣ ਦੀ ਗੱਲ ਉਹ ਇੰਝ ਕਰਦਾ ਹੈ ਜਿਵੇਂ
2019 ਦੀ ਚੋਣ ਉਹ ਕਿਸੇ ਖੁੱਲ੍ਹੇ ਮੈਦਾਨ 'ਚ
ਤਮਾਮ ਲੋਕਾਂ ਨੂੰ ਇੱਕਠਿਆਂ ਕਰਕੇ
ਹੱਥ ਖੜ੍ਹੇ ਕਰਵਾ ਕੇ ਕਰ ਲਵੇਗਾ
ਜਿਸ ਤਰ੍ਹਾਂ ਦਾ ਡਰ ਪੈਦਾ ਕੀਤਾ ਜਾ ਰਿਹਾ ਹੈ
ਅਤੇ ਜਿਸ ਤਰ੍ਹਾਂ ਦੇ ਐਲਾਨ ਕੀਤੇ ਜਾ ਰਹੇ ਹਨ।
ਲਾਲ ਕਿਲੇ ਤੋਂ ਲੈ ਕੇ ਬੱਚਿਆਂ ਦੇ ਸਕੂਲ ਤੱਕ
ਲੱਗਦਾ ਹੈ ਉਸਨੂੰ ਸੱਚ ਸਾਬਤ ਕਰਨ ਲਈ
ਕਿਸੇ ਵੀ ਹੱਦ ਤੱਕ ਜਾਣ ਦੀ ਤਿਆਰੀ ਕਰ ਲਈ ਗਈ ਹੈ
ਦੇਖੀ ਨਹੀਂ ਉਹ ਤਸਵੀਰ ਤੁਸੀਂ ਦੂਰ ਦੱਖਣ ਦੀ
ਜਿਸ 'ਚ ਇੱਕ ਅਧਿਆਪਕਾ
ਪੰਜਵੀਂ ਦੇ ਬੱਚੇ ਨਾਲ ਧੱਕਾ ਕਰ ਰਹੀ ਸੀ
ਉਸਨੂੰ ਬਾਹਰ ਨਹੀਂ ਜਾਣ ਦੇ ਰਹੀ ਸੀ
ਉਹ ਘਬਰਾਈ ਹੋਈ ਗੁੱਸੇ 'ਚ ਕਹਿ ਰਹੀ ਸੀ
'ਨੌਕਰੀ ਖੁਹਾਵੇਂਗਾ ਮੇਰੀ'
ਚੁੱਪਚਾਪ ਬੈਠ ਭਾਸ਼ਣ ਸੁਣ
ਇਹ ਕੇਹੀ ਮਜਬੂਰੀ ਪੈਦਾ ਕੀਤੀ ਜਾ ਰਹੀ ਹੈ ਕਿ
ਪਿਸ਼ਾਬ ਕਰਨ ਤੱਕ ਨਾ ਜਾਣ ਦਿੱਤਾ ਜਾਵੇ
ਡਰ ਜਿਹੜਾ ਮਨੁੱਖਤਾ ਦੇ ਆਮ ਰੂਪ
ਨੂੰ ਵੀ ਸਾਹਮਣੇ ਆਉਣ ਤੋਂ ਰੋਕ ਦੇਵੇ
ਉਹੀ ਡਰ ਉਸਦੀ ਹਕੂਮਤ ਨੂੰ ਕਾਇਮ ਰੱਖੇਗਾ
ਜਦੋਂ ਤੱਕ ਇਹ ਡਰ ਹੁੰਦਾ ਹੈ
ਨਿਜ਼ਾਮ ਨੂੰ ਕੋਈ ਡਰ ਨਹੀਂ ਹੁੰਦਾ
ਲੇਕਿਨ ਜਿੱਥੇ ਡਰ ਨਹੀਂ ਹੁੰਦਾ
ਉਹੀ ਥਾਂ ਇੱਕ ਦਿਨ ਕਤਲਗਾਹ ਬਣ ਜਾਂਦੀ ਹੈ
ਉਹ ਬੱਚੇ ਜੋ ਸੌਂ ਗਏ ਸਨ ਉਥੇ ਹੀ ਫਰਸ਼ ਤੇ ਬੇਸੁੱਧ
ਠੀਕ ਵਾਰਤਾਲਾਪ ਦੌਰਾਨ



ਉਮੀਦ ਉੱਥੇ ਹੈ
ਉਨ੍ਹਾਂ ਦੀ ਮਾਸੂਮੀਅਤ ਨੂੰ ਬਚਾਓ
ਅਨੁਸਾਸ਼ਨ ਨੂੰ ਦਰਕਿਨਾਰ ਕਰ ਜਿਹੜੀ ਦਿਸੀ
ਉਨ੍ਹਾਂ ਦੀ ਬੇਖੌਫ ਲਾਪਰਵਾਹੀ
ਉਨ੍ਹਾਂ ਦਾ ਮਨਮਾਨਾਪਣ, ਉਸਨੂੰ ਬਚਾਉਣਾ ਹੋਵੇਗਾ
ਕਿਉਂਕਿ ਅਨੁਸਾਸ਼ਨ ਨਾਲ ਨਹੀਂ
ਇਨ੍ਹਾਂ ਹੀ ਮੌਜਾਂ ਨਾਲ
ਟੁੱਟਦੀ ਹੈ ਡਰ ਦੀ ਘੇਰਾਬੰਦੀ
ਅਤੇ ਕੇਂਦਰੀ ਵਿਦਿਆਲੇ ਦੀ ਜਮਾਤ ਛੇਵੀਂ ਦੀ
ਉਹ ਕੁੜੀ
ਜਿਸਨੇ ਭਰੀ ਸਭਾ 'ਚ
ਪੂਰੀ ਦੁਨੀਆਂ ਦੇ ਸਾਹਮਣੇ
ਪੁੱਛ ਲਿਆ ਸੀ ਕਿ ਲੋਕ ਕਹਿੰਦੇ ਹਨ
ਤੁਸੀਂ ਹੈਡਮਾਸਟਰ ਵਰਗੇ ਹੋ
ਤੁਸੀਂ ਦੱਸੋ ਕਿ ਸੱਚਮੁੱਚ 'ਚ ਤੁਸੀਂ ਕੀ ਹੋ ?
ਸਵਾਲ ਸੁਣ ਕੇ ਉਹ ਅੰਦਰੋਂ ਬੈਚੇਨ ਹੋ ਉੱਠਿਆ ਸੀ
ਪਰ ਉਸ ਕੁੜੀ ਨੇ ਜਿਸ ਸਹਿਜਤਾ ਨਾਲ
ਇੱਕ ਵੱਡਾ ਸਵਾਲ ਉਠਾਇਆ ਸੀ
ਉਸ ਸਹਿਜਤਾ ਨੂੰ ਬਚਾਈ ਰੱਖਣਾ
ਜਮਹੂਰੀਅਤ ਨੂੰ ਬਚਾਈ ਰੱਖਣ ਲਈ ਜ਼ਰੂਰੀ ਹੈ
ਅਤੇ ਹਾਂ ਪੰਜਵੀਂ ਜਮਾਤ ਦੇ ਉਸ ਮੁੰਡੇ ਨੂੰ ਵੀ ਨਾ ਭੁੱਲੋ
ਜਿਸਦਾ ਜਿਕਰ ਕਵਿਤਾ 'ਚ ਪਹਿਲਾਂ ਆ ਚੁੱਕਾ ਹੈ
ਉਸਦੇ ਮੱਥੇ ਤੇ ਜ਼ਿਦ ਦੀਆਂ ਜੋ ਲਕੀਰਾਂ ਸਨ
ਉਹ ਅੱਗੇ ਜਿਹੜੀਆਂ ਸ਼ਕਲਾਂ ਲੈ ਸਕਦੀਆਂ ਹਨ
ਉਨ੍ਹਾਂ ਤੇ ਵਿਚਾਰ ਕਰੋ
ਉਨ੍ਹਾਂ ਲਕੀਰਾਂ ਦਾ ਬਚਿਆ ਰਹਿਣਾ
ਤੁਹਾਡੀਆਂ ਸੰਭਾਵਨਾਵਾਂ ਦਾ ਬਚਿਆ ਰਹਿਣਾ ਹੈ
ਕੋਸ਼ਿਸ਼ ਕਰੋ ਕਿ ਜਦੋਂ ਤੱਕ ਉਹ ਲੱਭਦਾ ਹੋਇਆ
ਅਜਿਹੀਆਂ ਥਾਵਾਂ ਤੇ ਪਹੁੰਚੇ
ਤੁਸੀਂ ਉਸਤੋਂ ਪਹਿਲਾਂ ਉੱਥੇ ਪਹੁੰਚ ਜਾਵੋ
ਇਤਿਹਾਸ ਉਨ੍ਹਾਂ ਥਾਵਾਂ ਤੋਂ
ਹੁੰਦਾ ਹੋਇਆ ਹੀ ਅੱਗੇ ਵੱਧਦਾ ਹੈ।

- ਰਣਜੀਤ ਵਰਮਾ

## ਕਵਿਤਾ

- ਬਲਜੀਤ

ਉਹ ਜੋ
ਆਦਤ ਦਾ ਗੁਲਾਮ ਬਣ ਜਾਂਦਾ ਹੈ
ਇੱਕੋ ਰਸਤੇ ਚਲਦਾ ਹੈ
ਕਦੇ ਰਫ਼ਤਾਰ ਨਹੀਂ ਬਦਲਦਾ
ਜੋ ਕੱਪੜਿਆਂ ਦਾ ਰੰਗ ਬਦਲਣ ਲਈ ਵੀ...
ਜੋਖ਼ਮ ਨਹੀਂ ਉਠਾਉਂਦਾ।
ਜੋ ਬੋਲਦਾ ਨਹੀਂ ਤੇ ਮਹਿਸੂਸ ਨਹੀਂ ਕਰਦਾ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਜਨੂੰਨ ਤੋਂ ਬਚਦਾ ਹੈ
ਚਿੱਟੇ ਦੀ ਥਾਂ ਕਾਲ਼ੇ ਨੂੰ ਤਰਜੀਹ ਦਿੰਦਾ ਹੈ
ਜੋ ਭਾਵਨਾਵਾਂ ਦੀ ਪੰਡ ਹੋਣ ਦੀ ਥਾਂ
ਇੱਕੋ ਜਿਹਾ ਚਿਹਰਾ ਬਣਾਈ ਰੱਖਦਾ ਹੈ
ਪਿਆਰ ਵਿੱਚ ਵੀ,
ਜਿਸ ਨੂੰ ਦੇਖ ਮੱਧਮ ਹੋ ਜਾਂਦੀ ਹੈ
ਤੁਹਾਡੀਆਂ ਅੱਖਾਂ ਦੀ ਰੋਸ਼ਨੀ
ਜੋ ਉਬਾਸੀ ਨੂੰ ਮੁਸਕਰਾਹਟ 'ਚ ਬਦਲ ਲੈਂਦਾ ਹੈ
ਜਿਸ ਨੂੰ ਹੌਲ ਪੈਣ ਲੱਗਦੇ ਹਨ
ਗਲਤੀਆਂ ਤੇ ਜਜ਼ਬਾਤਾਂ ਦਾ ਸਾਹਮਣਾ ਕਰਨ
ਲੱਗੇ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਚੀਜ਼ਾਂ ਨੂੰ ਉਲਟਾ-ਪੁਲਟਾ ਨਹੀਂ ਕਰਦਾ
ਜੋ ਕੰਮ ਕਰਦਾ ਖੁਸ਼ ਨਹੀਂ
ਜੋ ਇੱਕ ਸੁਪਨੇ ਦਾ ਪਿੱਛਾ ਕਰਦੇ ਹੋਏ
ਅਸਥਿਰਤਾ ਲਈ ਸਥਿਰਤਾ ਛੱਡਣ ਦਾ
ਖਤਰਾ ਨਹੀਂ ਉਠਾਉਂਦਾ
ਜੋ ਜ਼ਿੰਦਗੀ 'ਚ ਇੱਕ ਵਾਰ ਵੀ 'ਨਰੋਈ' ਸਲਾਹ
ਨਹੀਂ ਠੁਕਰਾਉਂਦਾ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਯਾਤਰਾਵਾਂ ਨਹੀਂ ਕਰਦਾ
ਜੋ ਪੜ੍ਹਦਾ ਨਹੀਂ
ਸੰਗੀਤ ਨਹੀਂ ਮਾਣਦਾ
ਖੁਦ ਵਿੱਚ ਕੋਈ ਸੁਹੱਪਣ ਨਹੀਂ ਦੇਖਦਾ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਹੌਲ਼ੀ ਹੌਲ਼ੀ ਆਪਣਾ ਸਵੈਮਾਣ ਖਤਮ
ਕਰ ਲੈਂਦਾ ਹੈ
ਖ਼ੁਦ ਦੀ ਮੱਦਦ ਪ੍ਰਵਾਨ ਨਹੀਂ ਕਰਦਾ
ਜੋ ਮਾੜੀ ਕਿਸਮਤ ਦੀਆਂ
ਕਦੇ ਨਾ ਰੁਕਣ ਵਾਲ਼ੀ ਬਾਰਿਸ਼ ਦੀਆਂ
ਸ਼ਿਕਾਇਤਾਂ ਕਰਦੇ ਹੋਏ ਦਿਨ ਕੱਟਦਾ ਹੈ
ਹੌਲ਼ੀ ਹੌਲ਼ੀ ਮਰਦਾ ਹੈ...

ਉਹ ਜੋ ਕੋਈ ਯੋਜਨਾ ਤਿਆਗ ਦਿੰਦਾ ਹੈ
ਸ਼ੁਰੂ ਕਰਨ ਤੋਂ ਪਹਿਲਾਂ ਹੀ
ਨਹੀਂ ਪੁੱਛਦਾ ਸਵਾਲ ਉਹਨਾਂ ਮਸਲਿਆਂ ਬਾਰੇ
ਜਿਹਨਾਂ ਬਾਰੇ ਉਸ ਨੂੰ ਪਤਾ ਨਹੀਂ
ਤੇ ਉਸ ਦਾ ਉੱਤਰ ਨਹੀਂ ਦਿੰਦਾ
ਜਿਸ ਬਾਰੇ ਉਹ ਜਾਣਦਾ ਹੁੰਦਾ ਹੈ
ਹੌਲ਼ੀ ਹੌਲ਼ੀ ਮਰਦਾ ਹੈ...

ਆਉ ਕੋਸ਼ਿਸ਼ ਕਰੀਏ
ਕਿਸ਼ਤਾਂ 'ਚ ਆਉਂਦੀ ਮੌਤ ਤੋਂ ਬਚੀਏ
ਖੁਦ ਨੂੰ ਯਾਦ ਦਵਾਉਂਦੇ ਹੋਏ
ਕਿ ਜ਼ਿੰਦਾ ਰਹਿਣ ਲਈ
ਸਾਹ ਲੈਣ ਤੋਂ ਵੱਧ ਕੋਸ਼ਿਸ਼ ਕਰਨੀ ਪੈਂਦੀ ਹੈ
ਤੇ ਸਿਰਫ਼ ਮੱਚਦਾ ਸਬਰ ਹੀ ਲੈ ਕੇ ਜਾਵੇਗਾ ਸਾਨੂੰ
ਸ਼ਾਨਾਮੱਤੀ ਖੁਸ਼ੀ ਤੱਕ...

- ਪਾਬਲੋ ਨੇਰੂਦਾ

## ਮੈਂ ਮਜ਼ਦੂਰ ਤੂੰ ਮਜ਼ਦੂਰ

ਮੈਂ ਮਜ਼ਦੂਰ
ਤੂੰ ਮਜ਼ਦੂਰ
ਮੈਂ ਮਜਬੂਰ
ਤੂੰ ਮਜਬੂਰ
ਭਾਵੇਂ ਇਕ ਦੂਜੇ ਤੋਂ ਦੂਰ
ਤੇਰੀ ਮੇਰੀ ਸਾਂਝ ਵਡੇਰੀ
ਤੇਰੀ ਮੇਰੀ ਸਾਂਝ ਡੂੰਘੇਰੀ
ਤੇਰੇ ਮੇਰੇ ਸਿਰ 'ਤੇ ਝੁਲਦੀ
ਸਰਮਾਏਦੀ ਮਾਰੂ ਨੇਰ੍ਹੀ।

ਤੂੰ ਮਜ਼ਦੂਰ
ਮੈਂ ਮਜ਼ਦੂਰ
ਤੇਰਾ ਪਿੰਡਾ
ਬਰਫ਼ 'ਚ ਠਰਿਆ
ਮੇਰਾ ਪਿੰਡਾ ਧੁੱਪੇ ਸੜਿਆ
ਝੱਗਾ ਚੁੱਕ ਕੇ ਵੇਖ ਲੈ ਭਾਵੇਂ
ਸਾਡੇ ਦੋਨਾਂ ਦੇ ਪਿੰਡਿਆਂ ਤੇ
ਵੱਡੀਆਂ ਛੋਟੀਆਂ
ਵਿੰਗੀਆਂ ਟੇਡੀਆਂ
ਪਗਡੰਡੀਆਂ ਨੇ ਤਾਣਾ ਤਣਿਆ
ਕੋਈ ਪਗਡੰਡੀ
ਹੈ ਪੂਰਬ ਦੀ
ਕੋਈ ਪਗਡੰਡੀ
ਹੈ ਪੱਛਮ ਦੀ
ਉਤਰ ਦੀ
ਭਾਵੇਂ ਦੱਖਣ ਦੀ
ਸਭ ਮਿਲ ਕੇ
ਰਸਤਾ ਬਣ ਜਾਂਦਾ
ਸਿੱਧਾ ਉਸਦੇ ਘਰ ਨੂੰ ਜਾਂਦਾ
ਜਿਸਦੀ ਸੋਚ ਹੈ
ਅਸਲੋਂ ਛੋਟੀ
ਜਿਸਦੀ ਗੋਲਕ
ਬਹੁਤ ਹੈ ਵੱਡੀ
ਸਾਡਾ ਲਹੂ ਅਤੇ ਪਸੀਨਾ
ਇਨ੍ਹਾਂ ਪਗਡੰਡੀਆਂ 'ਤੇ ਵਗਦਾ
ਇਨ੍ਹਾਂ ਰਾਹਾਂ ਉਤੇ ਚਲਦਾ
ਸਰਮਾਏ ਦੇ ਵਿਚ ਵੱਟ ਜਾਂਦਾ ਹੈ
ਉਸਦੀ ਗੋਲਕ ਵੱਸ ਜਾਂਦਾ ਹੈ
ਉਸਦਾ ਹੀ ਬੱਸ ਹੋ ਜਾਂਦਾ ਹੈ!!

- ਸੁਰਿੰਦਰ ਗੀਤ

## ਲੈ ਮਸ਼ਾਲ ਕੋਈ ਤੁਰਦੈ ਹਾਲੇ

ਹੁੰਦੇ ਪਏ ਨੇ ਨਿੱਤ ਘੁਟਾਲੇ।
ਨ੍ਹੇਰ ਨੇ ਖਾਧੇ ਵੇਖ ਉਜਾਲੇ।
ਟੁੱਟੇ ਘਰਾਂ 'ਚ ਵੱਸਣ ਲੋਕ,
ਜਿੰਦਾਂ ਨੂੰ ਕੋਈ ਕਿੰਦਾਂ ਪਾਲੇ।
ਉਝੜ ਰਾਹ 'ਤੇ ਬਿਖੜੇ ਪੈਂਡੇ,
ਹੱਥੀਂ ਅੱਟਣ ਤੇ ਪੈਰੀਂ ਛਾਲੇ।
ਕੁੱਟ-ਕੁੱਟ ਪੱਥਰ ਪੱਥਰ ਹੋਏ,
ਨਰਮ ਸੋਹਲ ਦਿਲ ਜਰੇ ਵਾਲੇ।
ਕਾਲੀਆਂ ਰਾਤਾਂ ਦੇ ਅੰਦਰ ਹੀ,
ਹੁੰਦੇ ਨੇ ਸਭ ਘਾਲੇ ਮਾਲੇ।
ਮਨ ਦੀ ਗੱਲ ਕੋਈ ਕਿੰਦਾਂ ਆਖੂ,
ਹੋਠਾਂ ਤੇ ਲੱਗੇ ਨੇ ਤਾਲੇ।
ਹੱਥਾਂ ਵਿਚੋਂ ਛੁਟਕ ਗਏ ਨੇ,
ਵੇਖੋ! ਕਹੀਆਂ ਤੇਸੇ ਭਾਲੇ।
ਕਲਮਾਂ ਵਾਲਿਓ ਹੁਣ ਤਾਂ ਜਾਗੋ,
ਵੇਖ! ਲਏ ਤੁਸਾਂ ਸਭ ਦੇ ਚਾਲੇ।
ਗੀਤਾਂ ਵਿਚ ਲੋਕ-ਦਰਦ ਸਮੋਵੋ,
ਲੋਕ ਪੀੜ ਦੇ ਗਾਓ ਨਾਲੇ।
'ਸਿੱਧੂਆ' ਵੇਖ ਅਜੇ ਵੀ ਏਥੇ,
ਲੈ ਮਸ਼ਾਲ ਕੋਈ ਤੁਰਦੈ ਹਾਲੇ।

- ਸੁਖਚਰਨ ਸਿੰਘ ਸਿੱਧੂ

# ਦੇਸ਼ ਅੰਦਰ ਯੋਜਨਾਬੱਧ ਢੰਗ ਨਾਲ ਵਿੱਦਿਆ ਦੇ ਭਗਵੀਂਕਰਨ ਦੀਆਂ ਹੋ ਰਹੀਆਂ ਕੋਸ਼ਿਸ਼ਾਂ : ਡਾ. ਪ੍ਰਮਿੰਦਰ










ਲੁਧਿਆਣਾ : ਪੰਜਾਬ ਇਨਕਲਾਬੀ ਵਿਦਿਆਰਥੀ ਲਹਿਰ ਦੇ ਸ਼ਹੀਦ ਪ੍ਰਿਥੀਪਾਲ ਰੰਧਾਵਾ ਦੀ ਯਾਦ ਵਿੱਚ ਉਹਨਾ ਦੇ ਸ਼ਹਾਦਤ ਦਿਵਸ 'ਤੇ ਪ੍ਰਿਥੀਪਾਲ ਰੰਧਾਵਾ ਯਾਦਗਾਰੀ ਕਮੇਟੀ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਸਮਾਗਮ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਕਮੇਟੀ ਮੈਂਬਰਾਂ ਕਸਤੂਰੀ ਲਾਲ, ਰਮਨਜੀਤ ਸੰਧੂ, ਸੁਖਦੇਵ ਭੂੰਦੜੀ, ਲਖਵਿੰਦਰ, ਵਿਜੈ ਨਰਾਇਣ, ਗਲਰ ਚੌਹਾਨ, ਗੁਰਦੀਪ ਬਾਸੀ,ਸੁਰਜੀਤ ਸਿੰਘ ਵੱਲੋਂ ਪ੍ਰਿਥੀਪਾਲ ਰੰਧਾਵਾ ਦੀ ਤਸਵੀਰ ਨੂੰ ਫੁੱਲ ਮਲਾਵਾਂ ਭੇਂਟ ਕਰਨ ਉਪਰੰਤ ਹੋਈ। ਇਸ ਮੌਕੇ ਉਹਨਾ ਦੇ ਸਾਥੀ ਰਹੇ ...ਸਾਬਕਾ ਵਿਦਿਆਰਥੀ ਕੰਵਲਜੀਤ ਖੰਨਾ ਨੇ ਪੰਜਾਬ ਸਟੂਡੈਂਟ ਯੂਨੀਅਨ ਅਤੇ ਸਤਰਵਿਆਂ ਦੀ ਇਨਕਲਾਬੀ ਵਿਦਿਆਰਥੀ ਲਹਿਰ ਦੇ ਇਤਿਹਾਸ ਉੱਪਰ ਵਿਸਥਾਰ ਚ ਚਾਨਣਾ ਪਾਇਆ ਅਤੇ ਪ੍ਰਿਥੀਪਾਲ ਰੰਧਾਵਾ ਨਾਲ ਗੁਜਾਰੇ ਪਲਾਂ ਨੂੰ ਯਾਦ ਕਰਦਿਆਂ ਰੰਧਾਵਾ ਨੂੰ ਦਲੇਰ ਸ਼ਹੀਦ ਸੁੱਘੜ ਸਿਆਣਾ ਆਗੂ ਕਰਾਰ ਦਿੱਤਾ। ਇਸ ਮੌਕੇ ਸਿੱਖਿਆ ਦੇ ਭਗਵੀਂਕਰਨ ਵਿਸ਼ੇ ਤੇ ਗੁਰੂ ਨਾਨਕ ਦੇਵ ਯੂਨੀਵਰਸਟੀ ਅਮਿੰਤ੍ਰਸਰ ਵੱਲੋਂ ਡਾ. ਪ੍ਰਮਿੰਦਰ ਨੇ ਬੋਲਦਿਆਂ ਕਿਹਾ ਕਿ ਦੇਸ਼ ਅੰਦਰ ਮੋਦੀ ਰਾਜ ਆਉਣ ਤੋਂ ਬਾਅਦ ਸੰਘ ਪਰਵਾਰ ਵੱਲੋਂ ਬਕਾਇਦਾ ਯੋਜਨਾਬੱਧ ਢੰਗ ਨਾਲ ਸਿੱਖਿਆ ਸੰਸਥਾਵਾਂ ਦੇ ਪੜਾਈ ਸਿਲੇਬਸਾਂ ਨੂੰ ਮਿਥਿਹਾਸ ਤੇ ਕਾਲਪਨਿਕ ਕਹਾਣੀਆਂ ਮੁਤਾਬਿਕ ਢਾਲ ਕੇ ਹਿੰਦੂਤਵਾਦੀ ਦਲ ਬਣਾਉਣ ਦੀ ਕੋਸ਼ਿਸ਼ਾਂ ਪੂਰੇ ਜੋਰਾਂ ਨਾਲ ਤੇਜ ਕੀਤੀਆ ਹਨ। ਉਹਨਾ ਕਿਹਾ ਕਿ ਮੌਜੂਦਾ ਸਰਮਾਏਦਾਰੀ ਸਾਮਰਾਜੀ ਲੁੱਟ ਦੇ ਦੌਰ 'ਚ ਧਾਰਮਿਕ ਮੂਲਵਾਦ ਨੂੰ ਬੜਾਵਾ ਦੇ ਕੇ ਧਾਰਮਿਕ ਘਟ ਗਿਣਤੀਆਂ ਲਈ ਜਮਹੂਰੀਅਤ ਬਸੇਬਾ ਖਤਮ ਕੀਤੇ ਜਾ ਰਹੇ ਹਨ। ਉਹਨਾਂ ਜਵਾਹਰ ਲਾਲ ਨਹਿਰੂ ਨੂੰ ਧਰਮ ਨਿਰਪੱਖ ਅਤੇ ਕਾਂਗਰਸ ਨੂੰ ਵੀ ਗੈਰ ਫਿਰਕੂ ਕਰਾਰ ਦੇਣਾ ਵੀ ਗਲਤ ਕਿਹਾ। ਵਿਦਿਆ ਦਾ ਭਗਵੀਕਰਨ ਅਸਲ ਵਿੱਚ ਵਿਦਿਆ ਦਾ ਫਿਰਕੂਕਰਨ ਹੈ। ਉਹਨਾਂ ਕਿਹਾ ਕਿ ਕਾਂਗਰਸ ਨੇ ਦੇਸ਼ ਵਿੱਚ ਸਿੱਖਾਂ ਨੂੰ ਫਿਰਕੂ ਨਫਰਤ ਦਾ ਅਤੇ ਬੀ.ਜੇ.ਪੀ ਨੇ ਮੁਸਲਮਾਨਾ ਤੇ ਇਸਾਈਆਂ ਨੂੰ ਫਿਰਕੂ ਨਫਰਤ ਦੀ ਜੋ ਸੱਟ ਮਾਰੀ ਹੈ, ਨੇ ਸਾਬਤ ਕੀਤਾ ਹੈ ਕਿ ਦੋਵੇਂ ਹਾਕਮ ਪਾਰਟੀਆਂ ਆਪਣੇ ਰਾਜ ਦੀ ਸਲਾਮਤੀ ਲਈ ਫਿਰਕਾਪ੍ਰਸਤ ਦਾ ਦਾਅ ਕਿਸੇ ਵੀ ਹੱਦ ਤੱਕ ਵਰਤ ਸਕਦੀਆਂ ਹਨ। ਇਸ ਮੌਕੇ ਜੋਗਿੰਦਰ ਅਜ਼ਾਦ, ਛਿੰਦਰਪਾਲ, ਕੰਵਲਜੀਤ ਖੰਨਾ, ਕਸਤੂਰੀ ਲਾਲ, ਰਮਨਜੀਤ ਸੰਧੂ, ਸੁਖਦੇਵ ਭੂੰਦੜੀ, ਨਾਇਬ ਸਿੰਘ, ਸੁਰਿੰਦਰ ਸ਼ਰਮਾ ਨੇ ਵੀ ਆਪਣੇ ਵਿਚਾਰ ਰੱਖੇ। ਸਮਾਗਮ ਦੇ ਅੰਤ ਵਿੱਚ ਔਰਬਿਟ ਬੱਸ ਕਾਂਡ ਵਿਰੋਧੀ ਸੰਘਰਸ ਦੌਰਾਨ ਗ੍ਰਿਫਤਾਰ ਕੀਤੇ ਵਿਦਿਆਰਥੀਆਂ ਨੂੰ ਬਿਨਾ ਸਰਤ ਰਿਹਾਅ ਕਰਨ, ਪੂਨਾ ਫਿਲਮ ਇੰਡਸਟਰੀ ਦੇ ਹੜਤਾਲੀ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ,ਸਾਥੀ ਵਰਿੰਦਰ ਦਿਵਾਨਾ ਖਿਲਾਫ ਉੱਪਰ ਪਾਏ ਗਏ ਪੁਲਿਸ ਕੇਸ ਦੀ ਨਿਖੇਧੀ ਕੀਤੀ ਗਈ। ਸਮੁੱਚੇ ਸਮਾਗਮ ਦੀ ਮੰਚ ਸੰਚਾਲਨਾ ਲਖਵਿੰਦਰ ਵੱਲੋਂ ਕੀਤੀ ਗਈ। ਇਸ ਮੌਕੇ ਹੋਰਨਾ ਤੋਂ ਇਲਾਵਾ ਹਰਦੇਵ ਮੁੱਲਾਂਪੁਰ, ਰਾਮ ਸਿੰਘ ਹਠੂਰ, ਹਰੀਸ ਪੱਖੋਵਾਲ, ਸੁਖਵਿੰਦਰ ਲੀਲ੍ਹ, ਸਤੀਸ ਸੱਚਦੇਵਾ, ਹਰਪ੍ਰੀਤ ਜੀਰਖ, ਜਸਵੰਤ ਜੀਰਖ, ਅਮਰੀਕ ਤਲਵੰਡੀ, ਧਰਮ ਸਿੰਘ, ਕਰਨੈਲ ਸਿੰਘ, ਇਕਬਾਲ ਬਰਮੀ, ਸਮਰ ਆਦਿ ਹਾਜ਼ਰ ਸਨ।

# ਸੰਪਾਦਕ ਦੀ ਕੈਨੇਡਾ ਫੇਰੀ ਬਾਰੇ ਇਕ ਸੰਖੇਪ ਰਿਪੋਰਟ

(ਸ.ਫ਼ਾ 17 ਦੀ ਬਾਕੀ)

ਗਈ। ਜਿਸ ਵਿਚ ਇਸ ਖੇਤਰ ਦੇ ਤਰਕਸ਼ੀਲ ਅਤੇ ਹੋਰ ਅਗਾਂਹਵਧੂ ਸ਼ਖਸੀਅਤਾਂ ਨੇ ਭਰਵੇਂ ਰੂਪ 'ਚ ਹਿਸਾ ਲਿਆ ਅਤੇ ਮੁੱਖ ਵਕਤਾ ਨਾਲ ਵਿਸਤਾਰ 'ਚ ਸਵਾਲ-ਜਵਾਬ ਹੋਏ।

ਚੇਤਨਾ ਕੈਨੇਡਾ ਵਲੋਂ 18 ਮਈ ਨੂੰ ਦਲਿਤ ਕਾਰਕੁੰਨ ਜੈਬਿਰਦੀ ਹੋਰਾਂ ਦੀ ਪਹਿਲਕਦਮੀਂ ਨਾਲ "ਗਾਇਕੀ ਵਿਚ ਜਾਤ ਹੰਕਾਰ ਅਤੇ ਮੁਤਬਾਦਲ ਮੀਡੀਆ ਦੀ ਭੂਮਿਕਾ" ਬਾਰੇ ਵਿਚਾਰ-ਚਰਚਾ ਕਰਵਾਈ ਗਈ। ਜਿਸ ਵਿਚ ਬੂਟਾ ਸਿੰਘ, ਗੁਰਪ੍ਰੀਤ ਸਿੰਘ, ਡਾ. ਸੁਖਵੰਤ ਹੁੰਦਲ, ਕਮਲੇਸ਼ ਅਤੇ ਹੋਰ ਹਾਜ਼ਰੀਨ ਵਲੋਂ ਇਸ ਵਿਸ਼ੇ ਉਪਰ ਭਰਵੀਂ ਵਿਚਾਰ-ਚਰਚਾ ਕੀਤੀ ਗਈ।

19 ਮਈ ਨੂੰ ਈਸਟ ਇੰਡੀਆ ਡਿਫੈਂਸ ਕਮੇਟੀ ਅਤੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵਲੋਂ ਮਿਲਕੇ ਪ੍ਰੋਫੈਸਰ ਜੀ.ਐੱਨ.ਸਾਈਬਾਬਾ ਦੀ ਰਿਹਾਈ ਨੂੰ ਲੈ ਕੇ ਸਰੀ ਵਿਚ ਰੋਸ-ਵਿਖਾਵਾ ਕੀਤਾ ਗਿਆ। ਜਿਸ ਨੂੰ ਹਰਭਜਨ ਚੀਮਾ, ਪਰਮਿੰਦਰ ਸਵੈਚ, ਗੁਰਪ੍ਰੀਤ ਸਿੰਘ, ਲੱਖਾ ਖੁਣਖੁਣ, ਬੂਟਾ ਸਿੰਘ ਅਤੇ ਹੋਰ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਹਿੰਦੁਸਤਾਨੀ ਰਾਜ ਵਲੋਂ ਕੀਤੇ ਜਾ ਰਹੇ ਵਹਿਸ਼ੀ ਜਬਰ ਤੇ ਸਿਆਸੀ ਕੈਦੀਆਂ ਦੇ ਦਮਨ ਬਾਰੇ ਚਰਚਾ ਕੀਤੀ ਗਈ ਅਤੇ ਸਾਈਬਾਬਾ ਦੀ ਰਿਹਾਈ ਦੀ ਮੰਗ ਕੀਤੀ।

ਇਨ੍ਹਾਂ ਮੁੱਖ ਪ੍ਰੋਗਰਾਮਾਂ ਦੇ ਨਾਲ-ਨਾਲ ਰੇਡੀਓ ਹੋਸਟ ਗੁਰਪ੍ਰੀਤ ਸਿੰਘ ਨਾਲ ਸਪਾਈਸ ਰੇਡੀਓ ਉਪਰ ਅਤੇ ਕਮਲਜੀਤ ਸਿੰਘ ਥਿੰਦ ਹੋਰਾਂ ਦੇ 'ਮਹਿਕ ਪੰਜਾਬ ਦੀ' ਟੀ.ਵੀ. ਪ੍ਰੋਗਰਾਮ ਵਿਚ ਗੁਰਪ੍ਰੀਤ ਸਿੰਘ ਨਾਲ ਵਿਸਤਾਰਤ ਸੰਵਾਦ ਹੋਏ। ਇਸ ਤੋਂ ਇਲਾਵਾ, ਡਾ. ਗੁਰਵਿੰਦਰ ਸਿੰਘ ਧਾਲੀਵਾਲ ਨਾਲ ਮੀਡੀਆ ਵੇਵਜ਼ ਰੇਡੀਓ ਉਪਰ, ਸੁਰ-ਸਾਗਰ ਟੀ.ਵੀ. ਪ੍ਰੋਗਰਾਮਾਂ ਵਿਚ ਚਰਨਜੀਤ ਸਿੰਘ ਬਰਾੜ ਅਤੇ ਰਾਣਾ ਰਣਧੀਰ ਸਿੰਘ ਸਿੱਧੂ ਨਾਲ, ਨਗਾਰਾ ਰੇਡੀਓ ਉਪਰ ਚਰਨਜੀਤ ਸਿੰਘ ਬਰਾੜ ਨਾਲ, ਪ੍ਰਵਾਸੀ ਰੇਡੀਓ ਉਪਰ ਰਾਜਿੰਦਰ ਸੈਣੀ ਨਾਲ ਵਿਸਤਾਰ 'ਚ ਹਿੰਦੁਸਤਾਨ ਦੇ ਹਾਲਾਤ ਬਾਰੇ ਸਵਾਲ-ਸੰਵਾਦ ਹੋਏ ਅਤੇ ਸਰੋਤਿਆਂ ਦੇ ਸਵਾਲਾਂ ਨੂੰ ਵੀ ਮੁਖ਼ਾਤਿਬ ਹੋਇਆ ਗਿਆ। ਇਨ੍ਹਾਂ ਤੋਂ ਇਲਾਵਾ, ਕੈਲਗਰੀ, ਟੋਰਾਂਟੋ ਦੇ ਹੋਰ ਕਈ ਰੇਡੀਓ ਪ੍ਰੋਗਰਾਮਾਂ ਵਿਚ ਵੀ ਸੰਪਾਦਕ ਵਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਗੁਰਪ੍ਰੀਤ ਸਿੰਘ ਹੋਰਾਂ ਦੇ ਉੱਦਮ ਨਾਲ ਸਥਾਨਕ ਆਦਿਵਾਸੀ ਭਾਈਚਾਰਿਆਂ ਵਿਚ ਨਿੱਠਕੇ ਕੰਮ ਕਰ ਰਹੇ ਕਈ ਸਮਰਪਿਤ ਕਾਰਕੁੰਨਾਂ ਨਾਲ ਮੁਲਾਕਾਤਾਂ ਹੋਈਆਂ ਅਤੇ ਬਹੁਤ ਸਾਰੇ ਅਗਾਂਹਵਧੂ ਦੋਸਤਾਂ ਨਾਲ ਛੋਟੇ-ਛੋਟੇ ਗਰੁੱਪਾਂ ਵਿਚ ਵੀ ਅਣਗਿਣਤ ਚਰਚਾਵਾਂ ਹੋਈਆਂ। ਇਹ ਸਾਰੇ ਹੀ ਬਹੁਤ ਹੀ ਸੰਜੀਦਾ ਅਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਅਤੇ ਸੰਵਾਦ ਸਨ ਜਿਨ੍ਹਾਂ ਰਾਹੀਂ ਸੁਲਗਦੇ ਪਿੰਡ ਅਤੇ ਬਾਬਾ ਬੂਝਾ ਸਿੰਘ ਪ੍ਰਕਾਸ਼ਨ ਦੇ ਉਦੇਸ਼ ਤੇ ਵਿਚਾਰ ਪ੍ਰਵਾਸੀ ਪੰਜਾਬੀਆਂ ਅਤੇ ਹੋਰ ਲੋਕਾਂ ਤਕ ਲੈ ਕੇ ਜਾਣ ਦਾ ਮੌਕਾ ਹਾਸਲ ਹੋਇਆ। ਇਹ ਗੁਰਪ੍ਰੀਤ ਸਿੰਘ, ਪਰਸ਼ੋਤਮ ਦੋਸਾਂਝ, ਕਮਲਜੀਤ ਸਿੰਘ ਥਿੰਦ, ਹਰਦੇਵ ਸਿੰਘ, ਮਾਸਟਰ ਭਜਨ ਸਿੰਘ ਗਿੱਲ (ਕੈਲਗਰੀ), ਕਸ਼ਮੀਰ ਸਿੰਘ ਮੰਢਾਲੀ, ਹਰਬੰਸ ਸਿੰਘ (ਬਰੈਂਪਟਨ) ਅਤੇ ਹੋਰ ਦਰਜਨਾਂ ਸਾਥੀਆਂ ਦੀ ਮਿਹਨਤ ਦੀ ਬਦੌਲਤ ਅਤੇ ਈਸਟ ਇੰਡੀਆ ਡਿਫੈਂਸ ਕਮੇਟੀ ਅਤੇ ਤਰਕਸ਼ੀਲ ਸੁਸਾਇਟੀ ਆਫ ਕੈਨੇਡਾ ਵਰਗੀਆਂ ਅਗਾਂਹਵਧੂ ਸੰਸਥਾਵਾਂ ਦੇ ਸਹਿਯੋਗ ਨਾਲ ਸੰਭਵ ਹੋਇਆ।

ਇਸ ਫੇਰੀ ਦੇ ਅਖ਼ੀਰ 'ਚ ਚੜ੍ਹਦੀਕਲਾ (ਕੈਨੇਡਾ) ਵਿਚ ਪੱਤਰਕਾਰ ਗੁਰਪ੍ਰੀਤ ਸਿੰਘ ਸਹੋਤਾ ਵਲੋਂ ਦਿੱਤੀ ਗਈ ਇਕ ਰਿਪੋਰਟ ਤੋਂ ਕੁਝ ਹਲਕਿਆਂ ਨੇ ਇਹ ਪ੍ਰਭਾਵ ਲਿਆ ਕਿ ਸੰਪਾਦਕ ਵਲੋਂ ਖ਼ਾਲਿਸਤਾਨੀ ਲਹਿਰ ਵਲੋਂ 80ਵਿਆਂ 'ਚ ਸੀ.ਪੀ.ਆਈ.-ਸੀ.ਪੀ.ਐੱਮ. ਦੇ ਆਗੂਆਂ/ਕਾਰਕੁੰਨਾਂ ਦੇ ਕਤਲਾਂ ਦੀ ਹਮਾਇਤ ਕੀਤੀ ਗਈ ਹੈ। ਇਹ ਸਵਾਲ ਕੁਝ ਸਾਥੀਆਂ ਵਲੋਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਇਜਲਾਸ ਵਿਚ ਵੀ ਉਠਾਇਆ ਗਿਆ। ਸੰਪਾਦਕ ਨੇ ਸਪਸ਼ਟ ਕੀਤਾ ਕਿ ਇਨ੍ਹਾਂ ਪਾਰਟੀਆਂ ਵਲੋਂ ਖ਼ਾਲਸਤਾਨੀ ਲਹਿਰ ਦੌਰਾਨ ਸਰਕਾਰ ਨਾਲ ਮਿਲਕੇ ਚੱਲਣ ਦੀ ਨੀਤੀ ਦੀ ਮੇਰੇ ਵਲੋਂ ਆਲੋਚਨਾ ਦਾ ਭਾਵ ਇਹ ਨਹੀਂ ਕਿ ਅਸੀਂ ਆਮ ਲੋਕਾਂ ਅਤੇ ਵੱਖਰੇ ਵਿਚਾਰਾਂ ਵਾਲੇ ਕਾਰਕੁੰਨਾਂ ਦੇ ਕਤਲਾਂ ਨੂੰ ਸਹੀ ਸਮਝਦੇ ਹਾਂ। ਉਸ ਵਲੋਂ ਇਸ ਤਰ੍ਹਾਂ ਦੇ ਵਿਚਾਰ ਨਹੀਂ ਪੇਸ਼ ਕੀਤੇ ਗਏ। ਸਮੱਸਿਆ ਪੱਤਰਕਾਰ ਵਲੋਂ ਵਿਚਾਰ-ਚਰਚਾ ਦੀ ਆਪਣੇ ਸ਼ਬਦਾਂ 'ਚ ਕੀਤੀ ਪੇਸ਼ਕਾਰੀ ਵਿਚ ਹੈ। ਇਸ ਸਬੰਧ 'ਚ ਸੰਪਾਦਕ ਵਲੋਂ ਲਿਖਤੀ ਸਪਸ਼ਟੀਕਰਨ ਅਖ਼ਬਾਰ ਦੇ ਸੰਪਾਦਕ ਨੂੰ ਵੀ ਭੇਜ ਦਿੱਤਾ ਗਿਆ ਹੈ।

# ਅਮਰੀਕਾ ਅੰਦਰ ਦਰਦਨਾਊਂਦਾ ਨਸਲਵਾਦੀ ਮਾਰੂ ਦੈਂਤ



**ਦਰਬਾਰਾ ਸਿੰਘ ਕਾਹਲੋਂ**

ਵਿਸ਼ਵ ਮਹਾਂਸ਼ਕਤੀ ਕਹਾਉਂਦੇ ਅਮਰੀਕਾ ਦਾ ਕਿੱਡਾ ਵੱਡਾ ਚਿੰਤਾਜਨਕ ਦੁਖਾਂਤ ਹੈ ਕਿ ਨਸਲਵਾਦੀ ਹਿੰਸਾ ਲਗਾਤਾਰ ਬੇਲਗਾਮ ਇਸਦੇ ਸਮਾਜਿਕ, ਭਾਈਚਾਰਕ, ਆਰਥਿਕ, ਧਾਰਮਿਕ, ਸੰਸਥਾਤਮਿਕ ਢਾਂਚੇ ਨੂੰ ਆਪਣੇ ਹਮਲਿਆਂ ਰਾਹੀਂ ਖੋਖਲਾ ਅਤੇ ਕਮਜ਼ੋਰ ਕਰ ਰਹੀ ਹੈ ਅਤੇ ਇਸਕੋਲਇਸ ਦੀ ਰੋਕਥਾਮ ਲਈ ਅਜੇ ਤੱਕ ਕੋਈ ਰਾਸ਼ਟਰੀ ਨੀਤੀ ਹੀ ਨਹੀਂ ਹੈ।

ਬੁੱਧਵਾਰ, 17 ਜੂਨ, 2015 ਨੂੰ 21 ਸਾਲਾ ਗੋਰਾ ਨਸਲਵਾਦੀ ਮਾਰੂ ਮਾਨਸਿਕਤਾ ਨਾਲ ਬਲਰੇਜ਼, ਡਾਇਲਨ ਰੂਫ਼ ਦੱਖਣੀ ਕੈਰੋਲੀਨਾ ਸੂਬੇ ਦੇ ਸ਼ਹਿਰ ਚਾਰਲੈਸਟਨ ਦੇ ਕਰੀਬ ਸੰਨ 1816 ਵਿਚ ਉਸਾਰੇ ਇਤਿਹਾਸਕ ਈਮੈਨੂਅਲ ਅਫ਼ਰੀਕਨ ਮੈਥੋਡਿਸਟ ਐਪੀਸਕੋਪਲ ਚਰਚ ਵਿਚ ਆਪਣੀ ਗੰਨ ਨਾਲ ਦਾਖ਼ਲ ਹੁੰਦਾ ਹੈ। ਕਰੀਬ ਇਕ ਘੰਟਾ ਪ੍ਰਾਰਥਨਾ ਕਰਨ ਆਏ ਕਾਲੇ ਲੋਕਾਂ ਵਿਚ ਰਹਿੰਦਾ ਹੈ। ਬਾਈਬਲ ਦੇ ਪਵਿੱਤਰ ਉਪਦੇਸ਼ ਚਲ ਰਹੇ ਹੁੰਦੇ ਹਨ। ਇਹ ਉਹ ਘੜੀਆਂ ਪਲ ਸਨ ਜਦੋਂ ਮੌਜੂਦ ਲੋਕ ਬਿਲਕੁਲ ਪ੍ਰਭੂ ਦੇ ਕਰੀਬ ਸਨ। ਐਨ ਉਸ ਸਮੇਂ ਨਸਲਵਾਦੀ ਮਾਰੂ ਮਾਨਸਿਕਤਾ ਵਾਲਾ ਗੋਰਾ ਨੌਜਵਾਨ ਰੂਫ਼ ਆਪਣੀ ਗੰਨ ਦਾ ਫਾਇਰ ਬੇਕਿਰਕੀ ਨਾਲ ਖੋਲਦਾ ਹੈ ਅਤੇ ਖਲਕ ਝਪਟਦੇ ਹੀ 26 ਤੋਂ 87 ਸਾਲ ਦੀ ਉਮਰ ਦੇ 9 ਕਾਲੇ ਪ੍ਰਾਰਥਨਾ ਕਰਤਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਹੈ। ਅਜੇ 60 ਦਿਨ ਪਹਿਲਾਂ ਹੀ ਦੱਖਣੀ ਚਾਰਲੈਸਟਨ ਵਿਚ ਇਕ ਨਸਲਵਾਦੀ ਗੋਰੇ ਪੁਲਿਸ ਕਰਮਚਾਰੀ ਨੇ ਵਾਲਟਰ ਸਕਾਟ ਨਾਮਕ ਕਾਲੇ ਨੂੰ ਬਗੈਰ ਕਿਸੇ ਗੁਨਾਹ ਦੇ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਅਮਰੀਕਾ ਦੇ ਕਾਲੇ ਪ੍ਰਧਾਨ ਬਰਾਕ ਓਬਾਮਾ ਦੇ ਪਹਿਲੇ ਅਤੇ ਇਸ ਦੂਸਰੇ ਪ੍ਰਧਾਨਗੀ ਕਾਰਜਕਾਲ ਵਿਚ ਐਸੇ ਮਾਰੂ ਨਸਲਘਾਤੀ ਹਮਲੇ ਜਾਰੀ ਹਨ। ਇਸ ਤੋਂ ਪਤਾ ਚਲਦਾ ਹੈ ਕਿ ਇਸ ਦੇਸ਼ ਅੰਦਰ ਨਸਲਵਾਦੀ ਸ਼ਕਤੀਆਂ, ਨਫ਼ਰਤ, ਹਿੰਸਾ, ਸਮਾਜਿਕ ਵੰਡ ਅਤੇ ਮਿਸ਼ਨ ਕਿੰਨੇ ਤਾਕਤਵਰ ਹਨ। ਆਪਣੇ ਮਿਸ਼ਨ ਨੂੰ ਅੰਜਾਮ ਦੇਣ ਲਈ ਉਨ੍ਹਾਂ ਨੂੰ ਰੱਬ ਅਤੇ ਉਸਦੇ ਘਰ ਦਾ ਵੀ ਜ਼ਰਾ ਖ਼ੌਫ਼ ਨਹੀਂ। ਉਹ ਐਸੇ ਹਮਲੇ ਨਸਲਘਾਤੀ ਤਹਿਤ ਯੋਜਨਾਬੱਧ ਢੰਗ ਨਾਲ ਅੰਜਾਮ ਦਿੰਦੇ ਹਨ।

ਨਸਲਘਾਤ ਅਤੇ ਚਰਚਾ 'ਤੇ ਹਮਲੇ ਅਮਰੀਕੀ ਹਿੰਸਕ ਅਤੇ ਮਨੋਰੋਗੀ ਸਮਾਜ ਵਿਚ ਨਵੇਂ ਨਹੀਂ ਹਨ। ਜੂਨ, 1958 ਵਿਚ ਬੇਥਲ ਬਾਪਤਿਸਟ ਚਰਚ, ਬਰਮਿੰਘਮ (ਅਲਬਾਮਾ) ਵਿਚ ਡਾਇਨਾਮਾਈਟ ਬੰਬ ਨਾਲ ਗੋਰੇ ਨਸਲਘਾਤੀ ਨੇ ਹਮਲਾ ਕੀਤਾ। ਉਸ ਨੂੰ ਸਜ਼ਾ ਲਈ ਕਾਲੇ ਸਮਾਜ ਨੂੰ ਕਰੀਬ ਦੋ ਦਹਾਕੇ ਕਾਨੂੰਨੀ ਲੜਾਈ ਲੜਨੀ ਪਈ। ਸੰਨ 1963 ਵਿਚ ਬਾਪਤਿਸਟ ਚਰਚ ਅਲਬਾਮਾ ਵਿਚ ਚਾਰ ਲੜਕੀਆਂ ਨੂੰ ਇਕ ਬੰਬ ਹਮਲੇ ਵਿਚ ਮਾਰ ਦਿੱਤਾ ਗਿਆ। ਸੰਨ 1964 ਵਿਚ ਕਾਲੇ ਲੋਕਾਂ ਦੇ ਚਰਚਾਂ ਨੂੰ ਮਿਸਿਸਿੱਪੀ ਵਿਚ ਨਿਸ਼ਾਨਾ ਬਣਾਇਆ ਗਿਆ।

ਚਰਚਾ ਦੇ ਵਿਹੜਿਆਂ ਅਤੇ ਹਾਲਾਂ ਵਿਚ ਕਾਲਿਆਂ ਨੂੰ ਨਿਸ਼ਾਨਾ ਬਣਾਉਣਾ ਲਗਾਤਾਰ ਜਾਰੀ ਰਿਹਾ। ਜੁਲਾਈ 1993 ਵਿਚ ਐਫ. ਬੀ. ਆਈ. ਨੇ ਲਾਜ ਏਂਜਲਸ ਚਰਚ ਵਿਚ 1996 ਵਿਚ ਟੇਨੇਸੀ ਅੰਦਰ ਨੌਕਸਵਿਲੇ ਸ਼ਹਿਰ ਦੇ ਅੰਦਰੂਨੀ ਚਰਚ ਨੂੰ ਨਿਸ਼ਾਨਾ ਬਣਾਇਆ ਗਿਆ। ਹਮਲਿਆਂ ਦੀ ਲਗਾਤਾਰਤਾ ਨੂੰ ਰੋਕਣ ਲਈ ਪ੍ਰਧਾਨ ਕਲਿੰਟਨ ਨੇ ਸੰਨ 1996 ਵਿਚ ਇਕ ਟਾਸਕ ਫੋਰਸ ਜ਼ਰੂਰ ਗਠਤ ਕੀਤੀ ਪਰ ਰਾਸ਼ਟਰੀ, ਸੂਬਾਈ ਅਤੇ ਸਥਾਨਕ ਪੱਧਰ ਤੇ ਕਾਲੇ ਅਫਰੀਕਨ ਅਮਰੀਕਨ ਲੋਕਾਂ ਪ੍ਰਤੀ ਨਸਲਵਾਦੀ ਨਫ਼ਰਤ, ਨਸਲਘਾਤੀ ਹਮਲੇ ਅਤੇ ਗੋਰੇ ਨਸਲਵਾਦੀ ਸੰਗਠਨਾਂ ਦੇ ਹੱਲ ਲਈ ਕੋਈ ਨੀਤੀਗਤ ਕਦਮ ਨਹੀਂ ਪੁੱਟੇ। ਸਿਰਫ਼ ਦੱਖਣੀ ਕੈਰੋਲੀਨਾ ਸੂਬੇ ਵਿਚ ਇਕ ਸਰਵੇ ਅਨੁਸਾਰ ਸੰਨ 1977 ਤੋਂ 1950 ਤੱਕ 164 ਕਾਲੇ ਅਫ਼ਰੀਕਨ-ਅਮਰੀਕਨ ਮਾਰ ਦਿੱਤੇ ਗਏ।

ਵਿਸ਼ਵ ਮਹਾਂਸ਼ਕਤੀ ਅਮਰੀਕਾ, ਇਸ ਦੇ ਸੱਭਯ ਕਹਾਉਂਦੇ ਸਮਾਜ, ਤਾਕਤਵਰ ਲੋਕਤੰਤਰ ਦੇ ਮੱਥੇ 'ਤੇ ਕੀ ਇਹ ਬਦਨੁਮਾਂ ਦਾਗ਼ ਨਹੀਂ, ਕਿ ਇਸ ਅੰਦਰ ਲਗਾਤਾਰ ਰੱਬ ਦੇ ਘਰ ਚਰਚ ਨੂੰ ਨਸਲਘਾਤੀ ਹਿੰਸਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਕਾਲੇ ਅਫ਼ਰੀਕਨ-ਅਮਰੀਕਨ ਲੋਕਾਂ ਦੀਆਂ ਧਾਰਮਿਕ ਆਜ਼ਾਦੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਚਰਚ ਹਮੇਸ਼ਾ ਮਨੁੱਖੀ ਆਜ਼ਾਦੀ, ਅਹਿੰਸਾ, ਪ੍ਰੇਮ, ਮਾਨਵ ਸੇਵਾ, ਸੰਜਮ ਅਤੇ ਵਿਕਾਸ ਦੇ ਮੁਜੱਸਮੇਂ ਵਜੋਂ ਜਾਣਿਆ ਜਾਂਦਾ ਹੈ। ਇਸ ਮੁੱਕਦੱਸ-ਗਾਹ ਨੂੰ ਨਸਲਘਾਤੀ ਹਮਲਿਆਂ ਦਾ ਸ਼ਿਕਾਰ ਬਣਾਉਣਾ ਬੀਮਾਰ ਮਾਨਸਿਕਤਾ ਵਾਲਿਆਂ ਅਸੱਭਯ ਕੌਮਾਂ ਦਾ ਮੁਰਖਾਨਾ ਅਣਮਨੁੱਖੀ ਕਾਰਜ ਮੰਨਿਆ ਜਾਂਦਾ ਹੈ। ਅਜੋਕੇ ਸੱਭਯ 21ਵੀਂ ਸਦੀ ਦੇ ਦੌਰ ਵਿਚ ਅਮਰੀਕਾ ਅੱਜ ਕਿਥੇ ਖੜ੍ਹਾ ਹੈ? ਇਸ ਤੋਂ ਵੱਡਾ ਹੋਰ ਕੀ ਸਬੂਤ ਹੋ ਸਕਦਾ ਹੈ। ਐਸੀ ਅਮਰੀਕੀ ਕੌਮ ਨੂੰ ਕੀ ਦੂਸਰੇ ਦੇਸ਼ਾਂ ਨੂੰ ਮਨੁੱਖੀ ਆਜ਼ਾਦੀ ਦੀਆਂ ਉਲੰਘਣਾਵਾਂ ਦੇ ਦੋਸ਼ੀ ਠਹਿਰਾਉਣਾ, ਉਨ੍ਹਾਂ ਵਿਰੁੱਧ ਆਰਥਿਕ ਅਤੇ ਫੌਜੀ ਪਾਬੰਦੀਆਂ ਲਗਾਉਣਾ ਸ਼ੋਭਦਾ ਹੈ।

**ਪ੍ਰਧਾਨ ਓਬਾਮਾ ਦੀ ਚੋਣ:**

ਹਕੀਕਤ ਤਾਂ ਇਹ ਹੈ ਦਿਕ ਨਸਲਪ੍ਰਸਤ ਵਡੱਵਾਦ ਨੇ ਅਮਰੀਕੀ ਸਮਾਜ ਨੂੰ ਬਹੁਤ ਵੱਡਾ ਨੁਕਸਾਨ ਪਹੁੰਚਾਇਆ ਅਤੇ ਇਹ ਨਸਲਪ੍ਰਸਤੀ, ਵੰਡਵਾਦ ਅਤੇ ਹਿੰਸਕ ਅਤੇ ਸੰਸਥਾਗਤ ਨੁਕਸਾਨ ਬਾਦਸਤੂਰ ਜਾਰੀ ਹੈ। ਭਾਰਤ ਅੰਦਰ ਮਨੂੰਵਾਦੀ ਵੰਡ ਅਨੁਸਾਰ ਸਮਾਜ ਦੀ ਵੰਡ, ਜਬਰ, ਜਾਤੀਵਾਦੀ ਵੰਡ, ਹਿੰਸਾ ਅਤੇ ਜਬਰ, ਇਥੋਂ ਤੱਕ ਕਿ ਖਾਲਸਾ ਪੰਥ ਆਧਾਰਤ ਸਿੱਖ ਸਮਾਜ ਅੰਦਰ ਜਾਤੀਵਾਦੀ ਵੰਡ ਤੋਂ ਅਮਰੀਕੀ ਸਮਾਜ ਦੀ ਰੰਗ ਭੇਦ, ਇਲਾਕਾਈ ਵੰਡ ਕੋਈ ਵੱਖਰੀ ਨਹੀਂ। ਹਿੰਦੂ ਸਮਾਜ ਅੰਦਰ ਦਲਿਤਾਂ ਦੇ ਵੱਖਰੇ ਮੰਦਰ, ਸਿੱਖ ਸਮਾਜ ਅੰਦਰ ਦਲਿਤ ਅਤੇ ਜਾਤੀਵਾਦੀ ਵੱਖਰੇ ਗੁਰਦੁਆਰੇ, ਅਮਰੀਕੀ ਸਮਾਜ ਅੰਦਰ ਕਾਲੇ ਅਫਰੀਕਨ-ਅਮਰੀਕਨਾਂ, ਹਿਸਪੈਨਕਾਂ ਦੇ ਵੱਖਰੇ ਚਰਚਾਂ ਵਾਂਗੂੰ ਹੀ ਉਸਾਰੇ ਮਿਲਦੇ ਹਨ। ਐਸੀ ਹੀ ਦਲਿਤ ਮੰਦਰਾਂ, ਗੁਰਦੁਆਰਿਆਂ ਅਤੇ ਹੋਰ ਖਾਨਗਾਹਾਂ ਵਾਂਗ ਨਫ਼ਰਤ, ਵਿਰੋਧ, ਹਿੰਸਾ ਅਫਰੀਕਨ-ਅਮਰੀਕਨ, ਹਿਸਪੈਨਿਕ ਚਰਚਾਂ ਵਿਰੁੱਧ ਜਾਰੀ ਹੈ। ਇਹ ਬਹੁਤ ਡਰਾਉਣੀ, ਮਾਰੂ, ਵੰਡਵਾਦੀ ਅਤੇ ਲਗਾਤਾਰ ਅਸੁਰੱਖਿਆ ਦਾ ਡਰ ਕਾਇਮ ਰੱਖਣ ਵਾਲੀ ਹੈ।



ਪ੍ਰਧਾਨ ਓਬਾਮਾ ਜੋ ਕਾਲੇ ਅਫਰੀਕਨ-ਅਮਰੀਕਨ ਸਮਾਜ ਨਾਲ ਤੁਅੱਲਕ ਰੱਖਦੇ ਹਨ, ਦੀ ਸੰਨ 2008 ਅਤੇ ਫਿਰ ਸੰਨ 2012 ਵਿਚ ਪ੍ਰਧਾਨਗੀ ਪਦ ਲਈ ਚੋਣ ਅਮਰੀਕੀ ਸਮਾਜ ਅੰਦਰ ਵੱਡੇ ਕਾਲੇ ਗੋਰੇ ਹਿਸਪੈਨਿਕ ਸਮਾਜ ਅੰਦਰ ਭਾਈਚਾਰਕ ਸਾਂਝ ਅਤੇ ਇਕਜੁਟਤਾ ਦਾ ਸਬੂਤ ਮੰਨੀ ਜਾਂਦੀ ਸੀ। ਅਮਰੀਕਾ ਅੰਦਰ ਕਰੀਬ 14.2 ਪ੍ਰਤੀਸ਼ਤ ਲੋਕ ਕਾਲੇ ਹਨ ਪਰ ਸੰਨ 2012 ਦੀਆਂ ਪ੍ਰਧਾਨਗੀ ਪਦ ਦੀਆਂ ਚੋਣਾਂ ਵਿਚ ਕਾਲੇ ਲੋਕਾਂ ਨੇ ਔਸਤ ਵਜੋਂ ਗੋਰਿਆਂ ਨਾਲੋਂ ਵੱਧ ਵੋਟਾਂ ਪਾਈਆਂ। ਵਾਈਟ ਹਾਊਸ ਵਿਚ ਕਾਲੀ ਫਸਟ ਔਰਤ ਅਤੇ ਦੇਸ਼ ਦੇ ਕਾਲੇ ਮੂਲ ਦੇ ਅਟਾਰਨੀ ਜਨਰਲ, ਪ੍ਰਸ਼ਾਸਨ, ਬਿਜ਼ਨਿਸ, ਵਿਦੇਸ਼ ਮਹਿਕਮੇ ਵਿਚ ਕਾਲੇ ਲੋਕਾਂ ਦੀ ਮੌਜੂਦਗੀ ਨਾਲ ਇੰਝ ਲਗਨ ਲਗਾ ਜਿਵੇਂ 'ਨਸਲਵਾਦੀ ਕਾਲ' ਦੇ ਬਾਅਦ ਦਾ ਸਮਾਂ ਪਰਤ ਆਇਆ ਹੈ। ਲੇਕਿਨ ਇਹ ਮਹਿਜ਼ ਛਲਾਵਾ ਹੀ ਸਿੱਧ ਹੋਇਆ।

**ਹਕੀਕਤ :**

ਹਕੀਕਤ ਵਿਚ ਲੱਖਾਂ ਕਾਲੇ ਲੋਕ ਰਾਸ਼ਟਰੀ ਮੁੱਖ ਧਾਰਾ ਤੋਂ ਕੋਹੀਂ ਦੂਰ ਹਨ। ਕਾਲੇ ਲੋਕਾਂ ਨਾਲ ਜੇਲ੍ਹਾਂ ਭਰੀਆਂ ਪਈਆਂ ਹਨ ਜਿਵੇਂ ਉਹ ਸਾਰੇ ਹੀ ਅਪਰਾਧੀ ਕਿਸਮ ਦੇ ਲੋਕ ਹੋਣ, ਉਨ੍ਹਾਂ ਦੇ ਭਾਈਚਾਰੇ ਵਿਚ ਲਗਾਤਾਰ ਗੁਰਬੱਤ ਪਸਰ ਰਹੀ ਹੈ, ਪਬਲਿਕ ਸਕੂਲਾਂ ਵਿਚ ਰੰਗ ਭੇਦ ਕਰਕੇ ਵਖਰੇਵਾਂ ਮੌਜੂਦ ਸੀ, ਬੇਰੁਜ਼ਗਾਰੀ ਪਸਰ ਰਹੀ ਹੈ ਅਤੇ ਰਿਹਾਇਸ਼ੀ ਬਸਤੀਆਂ ਵੱਖ ਉਭਰ ਰਹੀਆਂ ਹਨ। ਆਮਦਨ ਪੱਖੋਂ ਨਾਬਰਾਬਰੀ ਵਧਦੀ ਜਾ ਰਹੀ ਹੈ, ਬਾਲਟੀਮੋਰ, ਮੇਰੀਲੈਂਡ, ਫਰਗੂਸਨ, ਮਿਸੌਰੀ, ਕਾਲਿਆਂ ਵਿਰੁੱਧ ਪੁਲਿਸ ਹਿੰਸਾ ਮੈਕਿਨੀ (ਟੈਕਸਾਸ) ਅਤੇ ਹੁਣ ਦੱਖਣੀ ਕੈਰੋਲੀਨਾ ਅੰਦਰ ਚਾਰਲੈਸਟਨ ਵਿਚ ਵਾਕਿਆ ਹਿੰਸਾ ਇਹੋ ਦਰਸਾਉਂਦੀ ਹੈ ਕਿ ਅਮਰੀਕੀ ਸਮਾਜ ਵਿਚ ਨਸਲਵਾਦ ਯੋਜਨਾਬੱਧ ਢਜ਼ੱਲੇ ਨਾਲ ਜਾਰੀ ਹੈ।

ਸੰਨ 1963 ਵਿਚ ਮਰਹੂਮ ਪ੍ਰਧਾਨ ਜੋਹਨ ਐਫ. ਕੈਨੇਡੀ ਨੇ ਸ਼ਹਿਰੀ ਆਜ਼ਾਦੀਆਂ ਨੂੰ 'ਨੈਤਿਕ ਮੁੱਦੇ' ਵਜੋਂ ਉਭਾਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਇਸ ਸੰਦਰਭ ਵਿਚ ਕੌਮ ਨੂੰ ਸੰਬੋਧਨ ਵਿਚ ਕਿਹਾ ਸੀ, "ਜੋ (ਇਸ ਸਬੰਧੀ) ਕੁਝ ਨਹੀਂ ਕਰਦੇ, ਸ਼ਰਮ ਅਤੇ ਹਿੰਸਾ ਨੂੰ ਨਿਉਤਾ ਦਿੰਦੇ ਹਨ। ਜੋ ਦਲੇਰੀ ਨਾਲ ਕੰਮ ਕਰਦੇ ਹਨ ਅਧਿਕਾਰਾਂ ਅਤੇ ਹਕੀਕਤ ਨੂੰ ਮਾਨਤਾ ਪ੍ਰਦਾਨ ਕਰਦੇ ਹਨ।"

ਮੈਲਕਮ ਐਕਸ, ਮਾਰਟਿਨ ਲੂਥਰ ਕਿੰਗ, ਫੈਨੀਲੋਯ ਹੈਮਰ ਆਦਿ ਨੇ ਮਾਨਵੀ ਅਧਿਕਾਰਾਂ ਦੀ ਬਰਾਬਰੀ ਅਤੇ ਨਸਲਵਾਦ ਵਿਰੁੱਧ ਦਲੇਰਾਨਾ ਮੁਹਿੰਮਾਂ ਚਲਾਈਆਂ। ਮਾਰਟਿਨ ਲੂਥਰ ਕਿੰਗ ਨੇ ਆਪਣੀ ਕੁਰਬਾਨੀ ਇਸ ਮਹਾਨ ਕਾਜ਼ ਲਈ ਦਿੱਤੀ। ਮੈਲਕਾਮ ਜੋ ਹਰਲੈਮ ਵਾਸੀ ਕਾਲਾ ਰਾਸ਼ਟਰਵਾਦੀ ਅਤੇ ਮੁਸਲਮਾਨ ਉਪਦੇਸ਼ਕ ਸੀ, ਨੇ ਅਮਰੀਕੀ ਲੋਕਤੰਤਰ ਅੰਦਰ ਨਸਲਵਾਦੀ ਵਿਰੋਧਤਾਵਾਂ ਨੂੰ ਉਜਾਗਰ ਕੀਤਾ ਅਤੇ ਕਾਲੇ ਲੋਕਾਂ ਦੀ ਰਾਸ਼ਟਰੀ ਪਹਿਚਾਣ ਲਈ ਲੋਕਾਂ ਨੂੰ ਚੇਤੰਨ ਕੀਤਾ। ਬੇਕਰ ਨੇ ਵਿਦਿਆਰਥੀ ਅਹਿੰਸਕ ਕੋਆਰਡੀਨੇਟਿੰਗ ਕਮੇਟੀ ਗਠਤ ਕੀਤੀ ਜਿਸ ਨੇ ਦੱਖਣ ਵਿਚ ਕਾਲਿਆਂ ਨੂੰ ਮਜ਼ਬੂਤ ਕੀਤਾ। ਲੋਕਤੰਤਰ ਨੂੰ ਮਜ਼ਬੂਤੀ ਬਖ਼ਸ਼ੀ।

ਮਾਰਟਿਨ ਲੂਥਰਜ ਕਿੰਗ ਗਰੀਬਾਂ, ਦੱਬੇ-ਕੁਚਲਿਆਂ, ਪਛੜਿਆਂ ਦੀ ਆਵਾਜ਼ ਬਣਿਆ, ਵੀਅਤਨਾਮ ਜੰਗ ਵਿਰੁੱਧ ਆਵਾਜ਼ ਉਠਾਈ, ਅਮਰੀਕਾ ਨੂੰ ਸਰਮਾਏਦਾਰ ਰਾਸ਼ਟਰ ਗਰਦਾਨਿਆ, ਵਿਸ਼ਵ ਹਿੰਸਾ ਅਤੇ ਬੇਸ਼ਰਮ ਨਸਲਪ੍ਰਸਤੀ ਲਈ ਜ਼ਿੰਮੇਵਾਰ ਠਹਿਰਾਇਆ।

ਹੈਮਰ ਜੋ ਰੂਲਵਿਲੈ, ਮਿਸਿਸਿੱਪੀ ਵਾਸੀ ਸੀ, ਨੇ ਸੰਨ 1964 ਦੀ ਡੈਮੋਕ੍ਰੈਟਿਕ ਰਾਸ਼ਟਰੀ ਕਾਨਫਰੰਸ ਵਿਚ ਰਾਸ਼ਟਰ ਅੰਦਰ ਗੋਰਿਆਂ ਦੇ ਪ੍ਰਭੂਤਵ, ਨਸਲੀ ਹਿੰਸਾ, ਦਬਕਾਉਣ ਅਤੇ ਜ਼ਲੀਲ ਕਰਨ ਵਾਲੀ ਅਮਰੀਕੀ ਕੌਮ ਜਿਹੇ ਮੁੱਦੇ ਉਠਾਏ। ਉਸ ਨੇ ਬੇਬਾਕੀ ਨਾਲ ਕਿਹਾ ਕਿ ਜੋ ਬਰਾਬਰ ਸ਼ਹਿਰੀਆਂ ਵਜੋਂ ਜਿਉਣਾ ਚਾਹੁੰਦੇ ਹਨ, ਸਨਮਾਨ ਭਰੀ ਸਹਿਹੋਂਦ ਲੋਚਦੇ ਹਨ, ਕੀ ਉਨ੍ਹਾਂ ਨੂੰ ਦਬਾਉਣਾ, ਹਿੰਸਾ ਦਾ ਸ਼ਿਕਾਰ ਬਣਾਉਣਾ ਅਮਰੀਕਾ ਹੈ?

ਅਮਰੀਕੀ ਰਾਸ਼ਟਰ ਲਈ ਸ਼ਰਮ ਵਾਲੀ ਗੱਲ ਇਹ ਹੈ ਕਿ ਅੱਜ ਤੱਕ ਕਾਲੇ ਅਫ਼ਰਕੀਨ ਅਮਰੀਕੀਆਂ ਲਈ ਕੁਝ ਵੀ ਨਹੀਂ ਬਦਲਿਆ। ਇਹ ਹੈ ਅਜੋਕਾ ਅਮਰੀਕਾ ਜਿਸ ਅੰਦਰ 26 ਪ੍ਰਤੀਸ਼ਤ ਕਾਲੇ ਗਰੀਬ ਦੀ ਰੇਖਾ ਹੇਠ ਵਸ ਰਹੇ ਹਨ, 40 ਪ੍ਰਤੀਸ਼ਤ ਗਰੀਬੀ ਦਾਅਵੇ ਵਿਚ ਜੀਵਨ ਬਸਰ ਕਰ ਰਹੇ ਹਨ, 46 ਪ੍ਰਤੀਸ਼ਤ ਕਾਲੇ ਬੱਚੇ, ਗਰੀਬ ਅਤੇ ਪਛੜੇ ਸਕੂਲਾਂ ਵਿਚ ਪੜ੍ਹ ਰਹੇ ਹਨ। 28 ਪ੍ਰਤੀਸ਼ਤ ਅਪਰਾਧਿਕ ਕੇਸਾਂ ਵਿਚ ਗ੍ਰਿਫ਼ਤਾਰ ਕੀਤੇ ਜਾਂਦੇ ਹਨ। 38 ਪ੍ਰਤੀਸ਼ਤ ਸਥਾਨਕ ਅਤੇ 39 ਪ੍ਰਤੀਸ਼ਤ ਫੈਡਰਲ ਜੇਲ੍ਹਾਂ ਵਿਚ ਸੜ ਰਹੇ ਹਨ। ਮਸ਼ਹੂਰ ਸਮਾਜਿਕ ਵਿਗਿਆਨੀ ਮਨੋਕਿਊ ਡਬਲਿਊ ਮੋਰਿਸ ਆਪਣੀ ਮਸ਼ਹੂਰ ਕਿਤਾਬ 'ਬਲੈਕ ਸਟੈਟਸ' ਵਿਚ ਲਿਖਦਾ ਹੈ ਕਿ ਕਾਲੇ ਅਮਰੀਕੀ ਸਿਹਤ, ਰੁਜ਼ਗਾਰ, ਵਿਦਿਆ, ਇਨਸਾਫ਼, ਧੰਨ ਅਤੇ ਆਮਦਨ ਪੱਖੋਂ ਪਛੜੇ ਹੋਏ ਹਨ।

ਚਾਰਲੈਸਟਨ ਚਰਚ 'ਤੇ ਹਮਲਾਅਮਰੀਕਾ ਅੰਦਰ ਸੰਸਥਾਗਤ ਨਸਲਵਾਦ ਦਾ ਨਤੀਜਾ ਹੈ ਜੋ ਸਦੀਆਂ ਤੋਂ ਕਾਲੇ ਲੋਕਾਂ ਨੂੰ ਆਰਥਿਕ ਅਤੇ ਰਾਜਨੀਤਕ ਨਾਬਰਾਬਰੀ ਪ੍ਰਦਾਨ ਕਰਨ ਵੱਲ ਸ਼ਿੱਦਤ ਨਾਲ ਰੁਚਿਤ ਹੈ। ਕਾਲੇ ਲੋਕ ਲਗਾਤਾਰ ਨਸਲੀ ਭੇਦਭਾਵ, ਗੁਰਬੱਤ, ਅਨਪੜ੍ਹਤਾ, ਪਛੜੇਪਣ, ਬੇਰੁਜ਼ਗਾਰੀ, ਵੱਖਰੇ ਨਿਕੰਮੇ ਸਕੂਲਾਂ, ਭਿਆਨਕ ਬੀਮਾਰੀਆਂ ਜਿਵੇਂ ਲਿਵਰ, ਸ਼ੂਗਰ, ਦਿਲ, ਏਡਜ਼ ਰੋਗ ਗ੍ਰਹਿਸਤ ਹਨ। ਬੈਂਕ ਕਰਜ਼ਿਆਂ ਅਤੇ ਆਰਥਿਕ ਮੌਕਿਆਂ ਤੋਂ ਮਹਿਰੂਮ ਹਨ।

ਪ੍ਰਧਾਨ ਓਬਾਮਾ ਮਜ਼ਬੂਰੀ ਵੱਲ ਕਹਿ ਰਿਹਾ ਹੈ ਕਿ "ਜੋ 200-300 ਸਾਲ ਤੋਂ ਸ਼ੋਸ਼ਣ ਵਰਤ ਰਿਹਾ ਹੋਵੇ, ਸਮਾਜ ਉਸ ਨੂੰ ਇਕ ਦਮ ਨਹੀਂ ਬਦਲ ਸਕਦਾ। ਇਸ ਸਬੰਧੀ ਕਾਨੂੰਨ ਨਾਫਜ਼ ਕਰਨ ਵਾਲੀ ਮਸ਼ੀਨਰੀ ਅਤੇ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੀ ਲੋੜ ਹੈ। ਹਰ ਸ਼ਹਿਰੀ ਨੂੰ ਮਿਆਰੀ ਵਿਦਿਆ ਪ੍ਰਦਾਨ ਕਰਨ ਦੀ ਲੋੜ ਹੈ। ਮੈਨੂੰ ਆਸ ਹੈ ਕਿ ਸਾਡੇ ਪੁੱਤ-ਪੋਤੇ ਜੇ ਵਧੀਆ ਮੌਕੇ ਪ੍ਰਾਪਤ ਕਰਨਗੇ ਤਾਂ ਵਧੀਆ (ਸਮਾਜਿਕ ਬਰਾਬਰੀ ਭਰਿਆ) ਜੀਵਨ ਬਤੀਤ ਕਰਨਗੇ।"

ਲੇਕਿਨ ਇਸ ਨਸਲਘਾਤ, ਨਸਲੀ ਭੇਦ-ਭਾਵ, ਨਾਬਰਾਬਰੀ, ਬੇਇਨਸਾਫ਼ੀ ਨੂੰ ਰਾਜਨੀਤਕ ਇੱਛਾ ਸ਼ਕਤੀ ਨਾਲ ਰੋਕਣ ਦੀ ਲੋੜ ਹੈ। ਆਪਣੇ ਪੁੱਤ-ਪੁਤਰੀਆਂ ਤੇ ਕਾਰਜ ਛੱਡਣਾ ਕਾਇਰਤਾ ਅਤੇ ਕਮਜ਼ੋਰੀ ਹੈ। ਇਸ ਲਈ ਤੁਰੰਤ ਵਾਈਟ ਹਾਊਸ ਵਿਖੇ ਇਕ ਉਚ ਪੱਧਰੀ ਕਾਨਫਰੰਸ ਆਯੋਜਿਤ ਕੀਤੀ ਜਾਣੀ ਚਾਹੀਦੀ ਹੈ। ਇਸ ਵਿਚ ਪ੍ਰਧਾਨ, 50 ਰਾਜਾਂ ਦੇ ਗਵਰਨਰ, ਫੈਡਰਲ ਅਤੇ ਸੂਬਾਈ ਵਿਧਾਨਕਾਰ ਸਮੇਤ ਕਾਲੇ ਪ੍ਰਤੀਨਿਧਾਂ ਦੇ ਸ਼ਾਮਲ ਹੋਣ। ਨਸਲਵਾਦੀ ਨਫ਼ਰਤ, ਨਸਲਘਾਤ, ਆਰਥਿਕ ਰਾਜਨਤੀਕ ਬੇਇਨਸਾਫ਼ੀ, ਸ਼ਹਿਰੀ ਨਾਬਰਾਬਰੀ ਦੂਰ ਕਰਨ ਲਈ ਠੋਸ ਰਾਸ਼ਟਰੀ ਨੀਤੀ ਬਣਾਉਣ ਅਤੇ ਇਸ ਤੇ ਸਖ਼ਤੀ ਨਾਲ ਕਾਨੂੰਨ ਨਾਫਜ਼ ਕਰਨ ਵਾਲੀ ਮਸ਼ੀਨਰੀ ਰਾਹੀਂ ਅਮਲ ਕਰਨਾ ਮਾਈਕਲ ਬਰਾਊਨ, ਐਰਿਕ ਗਾਰਨਰ, ਤਾਮੀਰ ਰਾਈਸ, ਵਾਲਟਰ ਸਕਾਟ, ਚਾਰਲੈਸਟਨ ਪ੍ਰਾਰਥਨਕਾਰੀਆ ਆਦਿ ਸਮੇਤ ਅਨੇਕ ਕੁਰਬਾਨੀਆਂ ਦਿੱਤੀਆਂ ਜਾ ਚੁੱਕੀਆਂ ਹਨ। ਅਮਰੀਕੀ ਕੌਮ ਨੂੰ ਇਹ ਨਸਲਘਾਤੀ ਦਸਤੂਰ ਖ਼ਤਮ ਕਰਨਾ ਅਤਿ ਜ਼ਰੂਰੀ ਹੈ। ਇਹ ਅਮਰੀਕੀ ਲੋਕਤੰਤਰੀ, ਆਰਥਿਕ, ਕਾਰੋਬਾਰੀ, ਜਨਤਕ, ਵਿਦੇਸ਼, ਸੁਰੱਖਿਆ ਸੰਸਥਾਵਾਂ ਅਤੇ ਨੀਤੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਇਸ ਦੇ ਛੁਟਕਾਰੇ ਬਗੈਰ ਅਮਰੀਕਾ ਦੀ ਤਰੱਕੀ ਅਤੇ ਵਿਕਾਸ ਰੁਕਣਾ ਸ਼ੁਰੂ ਹੋ ਜਾਵੇਗਾ। ਉਹ ਦਿਨ ਦੂਰ ਨਹੀਂ ਜਦੋਂ ਅਮਰੀਕਾ ਵਿਸ਼ਵ ਮਹਾਂਸ਼ਕਤੀ ਵਜੋਂ ਪਤਨ ਦਾ ਸ਼ਿਕਾਰ ਹੋ ਜਾਵੇਗਾ।

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ**
**ਬਰੈਂਪਟਨ, ਕੈਨੇਡਾ**
001-416-857-8665

# ਕਰੋੜਾਂ ਲੋਕ ਰੋਟੀ ਤੋਂ ਮੁਥਾਜ-ਉਂਞ ਭਾਰਤ ਅਮੀਰ ਮੁਲਕ

(ਸ.ਫਾ 1 ਦੀ ਬਾਕੀ)

ਬਣੀ ਹੋਈ ਹੈ। ਇਥੇ ਹੀ ਬੱਸ ਨਹੀਂ 5 ਸਾਲ ਤੋਂ ਘੱਟ ਉਮਰ ਦੇ 70 ਫੀਸਦੀ ਬੱਚੇ ਅਨੀਮੀਆ ਦੇ ਸ਼ਿਕਾਰ ਹਨ।

ਪ੍ਰਸਾਸ਼ਨ ਅਤੇ ਵਿਕਾਸ ਦਾ ਗਹਿਰਾ ਸਬੰਧ ਹੈ। ਬਾਲ ਵਿਕਾਸ ਦੇ ਮਾਮਲੇ 'ਚ ਭਾਰਤ ਦੀ ਤਸਵੀਰ ਯੂਨੀਸੇਫ ਦੀ ਰਿਪੋਰਟ-ਸਟੇਟਸ ਆਫ਼ ਦਾ ਵਰਲਡ ਚਿਲਡਰਨ ਵਿਚ ਵੇਖੀ ਜਾ ਸਕਦੀ ਹੈ। ਰਿਪੋਰਟ ਦੱਸਦੀ ਹੈ ਕਿ ਭਾਰਤ ਦੇ 43 ਫੀਸਦੀ 5 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਕੁਪੋਸ਼ਨ ਦੇ ਸ਼ਿਕਾਰ ਹਨ। ਪੇਂਡੂ ਖੇਤਰਾਂ ਵਿਚ ਜ਼ਿਆਦਾਤਰ ਬੱਚੇ ਅਨੀਮੀਆ ਦਾ ਸ਼ਿਕਾਰ ਹਨ। ਇਨ੍ਹਾਂ ਖੇਤਰਾਂ ਵਿਚ 48 ਫੀਸਦੀ ਬੱਚਿਆਂ ਦਾ ਵਜ਼ਨ ਉਨ੍ਹਾਂ ਦੀ ਉਮਰ ਦੇ ਅਨੁਪਾਤ ਵਿਚ ਬਹੁਤ ਘੱਟ ਹੈ। ਸ਼ਹਿਰਾਂ ਵਿਚ ਇਹ ਹੋਰ ਵੀ ਚਿੰਤਾਜਨਕ ਹੈ। ਜਿਥੇ ਗੰਭੀਰ ਬਿਮਾਰੀਆਂ ਪਿੰਡਾਂ ਦੇ ਮੁਕਾਬਲੇ ਵਧੇਰੇ ਹ। 'ਸੇਵ ਦਾ ਚਿਲਡਰਨ' ਨਾਂ ਦੇ ਸੰਗਠਨ ਮੁਤਾਬਕ ਭਾਰਤ ਬੱਚਿਆਂ ਨੂੰ ਪੂਰਾ ਪੋਸ਼ਨ ਮੁਹੱਈਆ ਕਰਾਉਣ ਦੇ ਮਾਮਲੇ 'ਚ ਬੰਗਲਾਦੇਸ਼ ਅਤੇ ਅ.ਫਰੀਕੀ ਦੇਸ਼ ਕਾਂਗੋ ਨਾਲੋਂ ਵੀ ਪਛੜਿਆ ਹੋਇਆ ਹੈ।

### ਗਰੀਬੀ ਤੇ ਭੁਖਮਰੀ ਦਾ ਦਵੱਲਾ ਸਬੰਧ

ਨੈਸ਼ਨਲ ਸੈਂਪਲ ਸਰਵੇ ਆਰਗੇਨਾਈਜੇਸ਼ਨ (N.S.S.O.) ਦੀ 66 ਵੀ ਰਿਪੋਰਟ 'ਚ ਨੋਟ ਕੀਤਾ ਗਿਆ ਹੈ ਕਿ ਦੋ ਤਿਹਾਈ ਲੋਕ ਪੋਸ਼ਨ ਦੇ ਆਮ ਸਟੈਂਡਰਡ ਪੱਧਰ ਤੋਂ ਘੱਟ ਖੁਰਾਕ ਲੈ ਰਹੇ ਹਨ ਜਿਸ ਯੋਜਨਾ ਅਯੋਗ ਦਾ ਮੋਦੀ ਹੁਰਾਂ ਨੇ ਭੋਗ ਪਾ ਦਿੱਤਾ। ਉਹਦਾ ਮੱਤ ਸੀ ਕਿ ਭਾਰਤ ਦੇ ਹਰ ਨਾਗਰਿਕ ਨੂੰ ਜੇ ਉਹ ਪਿੰਡ 'ਚ ਰਹਿੰਦਾ ਹੈ 2400 ਕਿਲੋ ਕਿਲੋਰੀ ਅਤੇ ਜੇ ਸ਼ਹਿਰ 'ਚ ਰਹਿੰਦਾ ਹੈ ਤਾਂ 2100 ਕਿਲੋ ਕਿਲੋਰੀ ਖੁਰਾਕ ਮਿਲਣੀ ਚਾਹੀਦੀ ਹੈ। ਜ਼ਮੀਨ ਹਕੀਕਤ ਇਹ ਕਿ 1972 ਵਿਚ ਇਹ ਪੇਂਡੂ ਨੂੰ ਰੋਜ਼ ਔਸਤਨ 2266 ਕਿਲੋ ਕਿਲੋਰੀ ਦੀ ਖੁਰਾਕ ਮਿਲ ਰਹੀ ਸੀ ਜਿਹੜੀ 1993-94 'ਚ ਘਟ ਕੇ 2153 ਕਿਲੋ ਕਿਲੋਰੀ ਰਹਿ ਗਈ। ਨਵੀਆਂ ਆਰਥਿਕ ਨੀਤੀਆਂ ਦੇ ਲਾਗੂ ਹੋਣ ਪਿਛੋਂ 200310 ਵਿਚ ਇਹ 2020 ਕਿਲੋ ਕਿਲੋਰੀ ਰਹਿ ਗਈ। ਸ਼ਹਿਰੀ ਖੇਤਰ ਵਿਚ ਇਹ 1972-73 'ਚ 2107 ਸੀ, 1993-94 'ਚ ਇਹ 2071 ਰਹਿ ਗਈ ਅਤੇ 2009-10 'ਚ 2107 ਸੀ, 1993-94 'ਚ ਇਹ 2071 ਰਹਿ ਗਈ ਅਤੇ 2009-10 ਵਿਚ 1946 ਕਿਲੋ ਕਿਲੋਰੀ ਰਹਿ ਗਈ। ਹਾਲਤ ਸੁਧਰਨੀ ਚਾਹੀਦੀ ਸੀ ਸਗੋਂ ਵਿਗੜੀ। ਇਸ ਦਾ ਸਿੱਧਾ ਸਬੰਧ ਗਰੀਬੀ ਨਾਲ ਹੈ ਕਿਉਂਕਿ ਗਰੀਬੀ ਅਮੀਰੀ ਦਾ ਪਾੜਾ ਵਧ ਰਿਹਾ ਹੈ। ਇਸ ਕਰਕੇ ਇਕ ਵਰਗ ਨੂੰ ਲੋੜੀਂਦੀ ਖੁਰਾਕ ਵੀ ਨਸੀਬ ਨਹੀਂ ਹੋ ਰਹੀ। ਸੋ ਭੁਖਮਰੀ ਅਤੇ ਕੁਪੋਸ਼ਨ ਦਾ ਦਾਇਰਾ ਵਧ ਰਿਹਾ ਹੈ।

ਕੌਣ ਨਹੀਂ ਜਾਣਦਾ ਕਿ ਗਰੀਬੀ ਤੇ ਕੁਪੋਸ਼ਨ ਦਾ ਅਟੁੱਟ ਸਬੰਧ ਹੈ। ਇਹ ਇਕ ਦੂਸਰੇ ਦੇ ਪੂਰਕ ਵੀ ਬਣਦੇ ਹਨ। ਗਰੀਬੀ ਦਾ ਮਤਲਬ ਹੈ ਕਿ ਤੁਹਾਡੀ ਅਨਾਜ ਖ਼੍ਰੀਦਣ ਤੱਕ ਪਹੁੰਚ ਦਾ ਨਾ ਹੋਣਾ। ਪੋਟਾਸ਼ਿਕ ਭੋਜਨ ਖ਼੍ਰੀਦ ਸਕਣ ਦੀ ਸਮਰੱਥਾ ਨਾ ਹੋਣਾ ਅਤੇ ਜਦੋਂ ਪੂਰੀ ਖੁਰਾਕ ਨਾ ਮਿਲੇ ਸਿਹਤ ਕਮਜ਼ੋਰ ਹੋਵੇ ਤਾਂ ਮਜ਼ਦੂਰੀ ਭਾਵ ਕੰਮ ਨਾ ਮਿਲਣਾ ਕਿਉਂਕਿ ਕੰਮ ਨਹੀਂ ਤਾਂ ਖਰੀਦ ਸ਼ਕਤੀ ਦਾ ਹੋਰ ਘੱਟ ਜਾਣਾ ਅਤੇ ਇਸ ਚੱਕਰਵਿਊ 'ਚੋਂ ਨਿਕਲਣਾ ਆਸਨ ਨਹੀਂ। ਹੀ ਰਾਜ ਦੀ ਜ਼ਿੰਮੇਵਾਰੀ ਨਿਰਧਾਰਤ ਹੁੰਦੀ ਹੈ ਕਿ ਉਹ ਆਪਣੇ ਕੰਮ ਕਰਨ ਯੋਗ ਨਾਗਰਿਕਾਂ ਨੂੰ ਕੰਮ ਮੁਹੱਈਆ ਕਰਵਾਉਣ ਤਾਂ ਕਿ ਉਹ ਪੇਟ ਭਰ ਖਾ ਸਕਣ ਦੇ ਅਤੇ ਆਪਣੇ ਪਰਿਵਾਰ ਦਾ ਪੇਟ ਭਰ ਸਕਣ ਦੇ ਸਮਰਥ ਹੋਣ ਪਰ ਭਾਰਤੀ ਰਾਜ ਨੇ ਨਾ ਕਦੇ ਇਹ ਜ਼ਿੰਮੇਵਾਰੀ ਨਿਭਾਉਣ ਪ੍ਰਤੀ ਗੰਭੀਰਤਾ ਦਿਖਾਈ ਸਗੋਂ ਹੁਣ ਤਾਂ ਲੋਕਾਂ ਲਈ ਰੁਜ਼ਗਾਰ ਦਾ ਏਜੰਡਾ ਹੀ ਹਕੂਮਤਾਂ ਦੇ ਕੰਮਾਂ 'ਚੋਂ ਗਾਇਬ ਹੋ ਗਿਆ ਹੈ।

ਊਸਾ ਪਟਨਾਇਕ ਦੀ ਇਕ ਕਿਤਾਬ ਹੈ-ਰਿਪਬਲਿਕ ਆਫ਼ ਹੰਗਰ ਪਟਨਾਇਕ ਜਵਾਹਰ ਲਾਲ ਯੂਨੀਵਰਸਿਟੀ 'ਚ ਅਰਥ ਸ਼ਾਸਤਰ ਦੀ ਪ੍ਰੋਫੈਸਰ ਹੈ। ਉਨ੍ਹਾਂ ਗਰੀਬੀ ਅਤੇ ਕੁਪੋਸ਼ਨ ਦੇ ਸਬੰਧ ਵਿਚ ਵਿਸਥਾਰ ਨਾਲ ਚਰਚਾ ਕੀਤੀ ਹੈ। ਉਨ੍ਹਾਂ ਦਾ ਮੱਤ ਹੈ ਕਿ ਕੁਪੋਸ਼ਨ ਗਰੀਬੀ ਦਾ ਹੀ ਇਕ ਰੂਪ ਹੈ। ਪੇਂਡੂ ਖੇਤਰਾਂ ਵਿਚ ਤਿੰਨ ਚੌਥਾਈ ਆਬਾਦੀ ਭਾਰੀ ਗਰੀਬੀ ਦਾ ਸ਼ਿਕਾਰ ਹੈ। ਉਨ੍ਹਾਂ ਨੇ ਪਿਛਲੇਰੇ ਦੋ ਦਹਾਕਿਆਂ 'ਚ ਅਪਣਾਈਆਂ ਆਰਥਿਕ ਨੀਤੀਆਂ ਨੂੰ, ਗਰੀਬੀ ਵਿਚ ਤੇਜ਼ੀ ਨਾਲ ਹੋ ਰਹੇ ਵਾਧੇ ਦਾ ਕਾਰਨ ਦੱਸਿਆ ਹੈ। ਲੋਕਾਂ ਦੇ ਖੁਰਾਕੀ ਪੱਧਰ ਵਿਚ ਵੀ ਬਹੁਤ ਗਿਰਾਵਟ ਆਈ ਪਟਨਾਇਕ ਦਾ ਆਂਕਲਨ ਹੈ ਕਿ ਪਿਛਲੇਰੇ ਦਸਾਂ ਸਾਲਾਂ ਵਿਚ ਪ੍ਰਤੀ ਵਿਅਕਤੀ ਅਨਾਜ ਦੀ ਖਪਤ ਭਾਰਤ ਵਿਚ ਘੱਟ ਹੋਈ ਹੈ। ਦਸ ਸਾਲ ਪਹਿਲਾਂ ਪੰਜ ਮੈਂਬਰਾਂ ਦਾ ਇਕ ਪਰਿਵਾਰ ਔਸਤਨ 880 ਕਿਲੋਗ੍ਰਾਮ ਸਲਾਨਾ ਅਨਾਜ ਦੀ ਖਪਤ ਕਰਦਾ ਸੀ। ਹੁਣ ਇਹ ਘੱਟ ਕੇ 770 ਕਿਲੋਗ੍ਰਾਮ ਰਹਿ ਗਈ ਹੈ।

ਗਲਮ ਏਰੀਏ, ਆਦਿਵਾਸੀ ਖੇਤਰਾਂ ਅਤੇ ਦਲਿਤਾਂ ਦੇ ਵਿਚ ਇਹ ਦੀ ਤਸਵੀਰ ਹੋਰ ਵੀ ਭਿਆਨਕ ਹੈ।

ਕੁਪੋਸ਼ਨ ਭੁੱਖ ਅਤੇ ਭੁਖਮਰੀ ਤਿੰਨਾਂ ਦਰਮਿਆਨ ਸਿੱਧੀ ਰੇਖਾ ਨਹੀਂ ਖਿੱਚੀ ਜਾਂਦੀ। ਭੁੱਖ ਮਾਪਣ ਦਾ ਇਕ ਹੋਰ ਪੈਮਾਨਾ ਹੈ ਜਿਹਨੂੰ ਬਾਡੀ ਮਾਸ ਇੰਡੈਕਸ (Body Mass Dndex) ਬੀ. ਐਮ. ਆਈ. ਕਹਿੰਦੇ ਹਨ। ਇਹ ਆਦਮੀ ਦੇ ਕੱਦ ਦੇ ਲਿਹਾਜ ਨਾਲ ਵਜ ਦੇ ਲਈ ਵਰਤਿਆ ਜਾਂਦਾ ਹੈ। ਇਕ ਆਮ ਬੀ. ਐਮ. ਆਈ. ਦੇ ਲਈ ਕੌਮਾਂਤਰੀ ਤਹਿਸ਼ੁਦਾ ਸੀਮਾ 18.5 ਹੈ। ਜੇ 18.5 ਤੋਂ ਘੱਟ ਬੀ.ਐਮ.ਆਈ. ਹੈ ਤਾਂ ਕੁਪੋਸ਼ਨ ਦਾ ਰੂਪ ਮੰਨਿਆ ਜਾਂਦਾ ਹੈ। ਜਿਵੇਂ ਕਿਸੇ ਆਦਮੀ ਦੀ ਬੀ. ਐਮ. ਆਈ. 17 ਤੋਂ 18.6 ਦਰਮਿਆਨ ਹੈ ਤਾਂ ਇਹ ਅਲਪ (ਘੱਟ) ਕੁਪੋਸ਼ਤ ਮੰਨਿਆ ਜਾਵੇਗਾ ਅਤੇ ਜੇ.ਬੀ.ਐਮ.ਆਈ. 16.0 ਤੋਂ 169 ਹੈ ਤਾਂ ਉਹ ਗੰਭੀਰ ਰੂਪ ਵਿਚ ਕੁਪੋਸ਼ਤ ਮੰਨਿਆ ਜਾਂਦਾ ਹੈ ਅਤੇ ਜਦੋਂ 16 ਤੋਂ ਵੀ ਘੱਟ ਜਾਵੇ ਤਾਂ ਉਹਨੂੰ ਭੁੱਖ ਨਾਲ ਮਰਨ ਵਾਲਾ ਗਿਣਿਆ ਜਾਂਦਾ ਹੈ। ਹੈਦਰਾਬਾਦ ਵਿਚ ਇਕ ਕੇਂਦਰੀ ਲੈਬਾਰਟਰੀ ਹੈ-ਨੈਸ਼ਨਲ ਨਿਊਟਰੀਸ਼ਨ ਮਾਨਟਰਿੰਗ ਬਿਊਰੋ ਜਿਹਦੇ ਸਰਵੇਖਣ ਮੁਤਾਬਕ ਦੇਸ਼ ਦੇ 37 ਫੀ ਸਦੀ ਵਿਅਕਤੀਆਂ ਦਾ ਬਾਡੀ ਮਾਸ ਇੰਨਡੈਕਸ 18.5 ਤੋਂ ਘੱਟ ਹੈ ਅਤੇ ਪੰਜ ਸਾਲ ਤੋਂ ਘੱਟ ਉਮਰ ਵਾਲੇ 45 ਫੀਸ ਦੀ ਤੋਂ ਵਧੇ ਬੱਚੇ ਆਪਣੀ ਉਮਰ ਦੇ ਵਜ਼ਨ ਦੇ ਮਾਪਦੰਡ ਦੇ ਹਿਸਾਬ ਨਾਲ ਘੱਟ ਵਜ਼ਨ ਦੇ ਹਨ ਭਾਵ ਕੁਪੋਸ਼ਤ ਹਨ। ਇਹ ਦੇਸ਼ ਦੀ ਕੁੱਲ ਆਬਾਦੀ ਦੀ ਤਸਵੀਰ ਇਸ ਤੋਂ ਭਿਆਨਕ ਹੈ। ਇਨ੍ਹਾਂ ਅਨੁਸੂਚਿਤ ਜਾਤੀਆਂ ਦੇ 60 ਫੀਸਦੀ ਤੋਂ ਵਧੇਰੇ ਲੋਕਾਂ ਦਾ ਬੀ. ਐਮ. ਆਈ. 18.5 ਤੋਂ ਕਿਤੇ ਘੱਟ ਹੈ। ਇਹ ਉਹ ਗਰੀਬ ਤਬਕੇ ਹਨ ਜਿਹੜੇ ਬੇਹੱਦ ਔਖੇਰੀ ਜ਼ਿੰਦਗੀ ਜਿਊਂਦੇ ਹਨ। ਇਸ ਵਿਚ ਕੋਈ ਦੋ ਗਏ ਨਹੀਂ ਕਿ ਸਭ ਤੋਂ ਵਧੇਰੇ ਭੁੱਖ ਨਾਲ ਮਰਨ ਵਾਲਿਆਂ ਦੀ ਗਿਣਤੀ ਇਨ੍ਹਾਂ ਹਾਸ਼ੀਏ ਤੋਂ ਪਾਰ ਲੋਕਾਂ ਦੀ ਹੀ ਹੈ। ਜੇ ਦੇਸ਼ ਵਿਚ ਪੰਜ ਸਾਲ ਤੋਂ ਘੱਟ ਉਮਰ ਵਾਲੇ 1000 ਬੱਚਿਆਂ ਵਿਚੋਂ 74 ਦੀ ਕੁਪੋਸ਼ਨ ਨਾਲ ਮੌਤ ਹੁੰਦੀ ਹੈ ਤਾਂ ਇਨ੍ਹਾਂ ਆਦਿਵਾਸੀ ਜਨ ਜਾਤੀਆਂ ਵਿਚ ਇਹ ਗਿਣਤੀ 113 ਹੈ। ਇਹ ਉਹੀ ਵਰਗ ਹੈ ਜਿਹਦੇ ਪ੍ਰਤੀ ਨਾ ਸਰਕਾਰਾਂ ਗੰਭੀਰ ਰਹੀਆਂ ਹਨ ਨਾ ਵਿਵਸਥਾ ਅਤੇ ਉਚ ਅਮੀਰ ਵਰਗ। ਉਨ੍ਹਾਂ ਨੂੰ ਸਹਿਜੇ ਸਹਿਜੇ ਮੌਤ ਵੱਲ ਧੱਕਣ ਦੀ ਜ਼ਿੰਮੇਵਾਰੀ ਕੀ ਇਸ ਪ੍ਰਬੰਧ ਦੀ ਹੈ? ਕੀ ਉਨ੍ਹਾਂ ਨੂੰ ਪੂਰੀ ਖੁਰਾਕ ਹਾਸਲ ਕਰਨ ਦਾ ਅਧਿਕਾਰ ਨਹੀਂ?

ਸੱਚਰ ਕਮੇਟੀ ਨੇ ਤਾਂ ਅਜਿਹੀ ਤਸਵੀਰ ਘੱਟ ਗਿਣਤੀਆਂ ਦੀ ਵੀ ਦਰਸਾਈ ਹੈ। ਵਿਸ਼ਵ ਸਿਹਤ ਸੰਗਠਨ ਕਹਿੰਦਾ ਹੈ ਕਿ ਕਿਸੇ ਸਮੁਦਾਏ ਦੇ 40 ਫੀਸਦੀ ਤੋਂ ਵੱਧ ਲੋਕਾਂ ਦਾ ਬਾਡੀ ਮਾਸ ਇੰਨਡੈਕਸ 18.5 ਤੋਂ ਘੱਟ ਹੋਵੇ ਤਾਂ ਪੂਰੇ ਸਮੁਦਾਏ ਨੂੰ ਹੀ ਅਕਾਲਗ੍ਰਸਤ ਮੰਨਿਆ ਜਾਣਾ ਚਾਹੀਦਾ ਹੈ। ਵਿਸ਼ਵ ਸਿਹਤ ਸੰਗਠਨ ਦੇ ਇਸ ਮਾਪਦੰਡ ਮੁਤਾਬਕ ਕਈ ਸਮੁਦਾਏ ਅਕਾਲ ਵੀ ਸਥਿਤੀ 'ਚ ਹਨ। ਇਸੇ ਸਮੇਂ ਯੋਜਨਾ ਅਯੋਗ ਨੇ ਵੀ ਆਪਣੀ ਇਕ ਰਿਪੋਰਟ 'ਚ ਇਹ ਕਿਹਾ ਸੀ, "ਜੇ ਭਾਰਤ ਅਕਾਲ ਵਾਲੀ ਹਾਲਤ ਵਿਚ ਨਹੀਂ ਹੈ ਤਾਂ ਲਾਜ਼ਮੀ ਤੌਰ ਉਤੇ ਭਿਅੰਕਰ ਭੁਖਮਰੀ ਦੀ ਲਪੇਟ 'ਚ ਤਾਂ ਹੈ ਹੀ।" ਅੱਗੇ ਤੋਂ ਕੋਈ ਵੀ ਸਰਕਾਰੀ ਅਦਾਰਾ ਦੇਸ਼ ਦੇ ਲੋਕਾਂ ਦੀ ਤ੍ਰਾਸਦਕ ਸਥਿਤੀ ਉਤੇ ਰਿਪੋਰਟ ਜਾਰੀ ਨਹੀਂ ਕਰ ਸਕੇਗਾ। ਕਿਉਂਕਿ ਹਾਕਮਾਂ ਨੂੰ ਯੋਜਨਾ ਅਯੋਗ ਵਰਗੇ ਬੋਰਡਾਂ ਦੀਆਂ ਰਿਪੋਰਟ ਪ੍ਰਤੀ ਜਵਾਬਦੇਹ ਹੋਣਾ ਪੈਂਦਾ ਸੀ ਸੋ ਉਨ੍ਹਾਂ ਇਹ ਦਾ ਭੋਗ ਹੀ ਪਾ ਦਿੱਤਾ। ਵੈਸੇ ਵੀ ਯੋਜਨਾ ਅਯੋਗ ਨੇ ਪਿਛਲੇਰੇ 10 ਸਾਲ ਤੋਂ ਅੰਕੜੇ ਇਕੱਠੇ ਕਰਨੇ ਬੰਦ ਕਰ ਦਿੱਤੇ ਸਨ ਜਾਂ ਹਕੂਮਤ ਨੇ ਉਹਨੂੰ ਅਜਿਹੇ ਤੱਥ ਨਸ਼ਰ ਕਰਨ ਤੋਂ ਵਰਜ਼ ਦਿੱਤਾ ਸੀ। ਮੁਨਾਫ਼ਾਪ੍ਰਸਤ ਪੂੰਜੀ ਦਾ ਇਹ ਚਰਿੱਤਰ ਹੈ ਕਿ ਉਹ ਹਰ ਹਕੀਕਤ ਨੂੰ ਸੱਚਾਈ ਨੂੰ ਨਾ ਵੇਖਣਾ ਚਾਹੀਦਾ ਹੈ ਨਾ ਬਰਦਾਸ਼ਤ ਕਰਨਾ ਉਹ ਇਹਨੂੰ ਦਬਾ ਦੇਣ ਵਿਚ ਹੀ ਯਕੀਨ ਰੱਖਦੀ ਹੈ।

ਸਰਵੇ ਆਫ਼ ਇੰਡੀਆ ਸਟੇਟ ਹੰਗਰ (ਭੁਖਮਰੀ) ਇੰਨਡੈਕਸ ਦੇ ਮੁਤਾਬਕ ਜਿਵੇਂ ਮੱਧ ਪ੍ਰਦੇਸ਼ ਵਿਚ ਭੁਖਮਰੀ ਦੀ ਸਥਿਤੀ ਅਤਿ ਚਿੰਤਾਜਨਕ ਹੈ, ਉਥੇ ਰਾਜਸਥਾਨ ਅਤੇ ਛਤੀਸਗੜ੍ਹ ਦੀ ਹਾਲਤ ਵੀ ਇਸੇ ਚਿੰਤਾਜਨਕ ਘੇਰੇ ਵਿਚ ਆਉਂਦੇ ਹਨ। ਮੱਧਲਦੇ ਵਿਚ 31 ਫੀਸਦੀ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ, ਰਾਜਸਥਾਨ ਵਿਚ ਇਹ ਅੰਕੜਾ 43 ਫੀਸਦੀ ਹੈ। ਛਤੀਸਗੜ੍ਹ ਵਿਚ 'ਚ 9 ਫੀਸਦੀ। ਭੁਖਮਰੀ ਦੇ ਮੋਰਚੇ ਉਤੇ ਦੇਸ਼ ਦੀ ਰਾਜਧਾਨੀ ਦਿੱਲੀ ਨਾਲੋਂ ਤਾਂ ਉਤਰ ਪੂਰਬੀ ਰਾਜ ਮੀਜ਼ੋਰਮ ਦੀ ਹਾਲਤ ਬਿਹਤਰ ਹੈ ਜਿਥੇ ਸਿੱਧਾ ਬੰਦੂਕ ਦਾ ਰਾਜ ਚਲ ਰਿਹਾ ਹੈ। ਭਾਵ ਅਫਸਪਾ ਲਾਗੂ ਹੈ। ਦਿੱਲੀ ਦੇ 50 ਫੀਸਦੀ ਬੱਚੇ ਕੁਪੋਸ਼ਨ ਹਨ ਤਾਂ ਮਿਜੋਰਮ ਦੇ 24 ਫੀਸਦੀ ਬੱਚੇ ਕੁਪੋਸ਼ਤ ਹਨ। ਗੁਜਰਾਤ ਜਿਸ ਨੂੰ ਮੋਦੀ ਮਾਡਲ ਦੀ ਚਮਕਦਾਰ ਤਸਵੀਰ ਕਿਹਾ ਜਾਂਦਾ ਹੈ, ਵਿਚ ਕੁਪੋਸ਼ਨ ਦਾ ਅੰਕੜਾ ਪ੍ਰੇਸ਼ਾਨ ਕਰਨ ਵਾਲਾ ਹੈ। ਕੈਗ ਦੀ ਰਿਪੋਰਟ ਕਹਿੰਦੀ ਹੈ ਕਿ ਇਥੇ ਹਰ ਤੀਸਰਾ ਬੱਚਾ ਕੁਪੋਸ਼ਤ ਹੈ। 2007 ਤੋਂ ਲੈ ਕੇ ਹੁਣ ਤੱਕ ਗੁਜਰਾਤ ਵਿਚ ਕੁਪੋਸ਼ਨ ਵਿਚ 4 ਫੀਸਦੀ ਦਾ ਵਾਧਾ ਹੋਇਆ ਹੈ। 'ਵਾਈ-ਬ੍ਰੈਂਫ ਗੁਜਰਾਤ' ਦੀ ਇਹ ਹਕੀਕੀ ਤਸਵੀਰ ਹੈ। ਜੇ ਗੁਜਰਾਤ ਦੇ ਮੁੱਖ ਮੰਤਰੀ ਮੋਦੀ ਰਾਜ 'ਚ ਕੁਪੋਸ਼ਨ 'ਚ 4 ਫੀਸਦੀ ਵਾਧਾ ਹੋਇਆ ਹੈ ਤਾਂ ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਉਤੇ ਦੇਸ਼ ਵਿਚ ਕੁਪੋਸ਼ਨ ਕਿੰਨੇ ਫੀਸਦੀ ਦਰ ਨਾਲ ਵਧੇਗੀ। ਇਹਦਾ ਅੰਦਾਜ਼ਾ ਅਮੀਰੀ ਗਰੀਬੀ ਵਿਚ ਵਧ ਰਹੇ ਚਿੰਤਾਜਨਕ ਪਾੜੇ ਤੋਂ ਹੀ ਵੇਖਿਆ ਜਾ ਸਕਦਾ ਹੈ।

ਭੁੱਖਮਰੀ ਤੇ ਕੁਪੋਸ਼ਨ ਦਾ ਪ੍ਰਭਾਵ ਸਿਰਫ਼ ਮਨੁੱਖੀ ਸਿਹਤ ਭਾਵ ਬਾਇਓ ਮੈਡੀਕਲ ਉਤੇ ਹੀ ਨਹੀਂ ਪੈਂਦਾ ਸਗੋਂ ਇਹ ਕਿਸੇ ਦੇਸ਼ ਦੀ ਅਰਥ ਵਿਵਸਥਾ ਨੂੰ ਵੀ ਪ੍ਰਭਾਵਿਤ ਕਰਦੀ ਹੈ। ਦੇਸ਼ ਦੀ ਹਕੀਕੀ ਆਰਥਿਕ ਵਿਕਾਸ ਦਰ ਸਹਿਜ ਤਿੰਨ ਫੀਸਦੀ ਤੋਂ ਵੀ ਘੱਟ ਹੈ। ਇਹਦਾ ਇਕ ਕਾਰਨ ਇਹ ਵੀ ਹੈ ਕਿ ਦੇਸ਼ ਦੀ ਇਕ ਵੱਡੀ ਗਿਣਤੀ ਕਿਰਤ ਸ਼ਕਤੀ ਜਿਹਨੂੰ Man Poower ਕਿਹਾ ਜਾਂਦਾ ਹੈ ਸਰੀਰਕ ਤੌਰ 'ਤੇ ਕੰਮ ਕਰਨ ਦੇ ਯੋਗ ਨਹੀਂ। ਇਕ ਕੁਪੋਸ਼ਨ ਸਮਾਜ ਆਪਣੀ ਸਮਰੱਥਾ ਕਿਵੇਂ ਵਰਤੋਂ 'ਚ ਲਿਆ ਸਕਦਾ ਹੈ। ਕਿਸੇ ਦੇਸ਼ ਦੇ ਵਿਕਾਸ ਵਿਚ ਮਨੁੱਖੀ ਸਮਰੱਥਾ ਦਾ ਵੱਡਾ ਯੋਗਦਾਨ ਹੁੰਦਾ ਹੈ। ਡਾ. ਜਾਨ ਬਟਰਲੀ ਅਤੇ ਜੈਕ ਸ਼ੋਪਰੇਡ ਦੀ ਇਕ ਕਿਤਾਬ ਹੈ ਹੰਗਰ : ਦਾ ਬਾਇਲੋਜੀ ਐਂਡ ਪਾਲਿਉਕਸ ਆਫ਼ ਸਟਾਰਵੇਸ਼ਨ-ਜਿਸ ਵਿਚ ਉਨ੍ਹਾਂ ਬਾਇਓ ਮੈਡੀਕਲ ਅਤੇ ਐਟੀਓਲਾਜਿਕਸ ਸਿੱਟਿਆਂ ਸਬੰਧੀ ਲਿਖਿਆ ਹੈ, ਕੁਪੋਸ਼ਨ ਅਕਸਰ ਸਮਝੌਤਾ ਸਵੈ ਰੱਖਿਅਕ ਪ੍ਰਣਾਲੀ ਵੱਲ ਲਿਜਾਂਦਾ ਹੈ ਅਤੇ ਆਦਮੀ ਦੇ ਅੰਦਰ ਜੀਵਾਂ ਨਾਲ ਲੜਨ ਤੋਂ ਅਸਮਰਥਾ ਵਿਚ ਵਾਧਾ ਕਰਦਾ ਹੈ। ਸਿੱਟੇ ਵਜੋਂ ਕੁਪੋਸ਼ਤ ਵਿਅਕਤੀਆਂ ਦੀ ਰੋਗਾਂ ਦੇ ਪ੍ਰਤੀ ਸਰੀਰਕ ਸਵੈ ਰੱਖਿਅਕ ਪ੍ਰਣਾਲੀ ਘੱਟ ਜਾਂਦੀ ਹੈ ਅਤੇ ਉਹ ਕਈ ਰੋਗਾਂ ਦੀ ਧਰਤੀ ਬਣ ਜਾਂਦੀ ਹੈ। ਇਨ੍ਹਾਂ ਲੇਖਕਾਂ ਦਾ ਸਟੀਕ ਮੱਤ ਹੈ ਕਿ "ਭੁੱਖਮਰੀ ਤੇ ਕੁਪੋਸ਼ਨ ਹਾਸਲ ਨਾ ਹੋਣ ਵਾਲੇ ਸਾਧਨਾਂ ਜਾਂ ਉਦਯੋਗਿਕ ਵਿਕਾਸ ਦਾ ਸਿੱਟਾ ਨਹੀਂ ਸਗੋਂ ਗੈਰ ਬਰਾਬਰੀ ਵਾਲੀ ਵੰਡ ਪ੍ਰਣਾਲੀ ਦਾ ਮਾਮਲਾ ਹੈ। ਹੱਕਦਾਰਾਂ ਲਈ ਖੁਰਾਕ ਦੀ ਪਹੁੰਚ ਸ਼ਨਿਚਸਤ ਕਰਨ ਲਈ ਰਾਜਨੀਤਕ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ।" ਸਾਡੇ ਦੇਸ਼ ਦੇ ਹਾਕਮਾਂ ਦੀ ਰਾਜਨੀਤਕ ਇੱਛਾ ਸ਼ਕਤੀ ਹੀ ਸੁਆਲੀਚਿੰਨ੍ਹ ਦੇ ਘੇਰੇ ਵਿਚ ਹੈ। ਸਪਸ਼ਟ ਲ.ਫਜ਼ਾਂ 'ਚ ਹਾਕਮ ਲੋਕਾਂ ਪ੍ਰਤੀ ਬੇਈਮਾਨ ਨਹੀਂ ਘੋਰ ਬੇਈਮਾਨ ਹਨ-ਜਾਂ ਮਹਾਂਬੇਈਮਾਨ ਤੇ ਗੈਰ ਜ਼ਿੰਮੇਵਾਰ ਹਨ।

### ਆਬਾਦੀ ਤੇ ਭੁਖਮਰੀ ਦਾ ਸਬੰਧ

ਇਕ ਕਿਤਾਬ ਹੈ ਹਊ ਦਾ ਅਦਰ ਹਾਫ ਡਾਈਜ਼ (How the ather Half dies) ਜਿਸ ਦੇ ਲੇਖਕ ਸੂਜਨ ਜਾਰਜ ਨੇ ਵਿਸ਼ਲੇਸ਼ਣ ਕਰਦਿਆਂ ਦੋ ਵਿਚਾਰ ਰੱਖੇ ਹਨ। ਉਨ੍ਹਾਂ ਨੇ ਵਧਦੀ ਆਬਾਦੀ ਅਤੇ ਹਾਸਲ ਅਨਾਜ ਦੀ ਅਣਉਪਲਬਧਤਾ ਦੀ ਜਚਵੀਂ ਪੜਤਾਲ ਕੀਤੀ ਹੈ ਅਤੇ ਤਰਕਮਈ ਢੰਗ ਨਾਲ ਇਸ ਗੱਲ ਨੂੰ ਪੇਸ਼ ਕੀਤਾ ਹੈ ਕਿ 'ਵਿਸ਼ਵ ਪੱਧਰ ਉਤੇ ਖੁਰਾਕ ਦੀ ਭਾਵ ਅਨਾਜ ਦੀ ਐਨੀ ਮਾਤਰਾ ਹੈ ਕਿ ਹਰ ਸਾਲ ਐਨਾ ਉਤਪਾਦਨ ਹੁੰਦਾ ਹੈ ਕਿ ਜਿਸ ਨਾਲ ਮੌਜੂਦਾ ਅਤੇ ਆਉਣ ਵਾਲੀਆਂ ਨਸਲਾਂ ਦਾ ਆਸਾਨੀ ਨਾਲ ਪਾਲਣ ਪੋਸ਼ਣ ਹੋ ਸਕਦਾ ਹੈ।" ਅਜਿਹੀ ਹਕੀਕਤ ਦੀ ਪੁਸ਼ਟੀ ਹੀ ਫਰਾਂਸਿਸ ਸੋਰ ਲੁਪੇ, ਜੋਸੇਫ ਕਾਲਿਨਸ, ਪੀਟਰ ਰੋਜਟ ਅਤੇ ਲੂਈਸ ਇਸ ਪਰਸਾ ਦੀ ਸਾਂਝੀ ਕਿਤਾਬ-ਵਿਸ਼ਵ ਭੁੱਖ : ਬਾਰਾ ਮਿੱਥ ਵਿਚ ਕੀਤਾ ਹੈ। ਇਨ੍ਹਾਂ ਵੀ ਇਹੋ ਸਿੱਟਾ ਕੱਢਿਆ ਹੈ ਕਿ ਪੂਰੀ ਦੁਨੀਆ 'ਚ ਜਿਨ੍ਹਾਂ ਹਰ ਸਾਲ ਅਨਾਜ ਪੈਦਾ ਹੁੰਦਾ ਹੈ, ਜਿਸ ਨਾਲ ਇਸ ਗ੍ਰਹਿ ਦੇ ਹਰ ਇਕ ਵਾਸੀ ਨੂੰ ਹਰ ਦਿਨ ਪੈਂਤੀ ਸੌ ਕਲੋਰੀ ਦੀ ਖੁਰਾਕ ਦਿੱਤੀ ਜਾ ਸਕਦੀ ਹੈ। ਭਾਵ ਧਰਤੀ ਉਹੀ ਅਨਾਜ ਦੀ ਕਮੀ ਨਹੀਂ। ਅਨਾਜ ਐਨਾ ਹੈ ਕਿ ਨਾ ਸਿਰਫ਼ ਪੇਟ ਭਰਨ ਤੋਂ ਵੱਧ ਹੈ ਸਗੋਂ ਮੋਟਾ ਹੋਣ ਦੇ ਲਈ ਵਾਧੂ ਮਾਤਰਾ ਵਿਚ ਹੈ। ਇਹ ਦੱਸ ਦੇਈਏ ਕਿ ਇਕ ਅਨਾਜ ਦੇ ਅੰਕੜਿਆਂ ਵਿਚ ਸਬਜ਼ੀਆਂ ਫਲ, ਮਾਸ, ਮੱਛੀ ਤੇ ਹੋਰ ਪਦਾਰਥ ਭਾਵ ਡਰਾਈ ਫਰੂਟ ਆਦਿ ਦੀ ਗਿਣਤੀ ਨਹੀਂ ਕੀਤੀ ਗਈ। ਜੇ ਇਨ੍ਹਾਂ ਵੀ ਸ਼ਾਮਲ ਕਰ ਲਿਆ ਜਾਵੇ ਤਾਂ ਦੁਨੀਆ






ਦੇ ਹਰ ਆਦਮੀ ਨੂੰ ਹਰ ਰੋਜ਼ ਘੱਟੋ ਘੱਟ 4.3 ਪੌਂਡ ਭੋਜਨ ਮਿਲ ਸਕੇਗਾ ਨਾ ਹੀ ਇਸ ਅਨਾਜ ਦੀ ਥੁੜ ਦਾ ਸਬੰਧ ਕੁਦਰਤੀ ਆਫ਼ਤਾਂ ਪਾਵ ਜਲਵਾਯੂ ਤਬਦੀਲੀ ਘੱਟ ਉਤਪਾਦਨ ਜਾਂ ਅਜਿਹੀਆਂ ਹੋਰ ਸਮੱਸਿਆਵਾਂ ਨਾਲ ਹੀ ਹੈ। ਇਹ ਸਮੱਸਿਆ ਵਿਸ਼ਵ ਪੱਧਰ ਉਤੇ ਵੀ ਅਨਾਜ ਉਤੇ ਸਮਾਜ ਦੇ ਇਕ ਉਚ ਅਮੀਰ ਵਰਗ ਦੇ ਕੰਟਰੋਲ ਹੋਣ ਨਾਲ ਸਬੰਧਤ ਹੈ ਕਿਉਂਕਿ ਖੁਰਾਕ ਅਨਾਜ ਨੂੰ ਇਹ ਵਰਗ ਕੰਟਰੋਲ ਕਰਦਾ ਅਤੇ ਵੰਡਦਾ ਹੈ। ਦੁਨੀਆ ਦੀ ਤਿੰਨ ਚੌਥਾਈ ਆਬਾਦੀ-ਗਰੀਬਾਂ ਦਾ ਅਨਾਜ ਦੇ ਵਪਾਰ ਦੇ ਮਾਮਲੇ ਜਾਂ ਕਿਹਾ ਜਾਵੇ ਪੂਰੇ ਪੂੰਜੀਵਾਦੀ ਪ੍ਰਬੰਧ ਦੇ ਚਲਣ ਵਿਚ ਕੋਈ ਦਖ਼ਲ ਨਹੀਂ ਹੁੰਦਾ। ਇਹ ਮੰਡੀ ਆਧਾਰਤ ਪ੍ਰਬੰਧ ਹੈ ਜਿਹੜਾ ਵੱਡੀ ਆਬਾਦੀ ਨੂੰ ਅਨਾਜ ਤੋਂ ਦੂਰ ਰੱਖਕੇ ਸਹਿਜੇ-ਸਹਿਜੇ ਭੁੱਖਾ ਰੱਖਕੇ ਮੌਤ ਵੱਲ ਧੱਕਦਾ ਹੈ।

ਅਸੀਂ ਭਾਰਤ ਦੀ ਤਸਵੀਰ ਵੀ ਵੇਖ ਲਈਏ। ਇਥੋਂ ਵੀ ਭੁਖਮਰੀ, ਮੰਗ ਅਤੇ ਪੂਰਤੀ ਜਾਂ ਲੋੜੀਂਦੀ ਮਾਤਰਾ ਵਿਚ ਅਨਾਜ ਦੀ ਪੈਦਾਵਾਰ ਨਾ ਹੋਣ ਦਾ ਸਵਾਲ ਨਹੀਂ ਹੈ ਸਗੋਂ ਅਨਾਜ ਪੈਦਾਵਾਰ ਉਤੇ ਕੁਝ ਹੱਥਾਂ ਦੇ ਕੰਟਰੋਲ ਹੋ ਜਾਣ ਨਾਲ ਹੀ ਹੈ।

**ਦੇਸ਼ ਵਿਚ ਅਨਾਜ ਉਤਪਾਦਨ**

| ਸਾਲ | ਜਨ ਸੰਖਿਆ ਪ੍ਰਤੀ ਵਿਅਕਤੀ | ਅਨਾਜ ਉਤਪਾਦਨ ਮਿਲੀਅਨ ਟਨ 'ਚ | ਮਿਲੀਅਨਾਂ 'ਚ ਅਨਾਜ ਉਤਪਾਦਨ |
|---|---|---|---|
| 1950-51 | 363 | 51 | 140 |
| 1960-61 | 442 | 82 | 185 |
| 1970-71 | 551 | 108 | 196 |
| 1980-81 | 689 | 130 | 188 |
| 1990-91 | 952 | 176 | 206 |
| 2000-2011 | 1186 | 239 | 212 |

ਸਰੋਤ : ਵੱਖ-ਵੱਖ ਸਾਲਾਂ ਦੇ ਆਰਥਿਕ ਸਰਵੇਖਣ ਅਤੇ ਐਫ. ਏ. ਓ. ਦੇ ਅੰਕੜਿਆਂ ਉਤੇ ਆਧਾਰਤ

ਪਿਛਲੇ ਛੇ ਦਹਾਕਿਆਂ ਦੀ ਉਪਰੋਕਤ ਤਸਵੀਰ ਇਹ ਦਰਸਾਉਂਦੀ ਹੈ ਕਿ ਅਨਾਜ ਉਤਪਾਦਨ ਵਿਚ ਵਾਧੇ ਦੀ ਰਫ਼ਤਾਰ ਆਬਾਦੀ ਦੇ ਵਾਧੇ ਦੀ ਰਫ਼ਤਾਰ ਨਾਲੋਂ ਜ਼ਿਆਦਾ ਹੈ। ਹਰ ਦਹਾਕੇ 'ਚ ਪ੍ਰਤੀ ਵਿਅਕਤੀ ਅਨਾਜ ਉਤਪਾਦਨ ਵਿਚ ਵਾਧਾ ਹੋ ਰਿਹਾ ਹੈ, ਪਰ ਲੋਕਾਂ ਤੱਕ ਇਹ ਪਹੁੰਚ ਨਹੀਂ ਰਿਹਾ? ਕਿਉਂ? ਇਹ ਕੀਹਦੀ ਜ਼ਿੰਮੇਵਾਰੀ ਹੈ? ਦੇਸ਼ ਦੇ ਨਾਗਰਿਕਾਂ ਤੱਕ ਅਨਾਜ ਪਹੁੰਚਾਉਣ ਦੀ ਜ਼ਿੰਮੇਵਾਰੀ ਕੀ ਹਕੂਮਤ ਦੀ ਨਹੀਂ? ਕੀ ਉਹਨੂੰ ਅਜਿਹੀ ਪਾਲਿਸੀ (ਨੀਤੀ) ਨਹੀਂ ਬਣਾਉਣੀ ਚਾਹੀਦੀ ਹੈ ਕਿ ਦੇਸ਼ ਦੇ ਹਰ ਨਾਗਰਿਕ ਨੂੰ ਉਹਦੀ ਲੋੜੀਂਦੀ ਮਾਤਰਾ ਵਿਚ ਅਨਾਜ ਮੁਹੱਈਆ ਹੋਵੇ? ਕਿਉਂ 37 ਫੀਸਦੀ ਭੁਖਮਰੀ ਦਾ ਸ਼ਿਕਾਰ ਬਣੇ ਪਿਛਲੇ 67 ਸਾਲ ਦੇ ਰਾਜ ਕਾਲ ਪਿਛੋਂ ਵੀ? ਸੋ ਇਹ ਮਾਮਲਾ ਨਾ ਉਤਪਾਦਨ ਨਾਲ ਸਬੰਧਤ ਹੈ ਨਾ ਹੀ ਵਧਦੀ ਆਬਾਦੀ ਨਾਲ ਇਹ ਉਸ ਪ੍ਰਬੰਧਕੀ ਮੈਕਾਨਿਜ਼ਮ ਨਾਲ ਹੈ ਜਿਸ ਨਾਲ ਆਮ ਨਾਗਰਿਕਾਂ ਦੀ ਅਨਾਜ ਤੱਕ ਸੌਖੇਰੀ ਪਹੁੰਚ ਹੋਵੇ।

ਜ਼ਰਾ ਦੇਸ਼ 'ਚ ਅਨਾਜ ਦੀ ਤਾਜ਼ਾ ਤਸਵੀਰ ਵੇਖ ਲਈਏ। ਜੂਨ 2013 ਵਿਚ 770 ਲੱਖ ਟਨ ਅਨਾਜ ਉਤਪਾਦਨ ਹੋਇਆ ਸੀ। ਐਨਾ ਕੁਹੀ 2014 ਵਿਚ ਹੋਇਆ। ਦੇਸ਼ ਦੇ ਗੋਦਾਮਾਂ ਵਿਚ ਐਸ ਵੇਲੇ 420 ਲੱਖ 70 ਹਜ਼ਾਰ ਟਨ ਜਮ੍ਹਾਂ ਹੈ। ਪਿਛਲੇ ਸਾਲਾਂ 'ਚ ਆਮ ਲੋਕਾਂ ਤੱਕ ਤਾਂ ਅਨਾਜ ਪਹੁੰਚਾਉਣ ਦੀ ਜ਼ਿੰਮੇਵਾਰੀ ਨਹੀਂ ਨਿਭਾਈ ਪਰ 2012-13 ਵਿਚ ਇਕ ਕਰੋੜ ਟਨ ਨਿਰਯਾਤ ਕਰਕੇ ਖੁੱਲ੍ਹੀ ਮੰਡੀ ਵਿਚ ਵੇਚ ਦਿੱਤਾ। ਇਕ ਪਾਸੇ ਸਰਕਾਰ ਪੂੰਜੀਪਤੀ ਘਰਾਣਿਆਂ ਨੂੰ ਟੈਕਸਾਂ 'ਚ ਛੋਟਾਂ ਦੇ ਰਹੀ ਹੈ। ਦੂਸਰੇ ਪਾਸੇ ਲੋਕ ਵੰਡ ਪ੍ਰਣਾਲੀ ਵਿਚ ਖੁਰਾਕੀ ਦੀ ਸਬਸਿਡੀ ਖਤਮ ਕਰਕੇ ਮਹਿੰਗੇ ਭਾਅ ਦਾ ਅਨਾਜ ਖ਼੍ਰੀਦਣ ਲਈ ਮਜ਼ਬੂਰ ਕਰ ਰਹੀ ਹੈ।

ਹੋਰਾਂ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਸਾਡਾ (ਭਾਰਤ) ਦਾ ਕਰ ਜੀ ਡੀ.ਪੀ. ਅਨੁਪਾਤ ਬਹੁਤ ਘੱਟ ਹੈ। ਜਿਥੇ ਦੱਖਣੀ ਅਫ਼ਰੀਕਾ 'ਚ 26 ਫੀਸਦੀ ਰੂਸ ਵਿਚ 23 ਫੀਸਦੀ, ਬ੍ਰਾਜ਼ੀਲ ਵਿਚ 25.4 ਫੀਸਦੀ ਹੈ, ਉਥੇ ਇਨ੍ਹਾਂ ਮੁਕਾਬਲੇ ਭਾਰਤ ਵਿਚ ਮਹਿਜ 15 ਫੀਸਦੀ ਹੀ ਹੈ। ਦੂਸਰੇ ਪਾਸੇ ਜ਼ਿਆਦਾਤਰ ਸਾਲਾਂ ਵਿਚ ਅਨਾਜ ਸਬਸਿਡੀ ਜੀ.ਡੀ.ਪੀ. ਦਾ ਮਹਿਜ ਇਕ ਫੀਸਦੀ ਹੀ ਰਹੀ ਹੈ। ਪੂੰਜੀਪਤੀਆਂ ਨੂੰ ਟੈਕਸਾਂ 'ਚ ਜਿਹੜੀਆਂ 4 ਤੋਂ 6 ਲੱਖ ਕਰੋੜ ਦੀਆਂ ਛੋਟਾਂ ਦਿੱਤੀਆਂ ਗਈਆਂ ਉਹ ਜੀ.ਡੀ.ਪੀ. ਦਾ 5 ਤੋਂ 8 ਫੀਸਦੀ ਤੱਕ ਪਹੁੰਚ ਗਿਆ ਹੈ। ਹਕੂਮਤ ਕੀਹਦੀ ਹੈ। ਲੋਕਾਂ ਲਈ ਰੋਟੀ ਮੁਹੱਈਆ ਨਹੀਂ ਕਰਾ ਸਕਦੀ। ਧਨ ਕੁਬੇਰਾਂ ਲਈ ਸਰਕਾਰੀ ਖਜ਼ਾਨੇ 'ਚੋਂ ਖੁੱਲੇ ਗੱਫੇ ਦਿੱਤੇ ਜਾ ਰਹੇ ਹਨ। ਕਿਸੇ ਵੇਲੇ ਪਹਿਲੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਭੁਖਮਰੀ ਨੂੰ ਇਕ ਕਲੰਕ ਕਿਹਾ ਸੀ ਪਰ ਇਹ ਕਲੰਕ ਤੋਂ ਮੁਕਤੀ ਪਾਉਣ ਲਈ ਉਹਨੇ ਵੀ ਚੁੱਪ ਵੱਟੀ ਰੱਖੀ। ਕੋਈ ਠੋਸ ਤੇ ਸਾਰਥਿਕ ਯੋਜਨਾ ਨਹੀਂ ਬਣੀ ਹੁਣ ਦੀ ਮੋਦੀ ਹਕੂਮਤ ਪਾਸ ਤਾਂ ਇਸ ਕਲੰਕ ਤੋਂ ਮੁਕਤੀ ਦਾ ਏਜੰਡਾ ਹੀ ਨਹੀਂ। ਇਨ੍ਹਾਂ ਤਾਂ ਇਹ ਭਗਵਾਨ ਤੇ ਰਾਮ ਦੇ ਭਰੋਸੇ ਛੱਡ ਦਿੱਤਾ ਹੈ।

ਜਿਸ ਦੇਸ਼ ਵਿਚ ਕਰੋੜਾਂ ਲੋਕ ਅੱਧਾ ਢਿੱਡ ਭਰ ਕੇ ਸੌਣ ਲਈ ਮਜ਼ਬੂਰ ਹਨ 42 ਫੀਸਦੀ ਬੱਚਿਆਂ ਨੂੰ ਪੋਸ਼ਿਤ ਖੁਰਾਕ ਨਹੀਂ ਮਿਲਦੀ। 8 ਹਜ਼ਾਰ ਲੋਕ ਹਰ ਰੋਜ਼ ਭੁੱਖ ਨਾਲ ਮਰਦੇ ਹਨ ਭਾਵ ਹਰ ਸਾਲ 28 ਲੱਖ 80 ਹਜ਼ਾਰ ਮੌਤਾਂ ਭੁੱਖ ਨਾਲ ਹੁੰਦੀਆਂ ਹਨ। ਕਰੋੜਾਂ ਬੱਚੇ ਸਰੀਰਕ ਅਤੇ ਮਾਨਸਿਕ ਵਿਕਾਸ ਵਿਹੂਣੇ ਹੋ ਜਾਂਦੇ ਹਨ। ਉਸ ਦੇਸ਼ ਦੇ ਹਾਕਮ ਆਪਣੀਆਂ ਕਲਾਤਮਕ ਚਾਲਬਾਜ਼ੀਆਂ ਨਾਲ ਕੀਤੀ ਜੀ.ਡੀ.ਪੀ. ਦੇ ਵਾਧੇ ਦੀ ਦਰ ਦਿਖਾ ਕੇ ਦੁਨੀਆ ਦਾ ਅਮੀਰ ਤੇ ਸੰਪਨ ਮੁਲਕ ਬਣਨ ਦੇ ਦਾਅਵੇ ਕਰਨ ਜਿਸ ਦੇਸ਼ ਦਾ ਰਾਮ ਨਾਮ ਦਾ ਜਾਪ ਕਰਨ ਵਾਲਾ ਪ੍ਰਧਾਨ ਮੰਤਰੀ ਕਰੋੜਾਂ ਰੁਪਏ ਆਪਣੇ ਸੂਟਾਂ (ਕੱਪੜਿਆਂ ਉਤੇ ਲੁਟਾ ਰਿਹਾ ਹੋਵੇ ਉਥੇ ਭੁਖਮਰੀ ਨਾਲ ਮਰਨ ਵਾਲਿਆਂ ਪ੍ਰਤੀ ਕੌਣ ਸੰਵੇਦਨਸ਼ੀਲ ਹੋਵੇਗਾ। ਪੂੰਜੀ ਦੀ ਹਵਸ ਨੇ ਹਾਕਮਾਂ ਦੇ ਅੰਦਰਲੀ ਮਾਨਵੀ ਸੰਵੇਦਨਾ ਖਤਮ ਕਰ ਦਿੱਤੀ ਹੈ। ਹਾਕਮ ਤੇ ਹਕੂਮਤ ਇਸ ਸਮੱਸਿਆ ਨੂੰ ਵੀ ਡੰਡੇ ਅਤੇ ਤਲਵਾਰ (ਸਖ਼ਤ ਜਾਬਰ ਕਾਨੂੰਨ ਲਿਆ ਕੇ) ਹੱਲ ਕਰਨ ਉਤੇ ਤੁਲੀ ਹੋਈ ਹੈ। ਦੂਸਰੇ ਪਾਸੇ ਰਾਜ ਤੇ ਰਾਜ 'ਤੇ ਕਾਬਜ਼ ਧਿਰ ਧਰਮ ਦਾ ਡੰਡਾ ਫੜ ਕੇ ਅਵਾਮ ਨੂੰ ਦਹਿਸ਼ਤਜਦ ਕਰਨ ਵੱਲ ਵੱਧ ਰਹੇ ਹਨ ਅਤੇ ਹਰ ਭਾਰਤੀ ਨਾਗਰਿਕ ਨੂੰ ਢਿੱਡ ਭਰਵੀਂ ਰੋਟੀ ਮੁਹੱਈਆ ਕਰਾਉਣ ਦਾ ਸੰਵਿਧਾਨਕ ਧਰਮ ਭੁੱਲ ਚੁੱਪੇ ਹਨ। ਹਾਲਾਂਕਿ ਸੰਵਿਧਾਨਕ ਧਰਮ ਹਰ ਨਾਗਰਿਕ ਨੂੰ ਲੋੜੀਂਦੀ ਖੁਰਾਕ ਮੁਹੱਈਆ ਕਰਾਉਣ ਦੀ ਵਚਨਬੱਧਤਾ ਦਿੰਦਾ ਹੈ।

ਜਦੋਂ ਕੋਈ ਪ੍ਰਬੰਧ ਜਾਂ ਹਕੂਮਤ ਲੋਕਾਂ ਨੂੰ ਦੋ ਡੰਗ ਦੀ ਰੋਟੀ ਦੇਣ ਤੋਂ ਵੀ ਅਸਮਰਥ ਹੋਵੇ ਤਾਂ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਉਸ ਪ੍ਰਬੰਧ ਅਤੇ ਹਕੂਮਤ ਨੂੰ ਬੁਨਿਆਦੀ ਤੌਰ 'ਤੇ ਤਬਦੀਲ ਕਰਨ ਦੇ ਕਾਰਜ 'ਚ ਜੁਟ ਜਾਣ ਕਿਉਂਕਿ ਭੁਖਮਰੀ ਦੇ ਕਲੰਕ ਨੂੰ ਸਮਾਜਿਕ ਸਾਧਨਾ, ਉਤਪਾਦਨ ਦੀ ਸਮਾਨ (ਬਰਾਬਰ) ਵੰਡ ਪ੍ਰਣਾਲੀ ਸਥਾਪਤ ਕਰਨ ਨਾਲ ਹੀ ਧੋਤਾ ਜਾ ਸਕਦਾ ਹੈ। 093544-30211

# ਹੋਟਲਾਂ-ਢਾਬਿਆਂ 'ਚ ਰੁਲਦਾ ਬਚਪਨ



-ਡਾ. ਅਮ੍ਰਿਤ

ਹੋਟਲਾਂ-ਢਾਬਿਆਂ ਵਿੱਚ ਪਲੇਟਾਂ ਮਾਂਜਦੇ, ਮੇਜ਼ ਸਾਫ਼ ਕਰਦੇ, ਦੁਕਾਨਾਂ ਵਿੱਚ ਸਮਾਨ ਢੋਂਦੇ, ਰੇਹੜੀਆਂ-ਥੜੀਆਂ 'ਤੇ ਛੋਟਾ-ਛੋਟਾ ਸਮਾਨ ਵੇਚਦੇ ਬੱਚਿਆਂ ਨੂੰ ਅਸੀਂ ਅਕਸਰ ਦੇਖ ਸਕਦੇ ਹਾਂ। ਇਸ ਤੋਂ ਇਲਾਵਾ ਝੋਲੇ ਬੰਨ ਕੇ ਤੁਰੇ ਫਿਰਦੇ ਗੰਦ ਦੇ ਢੇਰ ਛਾਣਦੇ ਬੱਚੇ ਵੀ ਆਮ ਦਿਖ ਪੈਂਦੇ ਹਨ। ਪਰ ਇਹ ਸਾਰਾ ਕੁਝ ਉਸ ਦੇਸ਼ ਵਿੱਚ ਹੁੰਦਾ ਹੈ, ਜਿਸ ਦੀ ਸਰਕਾਰ ਨੇ 14 ਸਾਲ ਦੇ ਹਰ ਇੱਕ ਬੱਚੇ ਲਈ ਸਕੂਲੀ ਸਿੱਖਿਆ ਮੁਫ਼ਤ ਅਤੇ ਲਾਜ਼ਮੀ ਕਰਨ ਅਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਹੋਟਲਾਂ-ਢਾਬਿਆਂ, ਦੁਕਾਨਾਂ, ਫੈਕਟਰੀਆਂ, ਖੇਤੀ ਵਿੱਚ ਅਤੇ ਘਰਾਂ ਵਿੱਚ ਨੌਕਰ ਦੇ ਤੌਰ 'ਤੇ ਕੰਮ ਕਰਾਉਣ 'ਤੇ ਪਾਬੰਦੀ ਲਾਉਣ ਦਾ ਕਾਨੂੰਨ ਬਣਾਇਆ ਹੋਇਆ ਹੈ ਅਤੇ ਜੋ ਲੋਕ ਭਲਾਈ ਦੀਆਂ ਸਕੀਮਾਂ ਬਣਾਉਣ ਦਾ ਢਿੰਡੋਰਾ ਵੱਖ-ਵੱਖ ਕਿਸਮ ਦੇ ਮੀਡੀਏ ਰਾਹੀਂ ਦਿਨ-ਰਾਤ ਪਿੱਟਦੀ ਰਹਿੰਦੀ ਹੈ। ਇਹ ਸਰਕਾਰ ਬਾਲ ਮਜ਼ਦੂਰੀ ਜਿਹੀ ਕੁਰਹਿਤ ਨੂੰ ਖਤਮ ਕਰਨ ਪ੍ਰਤੀ ਵਚਨਬੱਧਤਾ ਦੇ ਹਾਥੀ ਦੇ ਦੰਦ ਵੀ ਅਕਸਰ ਵਿਖਾਉਂਦੀ ਰਹਿੰਦੀ ਹੈ ਅਤੇ ਇਸ ਦੇ ਮੰਤਰੀ, ਅਫ਼ਸਰ ਅਤੇ ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰ ਲੋਕ ਅਕਸਰ ਇਸ ਵਿਸ਼ੇ 'ਤੇ ਲੰਮੇ-ਲੰਮੇ ਭਾਸ਼ਣਾਂ ਨਾਲ਼ ਲੋਕਾਂ ਨੂੰ ਨਿਹਾਲ ਕਰਦੇ ਹੀ ਰਹਿੰਦੇ ਹਨ। ਪਰ ਬਾਲ ਮਜ਼ਦੂਰੀ ਖਤਮ ਤਾਂ ਕੀ ਆਉਣੀ ਸੀ ਸਗੋਂ ਇਸ ਵਿੱਚ ਤਾਂ ਜਰ੍ਹਾ ਵੀ ਕਮੀ ਆਉਂਦੀ ਨਜ਼ਰ ਨਹੀਂ ਆ ਰਹੀ। ਬਾਲ ਮਜ਼ਦੂਰੀ ਨਾਲ਼ ਸਬੰਧਿਤ ਅੰਕੜੇ ਬੜੀ ਭਿਆਨਕ ਤਸਵੀਰ ਪੇਸ਼ ਕਰਦੇ ਹਨ।

ਸਰਕਾਰੀ ਜਨਗਣਨਾ ਅਨੁਸਾਰ, 1981 ਵਿੱਚ 1 ਕਰੋੜ 13 ਲੱਖ ਬਾਲ ਮਜ਼ਦੂਰ ਸਨ, ਜਿਹਨਾਂ ਦੀ ਗਿਣਤੀ ਵੱਧ ਕੇ 2001 ਵਿੱਚ 1ਕਰੋੜ 24 ਲੱਖ ਹੋ ਗਈ। ਪਰ ਸਭ ਜਾਣਦੇ ਹਨ ਕਿ ਸਰਕਾਰੀ ਅੰਕੜੇ ਬਹੁਤ ਥੋੜੀ ਸੱਚਾਈ ਪੇਸ਼ ਕਰਦੇ ਹਨ। ਗੈਰ ਸਰਕਾਰੀ ਸਰੋਤਾਂ ਜਾਂ ਖੋਜ ਸੰਸਥਾਨਾਂ ਦੁਆਰਾ ਹੋਏ ਸਰਵੇਖਣਾਂ ਵਿੱਚ ਜੋ ਅੰਕੜੇ ਸਾਹਮਣੇ ਆਏ ਹਨ ਉਹ ਇਸ ਤੋਂ ਵੀ ਭਿਆਨਕ ਤਸਵੀਰ ਪੇਸ਼ ਕਰਦੇ ਹਨ। ਇੱਕ ਗੈਰ ਸਰਕਾਰੀ ਅਦਾਰੇ ਦੁਆਰਾ 2007 ਵਿੱਚ ਜਾਰੀ ਇੱਕ ਰਿਪੋਰਟ ਵਿੱਚ ਇਹ ਤੱਥ ਸਾਹਮਣੇ ਆਏ ਹਨ

—ਭਾਰਤ ਵਿੱਚ 10 ਕਰੋੜ ਬੱਚੇ ਖਤਰਨਾਕ ਅਤੇ ਲੁੱਟ-ਖਸੁੱਟ ਭਰੇ ਹਾਲਾਤਾਂ ਵਿੱਚ ਕੰਮ ਕਰਦੇ ਹਨ। ਇਹ ਆਮ ਤੌਰ 'ਤੇ 12-15 ਘੰਟੇ ਕੰਮ ਕਰਦੇ ਹਨ ਅਤੇ ਕਈ ਵਾਰ 3-4 ਰੁਪਏ ਇੱਕ ਦਿਨ ਤੋਂ ਵੀ ਘੱਟ ਕਮਾਉਂਦੇ ਹਨ।

—ਉਹ ਧਮਾਕਾਖੇਜ਼ ਸਮੱਗਰੀ, ਧਾਤਾਂ ਤੇ ਜਹਿਰੀਲੀਆਂ ਗੈਸਾਂ ਵਿੱਚ 3-4 ਸਾਲ ਦੀ ਉਮਰ ਤੋਂ ਕੰਮ ਕਰਦੇ ਹਨ।

—ਇਹਨਾਂ ਵਿੱਚੋਂ ਅੰਦਾਜ਼ੇ ਮੁਤਾਬਕ 1.5 ਕਰੋੜ ਬੰਧੂਆ ਮਜ਼ਦੂਰ ਹਨ ਅਤੇ 1.1 ਕਰੋੜ ਸੜਕਾਂ 'ਤੇ ਰਹਿੰਦੇ ਹਨ।

—2 ਮਿਲੀਅਨ ਦੇ ਕਰੀਬ 5-15 ਸਾਲ ਦੀ ਉਮਰ ਦੇ ਬੱਚਿਆਂ ਨੂੰ ਵੇਸਵਾ ਗਮਨੀ ਵਿੱਚ ਕੰਮ ਕਰਾਇਆ ਜਾਂਦਾ ਹੈ। ਇਸ ਵਿੱਚੋਂ 80% ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਹਨ।

ਇਸ ਤੋਂ ਬਿਨਾਂ ਭਾਰਤ ਸਰਕਾਰ ਦੀ ਹੀ ਇੱਕ ਰਿਪੋਰਟ ਮੁਤਾਬਿਕ, 1.7 ਕਰੋੜ ਦੇ ਕਰੀਬ ਬਾਲ ਮਜ਼ਦੂਰ ਭਾਰਤ ਵਿੱਚ ਕੰਮ ਕਰ ਰਹੇ ਹਨ। ਪਰੰਤੂ ਇਸ ਅੰਕੜੇ ਵਿੱਚ ਅਸੰਗਠਿਤ ਖੇਤਰ ਜਿਵੇਂ ਹੋਟਲਾਂ, ਖੇਤੀ ਆਦਿ ਵਿੱਚ ਕੰਮ ਕਰਦੇ ਬੱਚਿਆਂ ਦੀ ਗਿਣਤੀ ਸ਼ਾਮਿਲ ਨਹੀਂ ਹੈ।

ਇੱਕ ਹੋਰ ਗੈਰ ਸਰਕਾਰੀ ਰਿਪੋਰਟ ਮੁਤਾਬਿਕ ਸਕੂਲ ਜਾਣ ਵਾਲ਼ੇ ਅਤੇ ਸਕੂਲ ਨਾ ਜਾਣ ਵਾਲ਼ੇ ਬੱਚਿਆਂ ਦੀ ਗਿਣਤੀ ਦੇ ਅਧਾਰ 'ਤੇ ਇਸ ਰਿਪੋਰਟ ਨੇ 7-8 ਕਰੋੜ ਬਾਲ-ਮਜ਼ਦੂਰ ਭਾਰਤ ਵਿੱਚ ਹੋਣ ਦਾ ਅੰਦਾਜ਼ਾ ਲਾਇਆ ਹੈ। ਅਮਰੀਕਾ ਦੇ ਲੇਬਰ ਵਿਭਾਗ ਅਨੁਸਾਰ, 1998 ਵਿੱਚ ਅਣਅਧਿਕਾਰਤ ਤੌਰ 'ਤੇ 11.1 ਕਰੋੜ ਬਾਲ ਮਜ਼ਦੂਰ ਭਾਰਤ ਵਿੱਚ ਕੰਮ ਕਰਦੇ ਸਨ। ਯੂਨੀਸੇਫ਼ ਨੇ ਵੀ ਭਾਰਤ ਵਿੱਚ ਬਾਲ ਮਜ਼ਦੂਰਾਂ ਦੀ ਸੰਖਿਆਂ 6 ਕਰੋੜ ਤੋਂ ਵੱਧ ਮੰਨੀ ਹੈ। ਆਓ, ਹੁਣ ਬਾਲ ਮਜ਼ਦੂਰੀ ਦੇ ਕਾਰਨਾਂ ਨੂੰ 'ਤੇ ਨਜ਼ਰ ਮਾਰੀਏ। ਬੱਚਿਆਂ ਨੂੰ ਘੱਟ ਮਜ਼ਦੂਰੀ ਦੇਣੀ ਪੈਂਦੀ ਹੈ ਅਤੇ ਉਹਨਾਂ ਤੋਂ ਵੱਧ ਘੰਟੇ ਕੰਮ ਕਰਵਾਇਆ ਜਾ ਸਕਦਾ ਹੈ ਅਤੇ ਬੱਚੇ ਲੁੱਟ-ਖਸੁੱਟ ਖਿਲਾਫ਼ ਕੋਈ ਸੰਘਰਸ਼ ਵੀ ਨਹੀਂ ਕਰ ਸਕਦੇ। ਇਸ ਤਰ੍ਹਾਂ ਮਾਲਕਾਂ ਦੇ ਮੁਨਾਫ਼ੇ ਵਿੱਚ ਅਸੀਮ ਵਾਧਾ ਹੁੰਦਾ ਹੈ।

ਪਰਿਵਾਰ ਦੇ ਬਾਲਗ ਮੈਂਬਰਾਂ ਨੂੰ ਰੁਜ਼ਗਾਰ ਨਹੀਂ ਮਿਲਦਾ ਜਾਂ ਫਿਰ ਬਹੁਤ ਘੱਟ ਮਜ਼ਦੂਰੀ ਮਿਲਦੀ ਹੈ ਜਿਸ ਕਾਰਨ ਪਰਿਵਾਰ ਨੂੰ ਬੱਚਿਆਂ ਤੋਂ ਕੰਮ ਕਰਵਾਉਣਾ ਪੈਂਦਾ ਹੈ। ਕਈ ਵਾਰ ਪਰਿਵਾਰ, ਖਾਸ ਕਰਕੇ ਪੇਂਡੂ ਖੇਤੀ ਖੇਤਰ ਵਿੱਚ, ਮਾਲਕਾਂ ਦੇ ਕਰਜ਼ੇ ਹੇਠ ਆ ਜਾਂਦਾ ਹੈ ਤੇ ਉਹਨਾਂ ਨੂੰ ਆਪਣੇ ਬੱਚਿਆਂ ਨੂੰ ਬੰਧੂਆ ਮਜ਼ਦੂਰ ਦੇ ਤੌਰ 'ਤੇ ਕੰਮ ਕਰਨ ਲਈ ਭੇਜਣਾ ਪੈਂਦਾ ਹੈ। ਕਈ ਵਾਰ ਅਜਿਹੇ ਪਰਿਵਾਰ ਆਪਣੇ ਬੱਚਿਆਂ ਨੂੰ ਠੇਕੇਦਾਰਾਂ ਕੋਲ ਵੇਚ ਦਿੰਦੇ ਹਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਬਾਲ ਮਜ਼ਦੂਰੀ ਦੀ ਤਹਿ ਵਿੱਚ ਵੀ ਗਰੀਬੀ ਅਤੇ ਮਾਲਕਾਂ ਦੀ ਲੁੱਟ-ਖਸੁੱਟ, ਮੁਨਾਫ਼ੇ ਦੀ ਹਵਸ ਹੀ ਹੈ। ਬਾਲ ਮਜ਼ਦੂਰੀ ਇਸ ਮੁਨਾਫ਼ਾ ਕੇਂਦਰਤ ਪੂੰਜੀਵਾਦੀ ਢਾਂਚੇ ਨੂੰ ਲੋੜੀਂਦੀ ਵੀ ਹੈ ਅਤੇ ਇਸਦੀ ਲਾਜ਼ਮੀ ਪਦਾਇਸ਼ ਵੀ। ਇਸ ਲਈ ਬਾਲ ਮਜ਼ਦੂਰੀ ਦਾ ਖਾਤਮਾ ਵੀ ਕਿਸੇ ਕਾਨੂੰਨ ਜਾਂ ਸਰਕਾਰੀ ਸਕੀਮ ਨਾਲ਼ ਨਹੀਂ ਹੋ ਸਕਦਾ। ਜਦੋਂ ਤੱਕ ਆਰਥਿਕ ਢਾਂਚੇ ਦੇ ਕੇਂਦਰ ਵਿੱਚ ਮਨੁੱਖ ਨਹੀਂ ਸਗੋਂ ਮੁਨਾਫਾ ਰਹੇਗਾ ਅਤੇ ਕਿਰਤੀ ਲੋਕ ਲੁੱਟ-ਖਸੁੱਟ, ਗਰੀਬੀ, ਕੰਗਾਲੀ, ਭੁੱਖਮਰੀ ਦਾ ਸ਼ਿਕਾਰ ਰਹਿਣਗੇ ਉਦੋਂ ਤੱਕ ਬਾਲ ਮਜ਼ਦੂਰੀ ਦਾ ਕਲੰਕ ਸਮਾਜ ਦੇ ਮੱਥੇ ਤੋਂ ਧੋਤਾ ਨਹੀਂ ਜਾ ਸਕੇਗਾ। ਇਸ ਕਲੰਕ ਦੇ ਸੰਪੂਰਨ ਸਫਾਏ ਦੀ ਸ਼ਰਤ ਹੈ ਮੁਨਾਫਾ ਕੇਂਦਰਤ ਆਰਥਿਕ ਢਾਂਚੇ ਅਤੇ ਇਸੇ ਅਨੁਸਾਰੀ ਹੀ ਬਣੇ ਰਾਜਨੀਤਕ ਅਤੇ ਸਮਾਜਿਕ ਢਾਂਚੇ ਦਾ ਸੰਪੂਰਨ ਸਫਾਇਆ।

For advertisement and donations contact
**DEVINDER TOOR 416-902-9372**
**HARBANS SINGH 416-817-7142**
Email: ppapmg@gmail.com
**Om Parkash Sharma**
**647-891-8500**
Email : omjagraon@yahoo.com
**Pro-People Arts Project Media Group**
**"Sarokaran Di Awaz" Newspaper**
29 Mapleview Ave Brampton Ontario
Canada L6R 1M2
Email: ppapmg@gmail.com
Website: www.ppapmg.com

**ਸੰਪਾਦਕ ਮੰਡਲ (ਆਨਰੇਰੀ)**
ਮਾ. ਭਜਨ ਸਿੰਘ ਕੈਲਗਰੀ, ਅਲਬਰਟਾ
403-455-4220
ਹਰਬੰਸ ਸਿੰਘ
416-817-7142
ਦੇਵਿੰਦਰ ਤੂਰ
416-902-9372
ਸੁਖਵਿੰਦਰ ਸਿੰਘ ਢਿੱਲੋਂ
ਜਸਪ੍ਰੀਤ ਧਾਲੀਵਾਲ
ਸੁਖਦੇਵ ਸਿੰਘ ਸੰਧੂ
ਮਾਸਟਰ ਬਲਬੀਰ ਸਿੰਘ ਗਿੱਲ
ਹਰਨੇਕ ਧਾਲੀਵਾਲ, ਵਿੰਨੀਪੈਗ ਮਾਨੀਟੋਬਾ
204-488-6960
ਗੁਰਬਚਨ ਸਿੰਘ ਬਰਾੜ
403-470-2628
ਬਲਜਿੰਦਰ ਸਿੰਘ
ਗ੍ਰਾਫਿਕਸ ਡਿਜ਼ਾਇਨਰ
+91-92167-29598
akashdeep.1064@gmail.com
'ਸਰੋਕਾਰਾਂ ਦੀ ਆਵਾਜ਼' ਅਖ਼ਬਾਰ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਟੋਰਾਂਟੋ ਦੇ ਰੰਗ ਮੰਚ ਕਲਾਕਾਰ-(5)

(ਸ.ਫ਼ਾ 15 ਦੀ ਬਾਕੀ)

ਦੇ ਉਦਾਸ ਰਹਿਣ ਦਾ ਕਾਰਨ ਕੋਈ ਓਪਰੀ ਸ਼ੈ ਮੰਨ ਕੇ ਸਾਧ ਦੇ ਚੁੰਗਲ ਵਿੱਚ ਫਸਣਾ ਤੇ ਬੱਚੇ ਦੇ ਤਰਕਸ਼ੀਲ਼ ਮਾਮੇ ਵਲੋਂ ਸਥਿਤੀ ਸੰਭਾਲ ਲੈਣਾ ਇਸ ਨਾਟਕ ਦਾ ਵਿਸ਼ਾ ਹੈ। ਇਹ ਨਾਟਕ ਦਰਸ਼ਕਾਂ ਦੀ ਵਿਸ਼ੇਸ ਖਿੱਚ ਅਤੇ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਦਰਸ਼ਕਾਂ ਦੀ ਮੰਗ ਤੇ ਇਸ ਨਾਟਕ ਦੇ ਬਹੁਤ ਸਾਰੇ ਸ਼ੋਅ ਹੋਏ । ਨਾਹਰ ਦਾ ਨਾਟਕ "ਸੁਪਰਵੀਜ਼ਾ" ਖਾਸ ਚਰਚਾ ਵਿੱਚ ਰਿਹਾ ਹੈ। ਇਹ ਨਾਟਕ ਜਿੱਥੇ ਸੁਪਰ ਵੀਜੇ ਤੇ ਆਏ ਮਾਪਿਆਂ ਦੀ ਮੁਸ਼ਕਲਾਂ ਦਸਦਾ ਹੈ ਉਥੇ ਬਦਲ ਰਹੀਆਂ ਇਮੀਗਰੇਸ਼ਨ ਨੀਤੀਆਂ ਦੀ ਪੋਲ ਵੀ ਖੋਲ੍ਹਦਾ ਹੈ। ਨਾਹਰ ਔਜਲਾ ਦੇ ਨਾਟਕ ਯਥਾਰਥਕ ਸ਼ੈਲੀ ਵਿੱਚ ਕਲਾਤਮਕ ਢੰਗ ਨਾਲ ਲੋਕਾਂ ਦੀਆਂ ਮੁਸ਼ਕਲਾਂ ਦੀਆਂ ਪਰਤਾਂ ਖੋਲਦੇ ਹਨ। ਨਾਹਰ ਦੇ ਨਾਟਕਾਂ ਨੂੰ ਲੋਕਾਂ ਵਲੋਂ ਮਿਲਦਾ ਹੁੰਗਾਰਾ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਜੇ ਲੋਕਾਂ ਦੇ ਦੁੱਖ-ਸੁੱਖ ਦੀ ਗੱਲ ਹੋਵੇਗੀ ਤਾਂ ਉਹ ਹੁੰਗਾਰਾ ਜਰੂਰ ਭਰਨਗੇ।

ਨਾਹਰ ਔਜਲਾ ਨੇ ਉੱਤਰੀ ਅਮਰੀਕਾ ਵਿੱਚ ਭਾਅ ਜੀ ਗੁਰਸ਼ਰਨ ਸਿੰਘ ਦੇ ਨਾਟਕ ਕਰਵਾਉਣ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ। ਇਹਨਾ ਨੂੰ ਬਹੁਤ ਸਾਰੀਆਂ ਮਹਾਨ ਸਖਸ਼ੀਅਤਾਂ ਜਿਨ੍ਹਾਂ ਵਿੱਚ ਫਰੀਲਾਂਸ ਜਰਨਲਿਸਟ ਪੀ ਸਾਈਨਾਥ, ਹਬੀਬ ਤਨਬੀਰ, ਕੁਲਦੀਪ ਨਈਅਰ, ਅਨੀਤਾ ਸ਼ਬਦੀਸ਼, ਡਾ. ਸੁਰਜੀਤ ਭੱਟੀ, ਡਾ. ਸਤੀਸ਼ ਵਰਮਾ, ਅਮੋਲਕ ਸਿੰਘ, ਜਸਵਿੰਦਰ ਗਜ਼ਲਗੋ ਅਤੇ ਹੋਰ ਬਹੁਤ ਸਾਰਿਆਂ ਦੀ ਮੇਜ਼ਬਾਨੀ ਕਰਨ ਦਾ ਮਾਣ ਪ੍ਰਾਪਤ ਹੈ। ਨਾਹਰ ਹੋਰ ਸੰਸਥਾਵਾਂ ਨੂੰ ਮਿਲਵਰਤਨ ਦੇਣ ਜਿਵੇਂ ਚਿੰਗੂਜੀ ਪਾਰਕ ਵਿਚਲਾ ਗਦਰੀ ਬਾਬਿਆਂ ਦਾ ਮੇਲਾ, ਇਮੀਗਰੇਸ਼ਨ ਬਾਰੇ ਸੈਮੀਨਾਰ, ਗਦਰੀ ਨਾਟਕ ਮੇਲਾ, ਅੰਤਰਰਾਸ਼ਟਰੀ ਥੀਏਟਰ ਡੇਅ ਜਾਂ ਕੋਈ ਵੀ ਹੋਰ ਸਾਂਝਾ ਪ੍ਰੋਗਰਾਮ ਹੋਵੇ ਹਮੇਸ਼ਾਂ ਮੂਹਰਲੀਆਂ ਸਫਾਂ ਵਿੱਚ ਰਿਹਾ ਹੈ। ਨਾਹਰ ਸਿਰਫ ਲੋਕ ਪੱਖੀ ਨਾਟਕ ਹੀ ਨਹੀਂ ਕਰਦਾ ਉਸਦਾ ਜੀਵਨ ਵੀ ਸੰਗਰਾਮੀ ਹੈ। ਉਸਨੇ ਕੈਨੇਡਾ ਵਰਗੇ ਵਿਅਸਤ ਮੁਲਕ ਵਿੱਚ ਵੀ 1992 ਦੇ ਰਫਿਊਜੀਆਂ ਦੇ ਪਾਸਪੋਰਟ ਮਸਲੇ, 2009 ਵਿੱਚ ਮਾਲਟਨ ਵਿੱਚ ਨੂੰ ਦੇ ਕਾਤਲ ਨੂੰ ਸਜ਼ਾ ਦਿਵਾਉਣ ਅਤੇ ਛੱਤੀਸ ਸਿੰਘਪੁਰਾ ਵਿੱਚ ਕਤਲ ਹੋਏ 35 ਸਿੱਖਾਂ ਦੇ ਪਰਿਵਾਰਾਂ ਦੀ ਮਦਦ ਲਈ ਅੱਸੀ ਹਜ਼ਾਰ ਡਾਲਰ ਇਕੱਠੇ ਕਰਨ ਵਿੱਚ ਆਗੂ ਰੋਲ ਨਿਭਾਇਆ। ਸਭਿਆਚਾਰਕ ਕਾਮਾ ਹੋਣ ਦੇ ਨਾਲ ਸਮਾਜਕ ਕੁਰੀਤੀਆਂ ਤੇ ਬੇਇਨਸਾਫੀ ਵਿਰੁੱਧ ਲੜਨਾ ਉਸਦਾ ਪ:ਲ:ਸ: ਮੰਚ ਦੀ ਸੋਚ ਤੇ ਖਰਾ ਉਤਰਨਾ ਹੈ।

ਨਾਹਰ ਔਜਲਾ ਨੇ ਆਪਣੇ ਅੱਠ ਨਾਟਕਾਂ ਨੂੰ "ਡਾਲਰਾਂ ਦੀ ਦੌੜ" ਅਤੇ "ਸੁਪਰਵੀਜ਼ਾ ਤੇ ਹੋਰ ਨਾਟਕ" ਟਾਈਟਲਾਂ ਹੇਠ ਕਿਤਾਬੀ ਰੂਪ ਦਿੱਤਾ ਹੈ। ਗੁਰਸ਼ਰਨ ਸਿੰਘ ਵਾਂਗ ਨਾਹਰ ਨਾਟਕ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਿਰਤੋੜ ਯਤਨ ਕਰ ਰਹੇ ਹਨ। ਸਾਲ 2014 ਵਿੱਚ ਪਾਰਕਾਂ ਤੇ ਹੋਰ ਪਬਲਿਕ ਥਾਵਾਂ ਤੇ ਉਸਨੇ ਆਪਣੇ ਨਾਟਕਾਂ ਨੂੰ ਨੁੱਕੜ ਨਾਟਕ ਵਿਧੀ ਰਾਹੀਂ ਪੇਸ਼ ਕਰਕੇ ਲੋਕਾਂ ਦੇ ਘਰਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ। ਇੱਕ ਸਾਲ ਵਿੱਚ 14 ਪੇਸ਼ਕਾਰੀਆਂ ਕਰਨਾ ਉਸਦੀ ਜਿਕਰਯੋਗ ਪ੍ਰਾਪਤੀ ਹੈ। ਇਸ ਉੱਦਮ ਨੂੰ ਆਮ ਲੋਕਾਂ ਵਲੋਂ ਤਕੜਾ ਹੁੰਗਾਰਾ ਮਿਲਿਆ। ਇਸ ਵਰ੍ਹੇ ਉਹ ਆਪਣਾ ਨਵਾਂ ਨਾਟਕ "ਜਿਉਂਦਾ ਜਾਗਦਾ ਬੁੱਤ" ਜਿਸ ਨੂੰ ਉਹ ਨੁੱਕੜ ਨਾਟਕ ਦੇ ਰੂਪ ਵਿੱਚ ਪੇਸ਼ ਕਰ ਚੁੱਕਾ ਹੈ ਨੂੰ ਪੂਰੇ ਨਾਟਕ ਦੇ ਰੂਪ ਵਿੱਚ ਦਰਸ਼ਕਾਂ ਦੀ ਕਚਹਿਰੀ ਵਿੱਚ ਪੇਸ਼ ਕਰਨ ਦੀ ਤਿਆਰੀ ਕਰ ਰਿਹਾ ਹੈ।

ਉਸਦੀ ਰੰਗ ਮੰਚ ਸੰਸਥਾ 'ਚੇਤਨਾ ਕਲਚਰਲ ਸੈਂਟਰ' ਨਾਲ ਬਹੁਤ ਸਾਰੇ ਨਾਮ ਕਲਾਕਾਰ ਸਬੰਧਤ ਰਹੇ ਹਨ। ਨਾਹਰ ਔਜਲਾ ਨਾਟਕ ਐਕਟਰ, ਲੇਖਕ, ਨਿਰਦੇਸ਼ਕ, ਗੀਤਕਾਰ ਅਤੇ ਇੱਕ ਕੁਸ਼ਲ ਪ੍ਰਬੰਧਕ ਹੈ। ਨਾਹਰਤੇ ਅਵਤਾਰ ਔਜਲਾ ਦੀ ਜੋੜੀ ਜਨੂੰਨ ਦੀ ਹੱਦ ਤੱਕ ਰੰਗ ਮੰਚ ਨੂੰ ਸਮਰਪਿਤ ਹੈ। ਜੇ ਅਵਤਾਰ ਇੰਨੀ ਸ਼ਿੱਦਤ ਨਾਲ ਨਾਹਰ ਦਾ ਸਾਥ ਨਾ ਦਿੰਦੀ ਤਾਂ ਹੋ ਸਕਦਾ ਹੈ ਉਹ ਇੰਨੀਆਂ ਪ੍ਰਾਪਤੀਆਂ ਨਾ ਕਰ ਸਕਦਾ। ਉਸਦੀ ਬੇਟੀ ਨਵੀ ਔਜਲਾ ਤੇ ਬੇਟਾ ਵਿੱਕੀ ਔਜਲਾ ਵੀ ਉਸ ਦੇ ਅੰਗ ਸੰਗ ਵਿਚਰਦੇ ਹਨ। ਉਸਦੇ ਨਾਟਕ ਸਾਨੂੰ ਸੋਚਣ ਲਾਉਂਦੇ, ਸਾਡੀ ਸੁੱਤੀ ਜ਼ਮੀਰ ਨੂੰ ਜਗਾਉਂਦੇ, ਸਾਨੂੰ ਖੁਸ਼ ਕਰਦੇ ਅਤੇ ਸਮਾਜ ਲਈ ਕੁੱਝ ਕਰਨ ਲਈ ਪ੍ਰੇਰਦੇ ਹਨ। ਮੇਰੇ ਵਿਚਾਰ ਅਨੁਸਾਰ ਨਾਹਰ ਆਮ ਲੋਕਾਂ ਦਾ ਨਾਟਕਕਾਰ ਹੈ ਤੇ ਉਹ ਉਹਨਾਂ ਦੇ ਮਸਲਿਆਂ ਦੇ ਹੱਲ ਲਈ ਸਥਾਪਤੀ ਦਾ ਵਿਰੋਧ ਕਰਨ ਦੀ ਜ਼ੁਰੱਅਤ ਰਖਦਾ ਹੈ। ਔਜਲਾ ਤੋਂ ਪੰਜਾਬੀ ਰੰਗ ਮੰਚ ਖਾਸ ਤੌਰ 'ਤੇ ਟੋਰਾਂਟੋ ਦੇ ਰੰਗ ਮੰਚ ਨੂੰ ਬਹੁਤ ਆਸਾਂ ਹਨ।













# ਸਿਰਫ ਅਮੀਰਾਂ ਤੱਕ ਸੀਮਤ ਹੁੰਦੀ ਜਾ ਰਹੀ ਹੈ ਮਿਆਰੀ ਸਿੱਖਿਆ

**ਪ੍ਰਿੰ. ਵਿਜੈ ਕੁਮਾਰ**

ਸਾਡੇ ਦੇਸ਼ ਦੇ ਪੈਸੇ ਪੱਖੋਂ ਸਮਰੱਥ ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਦਾਖਲ ਕਰਵਾਉਣ ਨੂੰ ਤਰਜੀਹ ਦੇ ਰਹੇ ਹਨ, ਜਿਨ੍ਹਾਂ ਵਿਚ ਉਨ੍ਹਾਂ ਦਾ ਬੱਚਾ ਟਾਈ-ਬੈਲਟ ਲਗਾ ਕੇ, ਮਹਿੰਗੀ ਵਰਦੀ ਪਾ ਕੇ, ਆਪਣੇ ਪਿੱਠ 'ਤੇ ਕਿਤਾਬਾਂ ਦਾ ਭਰਿਆ ਬੈਗ ਲੈ ਕੇ ਲੰਬੀ ਸਾਰੀ ਚਮਚਮਾਉਂਦੀ ਬੱਸ ਵਿਚ ਜਾਂਦਾ ਹੋਵੇ। ਉਨ੍ਹਾਂ ਦੀ ਸਮਝ ਅਨੁਸਾਰ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਪੜ੍ਹ ਕੇ ਹੀ ਉਨ੍ਹਾਂ ਦਾ ਬੱਚਾ ਮਿਆਰੀ ਸਿੱਖਿਆ ਹਾਸਲ ਕਰ ਸਕਦਾ ਹੈ। ਉਹ ਸਕੂਲ ਇਸ ਗੱਲ ਦਾ ਦਾਅਵਾ ਵੀ ਕਰਦੇ ਹਨ ਕਿ ਉਹ ਮਿਆਰੀ ਸਿੱਖਿਆ ਉਪਲਬਧ ਕਰਵਾਉਂਦੇ ਹਨ। ਉਨ੍ਹਾਂ ਮਾਡਲ ਸਕੂਲਾਂ ਦਾ ਇਹ ਪੱਖ ਵਧੀਆ ਹੋ ਸਕਦਾ ਹੈ ਪਰ ਇਸ ਦੇ ਨਾਲ ਜੁੜਿਆ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਲੋਕਤੰਤਰੀ ਦੇਸ਼ ਵਿਚ ਮਿਆਰੀ ਸਿੱਖਿਆ ਹਾਸਲ ਕਰਨਾ ਗਰੀਬ ਬੱਚਿਆਂ ਦਾ ਅਧਿਕਾਰ ਕਿਉਂ ਨਹੀਂ? ਇਹ ਮਿਆਰੀ ਸਿੱਖਿਆ ਉਨ੍ਹਾਂ ਮਾਪਿਆਂ ਦੇ ਬੱਚਿਆਂ ਦੇ ਹਿੱਸੇ ਹੀ ਆ ਸਕਦੀ ਹੈ ਜੋ ਵੱਡੇ ਸ਼ਹਿਰਾਂ ਵਿਚ ਇਨ੍ਹਾਂ ਸਕੂਲਾਂ ਨੂੰ ਮੋਟੀ 'ਡੋਨੇਸ਼ਨ' ਦੇ ਸਕਦੇ ਹਨ। ਇਕ ਸਾਲ ਦਾ 40-50 ਹਜ਼ਾਰ ਰੁਪਿਆ ਪੜ੍ਹਾਈ 'ਤੇ ਖਰਚ ਕਰ ਸਕਦੇ ਹਨ।

ਕੁਝ ਦਿਨ ਪਹਿਲਾਂ ਮੇਰੇ ਕਰੀਬੀ ਰਿਸ਼ਤੇ ਵਿਚੋਂ ਮੇਰੇ ਘਰ ਆਏ ਪਤੀ-ਪਤਨੀ ਇਸ ਲਈ ਪ੍ਰੇਸ਼ਾਨ ਸਨ ਕਿਉਂਕਿ ਉਹ ਆਪਣੇ ਬੱਚੇ ਦੇ ਨਰਸਰੀ ਦੇ ਦਾਖਲੇ ਲਈ ਦੋ ਲੱਖ ਰੁਪਏ 'ਡੋਨੇਸ਼ਨ' ਦਾ ਪ੍ਰਬੰਧ ਕਰਨ ਤੋਂ ਅਸਮਰੱਥ ਸਨ। ਉਂਜ ਇਹ ਪੁਣੇ ਸ਼ਹਿਰ ਦਾ ਉਹ ਮਾਡਲ ਸਕੂਲ ਹੈ ਜਿਥੇ ਅਮੀਰ ਆਦਮੀ ਆਪਣੇ ਬੱਚੇ ਨੂੰ ਦਾਖਲ ਕਰਵਾਉਣ ਦੇ ਚਾਹਵਾਨ ਨਹੀਂ ਹੁੰਦੇ ਕਿਉਂਕਿ ਉਸ ਪ੍ਰਾਈਵੇਟ ਮਾਡਲ ਸਕੂਲ ਦੀ ਸਿੱਖਿਆ ਦਾ ਪੱਧਰ ਉਨ੍ਹਾਂ ਨੂੰ ਪਸੰਦ ਨਹੀਂ। ਮੱਧਵਰਗੀ ਪਰਿਵਾਰ ਨਾਲ ਸਬੰਧਤ ਉਸ ਪਤੀ-ਪਤਨੀ ਨੂੰ ਆਪਣਾ ਬੱਚਾ ਉਸ ਸਕੂਲ ਵਿਚ ਹੀ ਦਾਖਲ ਕਰਵਾਉਣਾ ਪਿਆ ਸੀ। ਇਹ ਤਸਵੀਰ ਹੈ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਭਾਰਤ ਦੀ ਜਿਸ ਦੀ ਸਿੱਖਿਆ ਵਿਵਸਥਾ ਕੇਵਲ ਅਮੀਰ ਲੋਕਾਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਇਹ ਤਸਵੀਰ ਉਸ ਦੇਸ਼ ਦੀ ਹੈ ਜਿਸ ਦੀ ਸਿੱਖਿਆ ਪ੍ਰਣਾਲੀ ਦੁਨੀਆ ਦੇ ਦੂਜੇ ਦੇਸ਼ਾਂ ਲਈ ਰਾਹ ਦਸੇਰਾ ਹੁੰਦੀ ਸੀ। ਅੱਜ ਇਸ ਦੇਸ਼ ਦੀ ਸਿੱਖਿਆ ਵਿਵਸਥਾ ਵਪਾਰ ਬਣ ਕੇ ਰਹਿ ਗਈ ਹੈ।

ਇਸ ਆਰਥਿਕ ਮਜਬੂਰੀ ਦੀ ਕਹਾਣੀ ਕੇਵਲ ਇਕ ਪਰਿਵਾਰ ਦੀ ਨਹੀਂ, ਸਗੋਂ ਉਨ੍ਹਾਂ ਕਰੋੜਾਂ ਬੱਚਿਆਂ ਦੇ ਮਾਪਿਆਂ ਦੀ ਹੈ ਜਿਹੜੇ ਆਪਣੇ ਬੱਚਿਆਂ ਨੂੰ ਲੱਖਾਂ ਰੁਪਏ ਡੋਨੇਸ਼ਨ ਦੇ ਕੇ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਦੀ ਸਿੱਖਿਆ ਹਾਸਲ ਨਹੀਂ ਕਰਵਾ ਸਕਦੇ। ਭਾਵੇਂ ਸਾਡੇ ਦੇਸ਼ ਦੀਆਂ ਸਰਕਾਰਾਂ ਵੱਲੋਂ ਬਣਾਏ ਗਏ ਕਾਨੂੰਨਾਂ ਦੇ ਮਾਧਿਅਮ ਰਾਹੀਂ ਪ੍ਰਾਈਵੇਟ ਮਾਡਲ ਸਕੂਲਾਂ ਵੱਲੋਂ ਲਈ ਜਾ ਰਹੀ ਡੋਨੇਸ਼ਨ ਅਤੇ ਮੋਟੀਆਂ ਫੀਸਾਂ ਉਤੇ ਰੋਕ ਲਗਾਉਣ ਦੇ ਯਤਨ ਕੀਤੇ ਗਏ ਹਨ ਪਰ ਇਸ ਦੇ ਬਾਵਜੂਦ ਨਾ ਇਹ ਡੋਨੇਸ਼ਨ ਰੁਕ ਸਕੀ ਤੇ ਨਾ ਹੀ ਮੋਟੀਆਂ ਫੀਸਾਂ 'ਤੇ ਰੋਕ ਲੱਗ ਸਕੀ ਕਿਉਂਕਿ ਅਮੀਰ ਵਰਗ ਦੇ ਲੋਕ ਆਪਣੇ ਬੱਚਿਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਇਹੋ ਡੋਨੇਸ਼ਨਾਂ ਅਤੇ ਮੋਟੀਆਂ ਫੀਸਾਂ ਅਦਾ ਕਰਨ ਲਈ ਤਿਆਰ ਹਨ। ਵੱਡੇ ਸ਼ਹਿਰਾਂ ਦੇ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਪੜ੍ਹਦੇ ਬੱਚੇ ਦਾ ਇਕ ਮਹੀਨੇ ਦਾ ਖਰਚਾ ਇਕ ਗਰੀਬ ਪਰਿਵਾਰ ਦੇ ਪੂਰੇ ਮਹੀਨੇ ਦੇ ਖਰਚੇ ਦੇ ਬਰਾਬਰ ਹੁੰਦਾ ਹੈ। ਉੱਚ ਪੱਧਰ ਦੇ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਦੀ ਰਜਿਸਟ੍ਰੇਸ਼ਨ ਕਰਵਾ ਦਿੱਤੀ ਜਾਂਦੀ ਹੈ। ਦਾਖਲਿਆਂ ਦੇ ਦਿਨਾਂ ਵਿਚ ਸਕੂਲ ਦਾ ਪ੍ਰਾਸਪੈਕਟਸ ਲੈਣ ਲਈ ਬੱਚਿਆਂ ਦੇ ਮਾਂ-ਬਾਪ ਸਵੇਰੇ ਚਾਰ ਵਜੇ ਕਤਾਰ ਵਿਚ ਖੜ੍ਹੇ ਹੋ ਜਾਂਦੇ ਹਨ। ਦਾਖਲਾ ਲੈਣ ਵਾਲੇ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਬੱਚਿਆਂ ਨੂੰ ਦਾਖਲਾ ਦੇਣ ਲਈ ਉਨ੍ਹਾਂ ਦੀ ਲਾਟਰੀ ਕੱਢੀ ਜਾਂਦੀ ਹੈ। ਜਿਸ ਦੇ ਬੱਚੇ ਨੂੰ ਦਾਖਲਾ ਮਿਲ ਜਾਂਦਾ ਹੈ, ਉਹ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਦੀ ਮਨਮਰਜ਼ੀ ਦੀ ਫੀਸ ਦੇਣ ਦੇ ਬਾਵਜੂਦ ਆਪਣੇ-ਆਪ ਨੂੰ ਦੁਨੀਆ ਦਾ ਸਭ ਤੋਂ ਵੱਧ ਕਿਸਮਤ ਵਾਲਾ ਇਨਸਾਨ ਸਮਝਣ ਲੱਗ ਪੈਂਦਾ ਹੈ। ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲੇ ਲੋਕ ਆਪਣੇ ਬੱਚਿਆਂ ਨੂੰ ਆਪਣੀ ਮਨਪਸੰਦ ਦੇ ਸਕੂਲ ਵਿਚ ਦਾਖਲ ਕਰਵਾਉਣ ਲਈ ਵਿਧਾਇਕਾਂ ਅਤੇ ਮੰਤਰੀਆਂ ਦੀਆਂ ਸਿਫ਼ਾਰਸ਼ਾਂ ਵੀ ਪੁਆਉਂਦੇ ਹਨ।

ਅਮੀਰ ਅਤੇ ਪੈਸੇ ਪੱਖੋਂ ਰੱਜੇ-ਪੁੱਜੇ ਲੋਕ ਆਪਣੇ ਬੱਚਿਆਂ ਨੂੰ ਰੁਜ਼ਗਾਰ ਨਾ ਮਿਲਣ ਦੀ ਸਥਿਤੀ ਵਿਚ ਸਕੂਲ ਖੋਲ੍ਹ ਦਿੰਦੇ ਹਨ, ਕਿਉਂਕਿ ਉਨ੍ਹਾਂ ਦੀ ਸੋਚ ਅਨੁਸਾਰ ਪ੍ਰਾਈਵੇਟ ਸਕੂਲ ਚੋਖੇ ਪੈਸੇ ਕਮਾਉਣ ਦਾ ਚੰਗਾ ਸਾਧਨ ਹੈ। ਬੇਰੁਜ਼ਗਾਰੀ ਦੇ ਮਾਰੇ ਯੂਨੀਵਰਸਿਟੀਆਂ ਤੋਂ ਗੋਲਡ ਮੈਡਲਿਸਟ ਮੁੰਡੇ-ਕੁੜੀਆਂ ਇਨ੍ਹਾਂ ਪ੍ਰਾਈਵੇਟ ਮਾਡਲ ਸਕੂਲਾਂ ਵਿਚ ਥੋੜ੍ਹੀਆਂ

(ਬਾਕੀ ਸਫ਼ਾ 11 'ਤੇ)

